

# ਧਰਮ ਦੀ ਜਾਤਰਾ

ਸਿੰਘ ਸਾਹਿਬ
ਗਿਆਨੀ ਜਸਵੰਤ ਸਿੰਘ ਪ੍ਰਵਾਨਾ

Sri Satguru Jagjit Singh Ji eLibrary NamdhariElibrary@gmail.com

DHARAM DI YATRA
by Giani Jaswant Singh Parwana

*ਇਸੇ ਕਲਮ ਤੋਂ :*

- ਧਰਮ ਕਲਾ
- ਧਰਮ ਦੀ ਚਾਦਰ
- ਦੋ ਦੀਵੇ ਇਕ ਜੋਤ
- ਗੁਰਪੁਰਬ ਗਾਥਾਵਾਂ
- ਬਹੀਐ ਪੜਿਆ ਪਾਸਿ
- ਮੈ ਤੁਧੁ ਆਗੈ ਅਰਦਾਸਿ
- ਗੁਣੀ ਨਿਧਾਨ ਖ਼ਾਲਸਾ
- ਅੰਜਨਿ ਮਾਹਿ ਨਿਰੰਜਨ ਪਾਵੈ
- ਜੀਵਨ ਸੰਤ ਪ੍ਰੇਮ ਸਿੰਘ ਮੁਰਾਲਾ

Published by New Book Co., Mai Hiran Gate, Jalandhar-144008
Ph. : 0181-2280045, 2284325, 3293190

ISBN 81-87476-40-0

ਪਹਿਲੀ ਵਾਰ : 1988 ; ਦੂਜੀ ਵਾਰ : 1993 ;
ਤੀਜੀ ਵਾਰ : 1999; ਚੌਥੀ ਵਾਰ : 2004 ; ਪੰਜਵੀਂ ਵਾਰ : 2007

ਮੁੱਲ : 85 ਰੁਪਏ

| | |
|---|---|
| ਪ੍ਰਕਾਸ਼ਕ | ਮਹਿਤਾਬ ਸਿੰਘ,<br>ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।<br>Ph. : 2280045, 3293190, 2284325<br>Fax : 0181-2234081<br>E-mail : contact@newbookcompany.com<br>Website : www.newbookcompany.com |
| ਟਾਈਪ ਸੈਟਿੰਗ | ਸਟਾਰ ਪਲੱਸ, ਨਰਾਇਣ ਨਗਰ, ਬਸਤੀ ਸ਼ੇਖ ਰੋਡ, ਜਲੰਧਰ। |
| ਛਾਪਕ | ਸਰਤਾਜ ਪ੍ਰਿੰਟਿੰਗ ਪ੍ਰੈਸ, ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ। |


ri Satguru Jagjit Singh Ji eLibrary NamdhariElibrary@gmail.com

# ਤਤਕਰਾ


| | | |
|---|---|---|
| 1. | ਅਨੋਖੀ ਯਾਤਰਾ | 13–30 |
| 2. | ਸੱਚ | 31-38 |
| 3. | ਹੁਕਮ | 39-45 |
| 4. | ਮਾਇਆ ਦੀ ਖਿੱਚ | 46-52 |
| 5. | ਕਰਨੀ ਪ੍ਰਧਾਨ | 53-58 |
| 6. | ਪਰਾਈ ਤਾਤ | 59-65 |
| 7. | ਆਲਸੀ | 66-72 |
| 8. | ਜੈਸੀ ਦ੍ਰਿਸ਼ਟੀ ਤੈਸੀ ਸ੍ਰਿਸ਼ਟੀ | 73-82 |
| 9. | ਪੁਜਾਰੀ | 83-91 |
| 10. | ਸ਼ੁਕਰਾਨਾ | 92-101 |
| 11. | ਰੋਜ਼ੀ ਤੇ ਰਾਜ਼ਕ | 102-112 |
| 12. | ਮਿੱਠ ਬੋਲੜਾ | 113-124 |
| 13. | ਹੈ ਤਉ ਸਹੀ ਲਖੈ ਜਉ ਕੋਈ | 125-135 |
| 14. | ਸ਼ਬਦ ਗੁਰੂ | 136-148 |
| 15. | ਸਨਮੁਖ-ਮਨਮੁਖ | 149-154 |
| 16. | ਭਉ ਦਾ ਬੇੜਾ | 155-160 |








Sri Satguru Jagjit Singh Ji eLibrary NamdhariElibrary@gmail.com

# ਦੋ ਅੱਖਰ

ਜੀਵਨ ਇਕ ਯਾਤਰਾ ਹੈ, ਜੀਵ ਯਾਤਰੀ ਹੈ। ਯਾਤਰਾ ਕਿਸੇ ਥਾਂ ਤੋਂ ਅਰੰਭ ਹੁੰਦੀ ਹੈ ਅਤੇ ਫਿਰ ਕਿਸੇ ਥਾਂ ਤੇ ਜਾ ਕੇ ਸੰਪੂਰਨ ਹੁੰਦੀ ਹੈ।

ਜੀਵਨ ਯਾਤਰਾ ਦਾ ਆਦਿ ਜਨਮ ਹੀ ਹੈ ਅਤੇ ਅੰਤ ਮਰਨ ਹੈ। ਜਨਮ ਤਾਂ ਸਾਰਿਆਂ ਦਾ ਇਕੋ ਜੈਸਾ ਹੈ ਪਰ ਮਰਨ ਇਕ ਨਹੀਂ ਹੈ। ਜੰਮਦੇ ਤਾਂ ਸਾਰੇ ਹੀ ਸ਼ੂਦਰ ਨੇ ਪਰ ਮਰਨ ਲੱਗਿਆਂ ਕੋਈ ਛਤ੍ਰੀ ਹੈ, ਕੋਈ ਵੈਸ਼ ਹੈ ਅਤੇ ਕਦੀ ਕਦਾਈਂ ਕੋਈ ਬ੍ਰਹਮਵੇਤਾ ਬ੍ਰਾਹਮਣ ਹੋ ਕੇ ਮਰਦਾ ਹੈ। ਇਹ ਮਰਨ, ਜੀਵਨ ਯਾਤਰਾ ਦੀ ਸੰਪੂਰਨਤਾ ਹੈ ਅਤੇ ਇਹ ਹੀ ਧਰਮ ਦੀ ਯਾਤਰਾ ਹੈ।

ਬ੍ਰਹਮਵੇਤਾ ਹੋ ਕੇ ਜਦ ਕੋਈ ਮਰਦਾ ਹੈ ਉਹ ਹੁਣ ਯਾਤਰੀ ਨਹੀਂ ਰਿਹਾ। ਉਹ ਹੁਣ ਆਪਣੇ ਟਿਕਾਣੇ ਪਹੁੰਚ ਗਿਆ। ਪਰ ਸ਼ੂਦਰ ਦੀ ਤਰ੍ਹਾਂ ਜੰਮਣਾ ਅਤੇ ਸ਼ੂਦਰ ਦੀ ਤਰ੍ਹਾਂ ਹੀ ਮਰ ਜਾਣਾ, ਇਹ ਜੀਵਨ ਯਾਤਰਾ ਦੀ ਨਿਸਫ਼ਲਤਾ ਹੈ ਅਤੇ ਫਿਰ ਇਹ ਯਾਤਰਾ ਜਾਰੀ ਰਹੇਗੀ।

*ਜਮਿ ਜਮਿ ਮਰੈ ਮਰੈ ਫਿਰ ਜੰਮੈ॥*
*ਬਹੁਤੁ ਸਜਾਇ ਪਇਆ ਦੇਸਿ ਲੰਮੈ॥*

—ਮਾਰੂ ਮ: ੫, ਪੰਨਾ ੧੦੨੦

ਨਾਦਾਨ ਹੈ ਉਹ ਯਾਤਰੀ ਜੋ ਆਪਣੀ ਯਾਤਰਾ ਲੰਬੀ ਕਰੇ। ਸ਼ੂਦਰ ਆਪਣੀ ਜੀਵਨ ਯਾਤਰਾ ਲੰਬੀ ਕਰ ਲੈਂਦਾ ਹੈ। ਸ਼ੂਦਰ ਤੇ ਬ੍ਰਾਹਮਣ ਕੋਈ ਵਰਨ ਨਹੀਂ ਹੈ, ਜੀਵਨ ਦਾ ਆਦਿ ਤੇ ਅੰਤ ਹੈ।

ਆਦਿ ਸਾਰਿਆਂ ਦਾ ਇਕੋ ਜਿਹਾ ਹੈ ਪਰ ਅੰਤ ਕਤਈਂ ਇਕੋ ਜਿਹਾ ਨਹੀਂ ਹੋ ਸਕਦਾ। ਇਹ ਯਾਤਰਾ ਕਿਵੇਂ ਸੰਪੂਰਨ ਹੋਵੇ ਅਰ ਲੰਬੇ ਗੇੜ ਤੋਂ ਜੀਵ ਕਿਵੇਂ ਬਚੇ। ਇਸ ਦਾ ਸਮਾਧਾਨ ਗੁਰਬਾਣੀ ਵੀਚਾਰਾਂ ਦੁਆਰਾ ਸਿੰਘ ਸਾਹਿਬ ਗਿ: ਜਸਵੰਤ ਸਿੰਘ ਪ੍ਰਵਾਨਾ ਨੇ 'ਧਰਮ ਦੀ ਯਾਤਰਾ' ਨਾਮਕ ਇਸ ਪੁਸਤਕ ਵਿਚ ਬੜੇ ਸੁਚੱਜੇ ਢੰਗ ਨਾਲ ਉਜਾਗਰ ਕੀਤਾ ਹੈ। ਜੀਵਨ ਯਾਤਰਾ ਵਿਚ ਇਹ ਪੁਸਤਕ ਰਹਿਨੁਮਾਈ ਕਰੇਗੀ। ਮੇਰੀ ਸ਼ੁਭਕਾਮਨਾ ਹੈ ਕਿ ਪਾਠਕ ਜਨ ਇਸ ਪੁਸਤਕ ਤੋਂ ਅਧਿਆਤਮਕ ਗਿਆਨ ਲੈਣ ਦਾ ਪੂਰਾ ਲਾਭ ਉਠਾ ਸਕਣਗੇ।

**—ਗਿਆਨੀ ਸੰਤ ਸਿੰਘ ਮਸਕੀਨ**

ਸੀਸ ਗਰਾਂ, ਅਲਵਰ (ਰਾਜਸਥਾਨ)

Sri Satguru Jagjit Singh Ji eLibrary NamdhariElibrary@gmail.com

# ਧਰਮ ਦੀ ਯਾਤਰਾ ਦੀਆਂ ਗੱਲਾਂ

*ਗਰਦ ਆਲੂਦ ਜਿਸਮ ਜੋਸ਼ੋ ਅਜ਼ਮ ਚਿਹਰੇ ਪਰ।*
*ਕੋਈ ਰਾਹਰੌ ਹੈ ਜਿਸੇ ਜੁਸਤਜੂ ਹੈ ਮੰਜ਼ਿਲ ਕੀ।*

ਸਾਰੇ ਸਰੀਰ ਤੇ ਮਿੱਟੀ ਘੱਟਾ ਪ੍ਰੰਤੂ ਚਿਹਰੇ ਉਪਰ ਉਤਸ਼ਾਹ ਅਤੇ ਦ੍ਰਿੜਤਾ। ਇਸ ਤੋਂ ਪਤਾ ਲੱਗਦਾ ਹੈ ਕਿ ਚੱਲਣ ਵਾਲਾ ਮੰਜ਼ਿਲ ਦਾ ਖੋਜੀ ਹੈ। ਅਜਿਹੇ ਖੋਜੀ ਮੰਜ਼ਿਲ ਪਾ ਲੈਂਦੇ ਨੇ। ਧਰਮ ਦੀ ਯਾਤਰਾ ਵਾਲਿਆਂ ਦੀ ਮੰਜ਼ਿਲ ਹੈ, ਸਹਜ-ਘਰ—

*ਗੁਰਮੁਖਿ ਸਚਾ ਪੰਥ ਹੈ, ਸਿਖ ਸਹਜ ਘਰ ਜਾਇ ਖਲੋਵੈ॥*

—ਭਾਈ ਗੁਰਦਾਸ ਜੀ

ਇਸ ਮਾਰਗ ਦਾ ਰਾਹੀ ਮੰਜ਼ਿਲ ਤੋਂ ਉਰੇ ਨਹੀਂ ਰੁਕਦਾ, ਸਹਜ-ਘਰ ਜਾ ਕੇ ਹੀ ਖਲੋਂਦਾ ਹੈ। ਗਿਆਨੀ ਜਸਵੰਤ ਸਿੰਘ ਪ੍ਰਵਾਨਾ ਜੀ ਵੀ ਇਸੇ ਮੰਜ਼ਿਲ ਦੇ ਰਾਹੀ ਨੇ। ਲੱਛਣਾਂ ਤੋਂ ਪ੍ਰਗਟ ਹੁੰਦਾ ਹੈ ਕਿ ਧਰਮ-ਮਾਰਗ ਦੀ ਯਾਤਰਾ ਜਾਰੀ ਹੈ।

ਇਕ ਰੌਚਕ ਵਾਰਤਾ ਹੈ—ਇਕ ਸਿਆਣਾ ਮਨੁੱਖ ਆਪਣੇ ਜਵਾਨ ਲੜਕੇ ਨਾਲ ਯਾਤਰਾ ਕਰ ਰਿਹਾ ਸੀ। ਸਵੇਰ ਦੇ ਤੁਰੇ ਹੋਏ, ਦੁਪਹਿਰ ਹੋ ਗਈ। ਲੜਕੇ ਨੇ ਪੁੱਛਿਆ, 'ਬਾਪੂ, ਅੱਜ ਹੋਰ ਕਿੰਨਾ-ਕੁ ਚਲਣਾ ਹੈ ਤੇ ਕਦੋਂ ਤੱਕ ਪੁਜਾਂਗੇ?' ਸਿਆਣਾ ਕਹਿਣ ਲੱਗਾ, 'ਪੁੱਤਰਾ ਦਸ ਕੋਹ ਆ ਗਏ ਹਾਂ, ਬਾਰਾਂ ਹੋਰ ਚਲਣਾ ਹੈ ਤੇ ਸੂਰਜ ਢਲਦੇ ਤੱਕ ਪੁੱਜ ਜਾਵਾਂਗੇ।' ਲੜਕਾ ਘਬਰਾ ਕੇ ਕਹਿਣ ਲੱਗਾ, ''ਕਿਵੇਂ ਪੁੱਜਾਂਗੇ ? ਔਖਾ ਹੈ।' ਬਜ਼ੁਰਗ ਨੇ ਉੱਤਰ ਦਿੱਤਾ, 'ਘਬਰਾ ਨਾ, ਛੇ ਕੋਹ ਮੈਂ ਤੈਨੂੰ ਚੁੱਕੀ ਚੱਲਾਂਗਾ, ਛੇ ਕੋਹ ਤੂੰ ਮੈਨੂੰ ਚੁੱਕੀ ਚੱਲੀਂ।

'ਇਕ ਦੂਜੇ ਨੂੰ ਚੁੱਕ ਕੇ ਤੁਰਨਾ ਕੋਈ ਸੌਖਾ ਏ ? ਲੜਕੇ ਨੇ ਪੁੱਛਿਆ।

'ਤੂੰ ਸਮਝਿਆ ਨਹੀਂ ਪੁੱਤਰਾ ! ਮੇਰਾ ਭਾਵ ਹੈ ਕਿ ਛੇ ਕੋਹ ਮੈਂ ਗੱਲਾਂ ਸੁਣਾਵਾਂਗਾ, ਤੂੰ ਸੁਣਦਾ ਜਾਈਂ! ਫਿਰ ਛੇ ਕੋਹ ਤੂੰ ਗੱਲਾਂ ਸੁਣਾਈਂ, ਮੈਂ ਸੁਣਾਂਗਾ, ਰਾਹ ਦਾ ਪਤਾ ਵੀ ਨਹੀਂ ਲੱਗਣਾ।' ਸਿਆਣੇ ਨੇ ਸਮਝਾਇਆ।

ਪਿੱਛੇ ਇਕ ਸਾਧੂ ਆ ਰਿਹਾ ਸੀ। ਉਸ ਨੇ ਸੁਣਿਆ ਤੇ ਕਹਿਣ ਲੱਗਾ, ਦੇਖਣਾ, ਗੱਲਾਂ-ਬਾਤਾਂ ਵਿਚ ਕਿਧਰੇ ਰਾਹ ਨਾ ਭਟਕ ਜਾਣਾ। ਗੱਲਾਂ ਕਰੋ, ਪ੍ਰੰਤੂ ਰਾਹ ਦੀਆਂ ਜਾਂ ਮੰਜ਼ਿਲ ਦੀਆਂ।

'ਧਰਮ ਦੀ ਯਾਤਰਾ' ਵੀ ਗੱਲਾਂ ਨੇ ਧਰਮ-ਮਾਰਗ ਦੀਆਂ ਅਤੇ ਮੰਜ਼ਿਲ ਦੀਆਂ। ਯਾਤਰਾ ਸੁਖੈਨ ਹੋ ਜਾਵੇ, ਰਾਹ ਭਟਕੇ ਬਿਨਾਂ।

**ਗੁਰਪੁਰਵਾਸੀ ਗਿਆਨੀ ਜਗਜੀਤ ਸਿੰਘ ਸਿਦਕੀ**
ਪ੍ਰਿੰਸੀਪਲ ਗੁਰਮਤਿ ਗਿਆਨ ਪ੍ਰਕਾਸ਼ ਮਿਸ਼ਨਰੀ ਕਾਲਜ,
ਜਵੱਦੀ, ਲੁਧਿਆਣਾ।


Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਕੁਝ ਪੁਸਤਕ ਬਾਰੇ

ਇਕ ਦਿਨ ਬੱਸ ਵਿਚ ਬੈਠਿਆਂ ਬੱਸ ਵਿਚ ਲਿਖੇ ਅੱਖਰ ਮੈਂ ਪੜ੍ਹੇ। ਲਿਖਿਆ ਸੀ, 'ਪ੍ਰਮਾਤਮਾ ਤੁਹਾਡੀ ਯਾਤਰਾ ਸਫ਼ਲ ਕਰੇ।' ਇਸ ਦਾ ਭਾਵ ਸਪੱਸ਼ਟ ਸੀ ਕਿ ਜਿੱਥੇ ਜਿੱਥੇ ਤੁਸੀਂ ਜਾਣਾ ਹੈ ਪਹੁੰਚ ਜਾਵੋ ਅਤੇ ਜਿਸ ਕੰਮ ਲਈ ਜਾ ਰਹੇ ਹੋ ਉਹ ਪੂਰਾ ਹੋ ਜਾਵੇ।

ਪਤਾ ਨਹੀਂ ਕਿੰਨੇ ਵਪਾਰੀ ਇਸ ਬੱਸ ਵਿਚ ਹੋਣਗੇ ਜਿਨ੍ਹਾਂ ਦਾ ਮਕਸਦ ਹੋਵੇਗਾ ਕਿ ਸਮੇਂ ਸਿਰ ਪੁੱਜ ਕੇ ਮੰਡੀ ਵਿਚੋਂ ਮਾਲ ਖਰੀਦ ਲਈਏ। ਉਨ੍ਹਾਂ ਦੀ ਯਾਤਰਾ ਦੀ ਸਫ਼ਲਤਾ ਹੈ ਧੰਨ ਕਮਾਉਣਾ। ਇਕ ਸੱਜਣ ਕਹਿ ਰਿਹਾ ਸੀ, ਮੇਰੀ ਤਰੀਕ ਹੈ ਬੱਸ ਲੇਟ ਹੋ ਗਈ ਤਾਂ ਮੇਰਾ ਨੁਕਸਾਨ ਹੋ ਜਾਵੇਗਾ। ਮੈਂ ਮੁਕੱਦਮਾ ਨਾ ਹਾਰ ਜਾਵਾਂ। ਉਸ ਦੀ ਯਾਤਰਾ ਦੀ ਸਫ਼ਲਤਾ ਹੈ ਮੁਕੱਦਮਾ ਜਿੱਤਣਾ। ਇਕ ਸੱਜਣ ਕਹਿ ਰਿਹਾ ਸੀ ਕਿ ਕੋਈ ਸੰਬੰਧੀ ਚੜ੍ਹਾਈ ਕਰ ਗਿਆ ਹੈ, ਹੈ ਤਾਂ ਦੂਰ ਦੀ ਰਿਸ਼ਤੇਦਾਰੀ ਪਰ ਲੋਕ ਲਾਜ ਲਈ ਜਾਣਾ ਹੀ ਪੈਣਾ ਹੈ। ਚੰਗਾ ਹੀ ਹੈ ਸਸਕਾਰ ਤੋਂ ਪਹਿਲੇ ਪੁੱਜ ਜਾਵਾਂ, ਇੱਜ਼ਤ ਰਹਿ ਜਾਵੇ। ਇਹਦੀ ਯਾਤਰਾ ਦੀ ਸਫ਼ਲਤਾ ਹੈ ਲੋਕ ਲਾਜ। ਹਰ ਬੰਦੇ ਦਾ ਮਨੋਰਥ ਵੱਖਰਾ-ਵੱਖਰਾ ਹੈ। ਇਕ ਸੱਜਣ ਇਹ ਵੀ ਕਹਿ ਰਹੇ ਸਨ ਕਿ ਮੈਂ ਹਜ਼ੂਰ ਸਾਹਿਬ ਜਾਣਾ ਹੈ, ਸਮੇਂ ਨਾਲ ਬੱਸ ਪੁੱਜ ਜਾਏ ਅੱਗੋਂ ਮੈਂ ਟਰੇਨ ਪਕੜਨੀ ਹੈ। ਲੋਕ ਕਹਿਣ ਲੱਗ ਪਏ ਤੂੰ ਧਰਮ ਦੀ ਯਾਤਰਾ ਜਾ ਰਿਹਾ ਹੈਂ।

ਇਕ ਬੱਸ ਵਿਚ ਹੀ ਵੱਖ-ਵੱਖ ਯਾਤਰੀ ਹੈਣ, ਮੈਨੂੰ ਖਿਆਲ ਆਇਆ ਸੰਸਾਰ ਵੀ ਇਕ ਗੱਡੀ ਵਾਂਗ ਹੈ। ਯਾਤਰੀ ਸਫ਼ਰ ਕਰ ਰਹੇ ਹਨ ਪਰ ਧਰਮ ਦੇ ਯਾਤਰੀ ਬਹੁਤ ਘੱਟ ਹਨ, ਧਨ ਦੇ ਯਾਤਰੀ ਬਹੁਤ ਹਨ। ਧਨ ਦੇ ਯਾਤਰੀ ਦਾ ਮਕਸਦ ਹੈ ਕਿ ਮੇਰਾ ਘਰ ਧਨ ਦੇ ਨਾਲ ਭਰਪੂਰ ਹੋ ਜਾਏ। ਧਰਮ ਦੇ ਯਾਤਰੀ ਦਾ ਮਨੋਰਥ ਹੈ ਕਿ ਮੈਨੂੰ ਪਰਮਾਤਮਾ ਮਿਲੇ।

ਅਫ਼ਸੋਸ ਹੈ ਕਿ ਜਨਮ ਤੋਂ ਚੱਲ ਕੇ ਜੀਵਨ ਗੱਡੀ ਬੁਢਾਪੇ ਤੱਕ ਆ ਜਾਂਦੀ ਹੈ। ਅੱਗੇ ਮੌਤ ਦੇ ਦਰਸ਼ਨ ਤਾਂ ਹੁੰਦੇ ਹਨ, ਪ੍ਰਮਾਤਮਾ ਦੇ ਨਹੀਂ। ਇਹ ਧਰਮ ਦਾ ਯਾਤਰੀ ਪ੍ਰਮਾਤਮਾ ਤੱਕ ਕਿਵੇਂ ਪੁੱਜੇ। ਇਹ ਮੈਂ ਨਿਮਾਣਾ ਜਿਹਾ ਯਤਨ ਕੀਤਾ ਹੈ। ਪਹਿਲੀ ਪੁਸਤਕ 'ਧਰਮ ਦੀ ਚਾਦਰ' ਲਿਖੀ ਸੀ। ਗੁਰਮਤਿ ਅਵਲੰਭੀਆਂ ਵੱਲੋਂ ਕਾਫ਼ੀ ਪਿਆਰ ਮਿਲਿਆ। ਮੈਨੂੰ ਉਤਸ਼ਾਹ ਮਿਲਿਆ ਕਿ ਮੈਂ ਇਹ ਕਿਤਾਬ 'ਧਰਮ ਦੀ ਯਾਤਰਾ' ਲਿਖਾਂ।

ਕੁਝ ਪ੍ਰੇਮੀ ਬੱਚੇ ਮੈਨੂੰ ਕਹਿੰਦੇ ਸਨ ਸਾਨੂੰ ਬਹੁਤੀਆਂ ਗੂੜ ਗੱਲਾਂ ਤਾਂ ਸਮਝ ਵਿਚ ਨਹੀਂ ਆਉਂਦੀਆਂ। ਜਦੋਂ ਤੁਸੀਂ ਕਹਿੰਦੇ ਹੋ ਇਕ ਗਾਥਾ ਚੇਤੇ ਆਈ ਤਾਂ ਬੜਾ ਅਨੰਦ ਆਉਂਦਾ ਹੈ। ਇਸ ਲੋੜ ਨੂੰ ਮੁੱਖ ਰੱਖਦਿਆਂ ਕਾਫ਼ੀ ਕਥਾਵਾਂ, ਕਹਾਣੀਆਂ

ਜੋ ਕਿ ਮੂਲ ਵਿਸ਼ੇ ਨੂੰ ਸਪੱਸ਼ਟ ਕਰਨ ਵਿਚ ਸਹਾਇਕ ਹੋਣ ਲਿਖ ਦਿੱਤੀਆਂ ਹਨ। ਮੈਂ ਕੋਈ ਕਹਾਣੀਕਾਰ ਨਹੀਂ। ਇਹ ਕਥਾਵਾਂ ਕੁਝ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ, ਕੁਝ ਹੋਰ ਗ੍ਰੰਥਾਂ ਵਿਚੋਂ, ਕੁਝ ਸੁਣੀਆਂ ਸੁਣਾਈਆਂ ਲਿਖ ਦਿੱਤੀਆਂ ਹਨ। ਜਿਵੇਂ ਹਰ ਲੇਖਕ ਨੂੰ ਅਧਿਕਾਰ ਹੈ ਕਿ ਪਹਿਲੇ ਹੋਈਆਂ ਘਟਨਾਵਾਂ ਕਥਾ ਕਹਾਣੀਆਂ ਉਹ ਲਿਖੇ। ਇਸੇ ਅਧਿਕਾਰ ਨੂੰ ਮੈਂ ਵਰਤਿਆ ਹੈ। ਜਿਨ੍ਹਾਂ ਗ੍ਰੰਥਾਂ ਵਿਚੋਂ ਇਹ ਪੜ੍ਹੀਆਂ, ਜਿਨ੍ਹਾਂ ਤੋਂ ਸੁਣੀਆਂ ਮੈਂ ਸਾਰੇ ਵਿਦਵਾਨਾਂ ਦਾ ਧੰਨਵਾਦੀ ਹਾਂ।

'ਧਰਮ ਦੀ ਯਾਤਰਾ' ਬਾਰੇ ਇਕ ਖਾਸ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਜਿਸ ਦੇ ਆਧਾਰਿਤ ਇਹ ਪੁਸਤਕ ਹੈ। ਅਸੀਂ ਅਵਗੁਣਾਂ ਤੋਂ ਚੱਲ ਕੇ ਗੁਣਾਂ ਤੱਕ ਪਹੁੰਚਣਾ ਹੈ। ਜਦੋਂ ਸਾਡੇ ਵਿਚ ਗੁਣ ਆ ਗਏ ਫੇਰ ਅਸੀਂ ਗੁਣੀ ਨਿਧਾਨ ਤੱਕ ਪੁੱਜ ਜਾਵਾਂਗੇ। ਬਾਹਰ ਦੀ ਯਾਤਰਾ ਪੈਦਲ, ਟਰੇਨ ਜਾਂ ਜਹਾਜ਼ ਤੇ ਕਰ ਸਕਦੇ ਹਾਂ ਪਰ ਇਹ ਧਰਮ ਦੀ ਯਾਤਰਾ ਅਸੀਂ ਸੁਰਤਿ ਕਰਕੇ ਕਰਨੀ ਹੈ। ਸੁਰਤਿ ਵਿਚ ਅਵਗੁਣ ਹਨ ਤਾਂ ਬੰਦਾ ਬੇਸ਼ੱਕ ਗੰਗਾ ਨੂੰ ਤੁਰਿਆ ਹੈ ਉਹ ਨਹੀਂ ਪੁੱਜ ਸਕੇਗਾ। ਰਸਤੇ ਵਿਚ ਕਿਸੇ ਦੀ ਚੋਰੀ ਕਰ ਲਈ, ਰਸਤੇ ਵਿਚ ਕਿਸੇ ਨੂੰ ਮਾਰ ਦਿੱਤਾ। ਚੱਲਿਆ ਤਾਂ ਗੰਗਾ ਨੂੰ ਸੀ ਪਰ ਪਹੁੰਚ ਜਾਏਗਾ ਕਿਸੇ ਜੇਲ੍ਹ ਵਿਚ।

ਪਰ ਯਾਤਰੀ ਮਿੱਠੇ ਸੁਭਾਅ ਦਾ ਹੋਵੇ, ਸੇਵਾ ਭਾਵ ਵਾਲਾ ਹੋਵੇ, ਨਿਤਨੇਮੀ ਹੋਵੇ, ਧਰਮੀ ਹੋਵੇ, ਸੰਤੋਖੀ ਹੋਵੇ, ਭਾਣਾ ਮੰਨਣ ਵਾਲਾ ਹੋਵੇ, ਸ਼ੁਕਰ ਗੁਜ਼ਾਰ ਹੋਵੇ, ਸਿਮਰਨ ਵਾਲਾ ਹੋਵੇ, ਪਰਉਪਕਾਰੀ ਹੋਵੇ, ਰੱਬ ਦੇ ਭੈ ਵਾਲਾ ਹੋਵੇ, ਐਸੇ ਯਾਤਰੀ ਨਾਲ ਤਾਂ ਅਨੇਕਾਂ ਹੋਰ ਤੁਰ ਪੈਣਗੇ। ਉਹ ਆਪ ਹੀ ਨਹੀਂ ਪਹੁੰਚੇਗਾ ਸਗੋਂ ਉਸ ਦੇ ਨਾਲ ਹੋਰ ਅਨੇਕਾਂ ਪੁੱਜ ਜਾਣਗੇ।

ਧਰਮ ਦਾ ਯਾਤਰੀ ਜਾ ਰਿਹਾ ਹੈ, ਹਜ਼ੂਰ ਸਾਹਿਬ, ਪਟਨਾ ਸਾਹਿਬ, ਅਨੰਦਪੁਰ ਸਾਹਿਬ, ਮੂੰਹ ਵਿਚ ਗਾਲੀਆਂ ਹੋਣ, ਹੱਥ ਕਿਸੇ ਦੀ ਜੇਬ ਵਿਚ ਹੋਣ ਸ਼ੋਭਾ ਨਹੀਂ ਦਿੰਦਾ।

ਮਨੁੱਖ ਦਾ ਧਰਮ ਹੈ ਪ੍ਰਮਾਤਮਾ ਵਿਚ ਅਭੇਦ ਹੋਣਾ। ਪ੍ਰਮਾਤਮਾ ਦੀ ਪ੍ਰਾਪਤੀ ਸ਼ੁਭ ਗੁਣ ਧਰਮ ਦੇ ਯਾਤਰੀ ਲਈ ਸਫਰ ਖ਼ਰਚ ਹੈਣ। ਧਰਮ ਦਾ ਯਾਤਰੀ ਸ਼ੁਭ ਗੁਣਾਂ ਨਾਲ ਸ਼ੋਭਦਾ ਹੈ। ਉਨ੍ਹਾਂ ਕੁਝ ਸ਼ੁਭ ਗੁਣਾਂ ਦੀ ਵਿਆਖਿਆ ਇਸ ਪੁਸਤਕ ਵਿਚ ਕਰਨ ਦਾ ਯਤਨ ਕੀਤਾ ਹੈ। ਉਮੀਦ ਹੈ ਸੰਗਤਾਂ ਪ੍ਰਵਾਨ ਕਰਨਗੀਆਂ। ਜੇਕਰ ਸਤਿਗੁਰੂ ਤੇ ਸੰਗਤਾਂ ਦਾ ਸਿਰ ਤੇ ਹੱਥ ਰਿਹਾ ਤਾਂ ਸ਼ਾਇਦ ਛੇਤੀ ਹੀ ਕੋਈ ਹੋਰ ਪੁਸਤਕ ਸੰਗਤਾਂ ਤੱਕ ਪਹੁੰਚਾ ਸਕਾਂ, ਭੁੱਲਾਂ ਦੀ ਖ਼ਿਮਾਂ।

ਗੁਰੂ ਪੰਥ ਦਾ ਦਾਸ
**ਗਿਆਨੀ ਜਸਵੰਤ ਸਿੰਘ ਪ੍ਰਵਾਨਾ**
ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com

# ਧਰਮ ਦੀ ਯਾਤਰਾ ਪੁਸਤਕ ਦੀ ਤੀਸਰੀ ਐਡੀਸ਼ਨ ਬਾਰੇ ਦੋ ਸ਼ਬਦ

ਗੁਰੂ ਅਰਜਨ ਦੇਵ ਜੀ ਗਾਥਾ ਬਾਣੀ ਵਿਚ ਉਚਾਰਦੇ ਹਨ–

*ਪਰਮਾਣੋ ਪਰਜੰਤ ਅਕਾਸਹ ਦੀਪ ਲੋਅ ਸਿਖੰਡਣਹ।*

*ਗਛੇਣ ਨੈਣ ਭਾਰੇਣ ਨਾਨਕ, ਬਿਨਾ ਸਾਧੂ ਨ ਸਿਧ੍ਯਤੇ।*

ਸਤਿਗੁਰੂ ਫਰਮਾਉਂਦੇ ਹਨ ਜੇ ਮਨੁੱਖ ਅਤ ਛੋਟਾ ਅਣੂ ਬਣਕੇ ਆਕਾਸ਼ਾਂ ਤੱਕ ਸਾਹੇ ਦੀਆਂ ਲੋਆਂ ਅਤੇ ਪਹਾੜਾਂ ਉੱਪਰ ਅੱਖ ਦੇ ਫੋਰ ਵਿਚ ਹੋ ਆਵੇ ਇਤਨੀ ਸਿੱਧੀ ਹੁੰਦਿਆਂ ਵੀ ਗੁਰੂ ਤੋਂ ਬਿਨਾਂ ਜੀਵਨ ਸਫ਼ਲ ਨਹੀਂ ਹੁੰਦਾ। ਕੋਈ ਗੰਗਾ ਜਾ ਆਵੇ, ਜਾਂ ਕੋਈ ਮੱਕੇ ਜਾ ਆਵੇ, ਸਾਰੀ ਦੁਨੀਆਂ ਦੇ ਤੀਰਥਾਂ ਤੇ ਹੋ ਆਵੇ, ਇਸ ਯਾਤਰਾ ਨਾਲ ਧਰਮ ਨਹੀਂ ਮਿਲਦਾ। ਹਾਲਾਂ ਕਿ ਇਹ ਯਾਤਰਾ ਵੀ ਸੌਖੀ ਨਹੀਂ ਅਨੇਕਾਂ ਸੱਜਣ ਇਨ੍ਹਾਂ ਯਾਤਰਾਵਾਂ ਵਿਚ ਜਾਨਾਂ ਗਵਾ ਬੈਠੇ ਹਨ। ਕਿੰਨੇ ਬੰਦੇ ਹਜ ਵੇਲੇ ਮਰ ਗਏ, ਕਿੰਨਿਆਂ ਦੀਆਂ ਬੱਸਾਂ ਖੱਡਾਂ ਵਿਚ ਡਿੱਗ ਪਈਆਂ, ਕਿਤੇ ਪਹਾੜੀਆਂ ਉੱਪਰ ਆਣ ਡਿੱਗੀਆਂ, ਕਿਤੇ ਗੁਫ਼ਾ ਦੀ ਭੀੜ ਵਿਚ ਮਰ ਗਏ। ਪਰ ਇਹ ਯਾਤਰਾ ਹੋ ਵੀ ਜਾਵੇ ਤਾਂ ਵੀ ਕੁਝ ਪ੍ਰਾਪਤ ਨਹੀਂ ਹੁੰਦਾ। ਧਰਮ ਦੀ ਯਾਤਰਾ ਪੁਸਤਕ ਵਿਚ ਗੁਰਮਤਿ ਅਨੁਸਾਰ ਉਨ੍ਹਾਂ ਸ਼ੁੱਭ ਗੁਣਾਂ ਦੀ ਯਾਤਰਾ ਬਾਰੇ ਲਿਖਿਆ ਹੈ ਜੋ ਗੁਣ ਸਾਨੂੰ ਗੁਣੀ ਨਿਧਾਨ ਨਾਲ ਜੋੜਦੇ ਹਨ ਮੈਨੂੰ ਖੁਸ਼ੀ ਹੈ ਕਿ ਧਰਮ ਦੀ ਯਾਤਰਾ ਪੁਸਤਕ ਦੀ ਤੀਸਰੀ ਐਡੀਸ਼ਨ ਛਪ ਰਹੀ ਹੈ।

ਪੁਸਤਕ ਵਿਚ ਸੁਧਾਈ ਦੇ ਨਾਲ ਜ਼ਰੂਰੀ ਵਾਧੇ ਵੀ ਕੀਤੇ ਗਏ ਹਨ। ਮੈਨੂੰ ਉਮੀਦ ਹੈ ਪਾਠਕਾਂ ਨੂੰ ਪੜ੍ਹਕੇ ਪ੍ਰਸੰਨਤਾ ਹੋਵੇਗੀ ਤੇ ਧਰਮ ਦੀ ਯਾਤਰਾ ਲਈ ਚਾਅ ਪੈਦਾ ਹੋਵੇਗਾ। ਨਿਊ ਬੁੱਕ ਕੰਪਨੀ ਦਾ ਧੰਨਵਾਦੀ ਹਾਂ ਜੋ ਮੇਰੀਆਂ ਪੁਸਤਕਾਂ ਬੜੀ ਲਗਣ ਤੇ ਮਿਹਨਤ ਨਾਲ ਛਾਪ ਰਹੇ ਹਨ, ਭੁੱਲ ਚੁੱਕ ਦੀ ਖ਼ਿਮਾ।

ਦਾਸਰਾ

16-1-1999 ਗਿਆਨੀ ਜਸਵੰਤ ਸਿੰਘ ਪ੍ਰਵਾਨਾ

Sri Satguru Jagjit Singh Ji eLibrary NamdhariElibrary@gmail.com

# ਚੌਥੀ ਐਡੀਸ਼ਨ ਬਾਰੇ

ਪੁਸਤਕ 'ਧਰਮ ਦੀ ਯਾਤਰਾ' ਦੀ ਚੌਥੀ ਐਡੀਸ਼ਨ ਛਾਪਣ 'ਤੇ ਮੈਨੂੰ ਬੇਹੱਦ ਖ਼ੁਸ਼ੀ ਹੋ ਰਹੀ ਹੈ। ਪਾਠਕਾਂ ਦੇ ਸਹਿਯੋਗ ਲਈ ਮੈਂ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਹੋਰ ਲਿਖਣ ਲਈ ਉਤਸ਼ਾਹਿਤ ਕੀਤਾ ਹੈ। ਗੁਰੂ ਪੰਥ ਦੀਆਂ ਮਿਹਰਬਾਨੀਆਂ ਦਾ ਜਿੰਨਾ ਧੰਨਵਾਦ ਕਰਾਂ, ਥੋੜ੍ਹਾ ਹੈ। ਨਿਊ ਬੁੱਕ ਕੰਪਨੀ ਦਾ ਵੀ ਧੰਨਵਾਦੀ ਹਾਂ ਜੋ ਪੂਰੀ ਜ਼ਿੰਮੇਵਾਰੀ ਨਾਲ ਇਹ ਸੇਵਾ ਨਿਭਾਅ ਰਹੇ ਹਨ।

ਦਾਸਰਾ

**ਗਿਆਨੀ ਜਸਵੰਤ ਸਿੰਘ ਪ੍ਰਵਾਨਾ**

Sri Satguru Jagjit Singh Ji eLibrary NamdhariElibrary@gmail.com

# 1 ਅਨੋਖੀ ਯਾਤਰਾ

ਸੰਸਾਰ ਦਾ ਇਕ ਨਿਯਮ ਹੈ ਕਿ ਜਨਮ ਪਹਿਲਾਂ ਹੈ ਤੇ ਮੌਤ ਬਾਅਦ ਵਿਚ ਹੈ। ਕੋਈ ਪੰਜ ਸਾਲ ਦਾ ਹੋ ਕੇ ਮਰੇ ਜਾਂ ਪੰਜਾਹ ਸਾਲ ਦਾ ਹੋ ਕੇ ਮਰੇ, ਜਨਮ ਪਹਿਲਾਂ ਹੈ, ਮੌਤ ਬਾਅਦ ਵਿਚ ਹੈ। ਪੰਜ ਸਾਲ ਦਾ ਹੋ ਕੇ ਮਰੇ ਤਾਂ ਕਹਿਣਾ ਪਵੇਗਾ ਕਿ ਇਸ ਦਾ ਜਨਮ ਪੰਜ ਸਾਲ ਪਹਿਲੇ ਹੋਇਆ ਸੀ। ਇਸਦੀ ਮੌਤ ਜਨਮ ਤੋਂ ਪੰਜ ਸਾਲ ਬਾਅਦ ਹੋਈ ਹੈ। ਪਰ ਧਰਮ ਦਾ ਨਿਯਮ ਇਸ ਤੋਂ ਉਲਟ ਹੈ। ਮੌਤ ਪਹਿਲਾਂ ਹੈ, ਜਨਮ ਬਾਅਦ ਵਿਚ ਹੈ। ਬੜੀ ਅਨੋਖੀ ਯਾਤਰਾ ਹੈ, ਮੌਤ ਤੋਂ ਜੀਵਨ ਤਕ ਯਾਤਰਾ ਹੈ। ਜੀਵਨ ਇਕ ਐਸੀ ਬੁਝਾਰਤ ਹੈ ਜਿਸਨੂੰ ਸਮਝਣਾ ਬਹੁਤ ਹੀ ਔਖਾ ਹੈ, ਅਸੰਭਵ ਤਾਂ ਨਹੀਂ। ਗੁਰੂ ਦੀ ਬਖ਼ਸ਼ਿਸ਼ ਨਾਲ ਸਮਝ ਆ ਸਕਦੀ ਹੈ ਪਰ ਗੁਰੂ ਦੀ ਕਿਰਪਾ ਬਗ਼ੈਰ ਗੱਲ ਸਮਝ ਵਿਚ ਆਉਣੀ ਬਹੁਤ ਹੀ ਮੁਸ਼ਕਿਲ ਹੈ।

ਸਾਡੇ ਦੇਸ਼ ਵਿਚ ਜੋ ਵਰਨ ਵੰਡ ਹੋਈ ਕਿਸੇ ਵੇਲੇ ਤਾਂ ਇਹ ਚੌਹਾਂ ਵਰਨਾਂ ਦੀ ਵੰਡ ਧਾਰਮਿਕ ਸਾਧਨਾ ਸੀ ਪਰ ਅਖੀਰ ਸਾਧਨਾ ਤੋਂ ਡਿੱਗ ਕੇ ਇਹ ਵਰਨ ਵੰਡ ਧਰਮ ਨੂੰ ਕਲੰਕ ਸਾਬਤ ਹੋਈ। ਸਾਧਨਾ ਇਹ ਸੀ ਕਿ ਜੰਮਦਾ ਤਾਂ ਹਰ ਜੀਵ ਸੂਦਰ ਹੈ, ਅਪਵਿੱਤਰ ਹੈ, ਪਰ ਜੀਵਨ ਵਿਚ ਪਵਿੱਤਰਤਾ ਇਕੱਠੀ ਕਰਨੀ ਹੈ। ਬ੍ਰਹਮ ਨਾਲ ਸਾਂਝ ਪਾਉਣੀ ਹੈ। ਸੂਦਰ ਤੋਂ ਬ੍ਰਾਹਮਣ ਤੱਕ ਇਕ ਯਾਤਰਾ ਹੈ ਜੋ ਹਰ ਜੀਵ ਨੇ ਕਰਨੀ ਹੈ। ਜੀਵਨ ਦਾ ਆਰੰਭ ਤਾਂ ਅਗਿਆਨਤਾ ਦੇ ਕਰਮਾਂ ਤੋਂ ਹੀ ਹੋਵੇਗਾ। ਇਕ ਬੱਚਾ ਕੰਮ ਕਰ ਰਿਹਾ ਹੈ। ਉਸ ਨੂੰ ਖ਼ੁਦ ਕੋਈ ਪਤਾ ਨਹੀਂ ਮੈਂ ਕੀ ਕਰ ਰਿਹਾ ਹਾਂ। ਪਰ ਬੱਚਿਆਂ ਨੂੰ ਵੀ ਵੇਖੋ ਵਿਹਲੇ ਨਹੀਂ ਬੈਠਦੇ ਕੰਮ ਕਰਦੇ ਹਨ। ਜ਼ਰਾ ਸੋਝੀ ਆਈ, ਫਿਰ ਉਹ ਕੰਮ ਕੀਤੇ ਜਿਨ੍ਹਾਂ ਨਾਲ ਚੰਗੀ ਰੋਟੀ ਮਿਲ ਸਕੇ। ਇਹ ਸਮਝੋ ਸੂਦਰ, ਵੈਸ਼ ਤੱਕ ਆ ਗਿਆ। ਅਗੋਂ ਧਿਆਨ ਆਇਆ ਕਿ ਮੈਂ ਖਾਣਾ ਪਹਿਨਣਾ ਤਾਂ ਹੈ ਪਰ ਇੱਜ਼ਤ ਨਾਲ। ਬੇਪਤੀ ਦੀ ਰੋਟੀ ਨਹੀਂ ਖਾਣੀ ਅਤੇ ਬੇਇਜ਼ਤੀ ਨਾਲ ਨਹੀਂ ਪਹਿਨਣਾ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari


*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*

—ਮਾਝ ਵਾਰ ਪੰਨਾ ੧੪੨

ਇਸ ਬਚਨ ਵਿਚ ਅਸਲ ਛਤ੍ਰੀਪੁਣਾ ਹੈ।

ਪਰ ਨਿਰਾ ਕੰਮ ਕਰਾਂ ਰੋਟੀ ਲਈ ਕਰਾਂ ਜਾਂ ਅਣਖ ਨਾਲ ਜੀਵਾਂ, ਗੱਲ ਇਥੇ ਹੀ ਨਹੀਂ ਮੁਕਦੀ। ਫਿਰ ਧਿਆਨ ਆਇਆ ਕਿ ਮੈਂ ਕੌਣ ਹਾਂ, ਕਿੱਥੋਂ ਆਇਆ ਹਾਂ, ਕਿਥੇ ਜਾਣਾ ਹੈ। ਸ਼ੂਦਰ ਤੋਂ ਬਾਅਦ ਮਨੁੱਖ ਵਪਾਰੀ ਬਣਿਆ। ਫਿਰ ਇਹ ਸੈਨਿਕ ਤੇ ਰਾਜਾ ਬਣਿਆ, ਫਿਰ ਬ੍ਰਹਮ ਨਾਲ ਸਾਂਝ ਪਾਈ। ਪਹਿਲਾਂ ਤਿੰਨਾਂ ਵਰਨਾਂ ਵਿਚ ਆਪਣੇ ਆਪੇ ਵੱਲ ਝਾਤ ਨਹੀਂ ਸੀ ਪਾਈ। ਸ਼ੂਦਰ ਤਾਂ ਅਬੋਧ ਸੀ, ਉਥੇ ਗਿਆਨ ਦੀ ਗੱਲ ਨਹੀਂ ਸੀ। ਵੈਸ਼ ਦਾ ਧਿਆਨ ਦੂਸਰੇ ਦੇ ਧਨ ਤੇ ਸੀ, ਦੂਸਰੇ ਦਾ ਧਨ ਕਿਵੇਂ ਕਾਬੂ ਕਰਾਂ। ਛਤਰੀ ਦਾ ਧਿਆਨ ਦੂਸਰੇ ਦੇ ਬਲ ਤੇ ਸੀ ਕਿ ਦੂਸਰੇ ਦਾ ਬਲ ਕਿਵੇਂ ਖੋਹਵਾਂ। ਪਰ ਬ੍ਰਾਹਮਣ ਬਣ ਕੇ ਧਿਆਨ ਆਪਣੇ ਤੇ ਆ ਗਿਆ। ਹੁਣ ਕੰਮ ਵੀ ਕਰਨਾ ਹੈ, ਰੋਟੀ ਵੀ ਕਮਾਉਣੀ ਹੈ ਅਤੇ ਅਣਖ ਵੀ ਕਾਇਮ ਰੱਖਣੀ ਹੈ ਅਤੇ ਪਰਮਾਤਮਾ ਨਾਲ ਸਾਂਝ ਵੀ ਪਾਉਣੀ ਹੈ। ਵਰਨ ਵੰਡ ਵਿਚ ਇਸ ਬਿਰਤੀ ਨੂੰ ਉਲਟ ਪਾਸੇ ਲੈ ਗਈ। ਖਿਆਲ ਬੜਾ ਸੁੰਦਰ ਸੀ ਜੇ ਕਿਤੇ ਹਰ ਸ਼ੂਦਰ ਵੈਸ਼ ਹੋ ਸਕਦਾ, ਛਤ੍ਰੀ ਹੋ ਸਕਦਾ, ਬ੍ਰਾਹਮਣ ਹੋ ਸਕਦਾ। ਗੁਰਮਤਿ ਨੇ ਗਵਾਚਾ ਹੀਰਾ ਜਗਤ ਦੇ ਸਾਹਮਣੇ ਰੱਖਿਆ ਕਿ ਸਹੀ ਯਾਤਰਾ ਹੈ ਹੀ ਇਹ। ਹਰ ਜੀਵ ਜੰਮਦਾ ਅਬੋਧ ਹੈ। ਉਸ ਨੇ ਵਿੱਦਿਆ ਪੜ੍ਹ ਕੇ ਰੋਟੀ ਜੋਗਾ ਹੋਣਾ ਹੈ। ਉਸ ਨੇ ਅਣਖ ਆਨ ਨਾਲ ਜਿਊਣਾ ਹੈ, ਉਸ ਨੇ ਬ੍ਰਹਮ ਗਿਆਨੀ ਬਣਨਾ ਹੈ। ਗੁਰਸਿੱਖ ਇਨ੍ਹਾਂ ਚੌਹਾਂ ਅਵਸਥਾਵਾਂ ਵਿਚੋਂ ਗੁਜ਼ਰਦਾ ਹੈ। ਮੂਲ ਗੱਲ ਹੈ ਮਨੁੱਖ ਦਾ ਮੁੱਢਲਾ ਧਰਮ ਕੀ ਹੈ ਇਸ ਨੂੰ ਪਹਿਚਾਨਣਾ। ਉਹ ਹੈ, ਪਰਮਾਤਮਾ ਦਾ ਸਿਮਰਨ ਤੇ ਉਸ ਵਿਚ ਅਭੇਦ ਹੋਣਾ। ਸਤਿਗੁਰਾਂ ਦਾ ਫ਼ੁਰਮਾਨ ਹੈ :—

*ਜੋਗ ਸਬਦੰ ਗਿਆਨ ਸਬਦੰ, ਬੇਦ ਸਬਦੰ ਬ੍ਰਹਮਣਹ॥*
*ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ॥*
*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥*
*ਨਾਨਕੁ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਉ॥*

—ਆਸਾ ਕੀ ਵਾਰ ਮਹਲਾ ੨, ਪੰਨਾ ੪੬੯

ਬ੍ਰਾਹਮਣ ਉਹ ਹੈ ਜੋ ਬੰਧਨ ਤੋੜ ਦੇਵੇ, ਜੀਵਨ ਮੁਕਤ ਹੋਵੇ।

*ਬੰਧਨ ਤੋੜੈ ਹੋਵੈ ਮੁਕਤੁ॥ ਸੋਈ ਬ੍ਰਹਮਣੁ ਪੂਜਣ ਜੁਗਤੁ॥*

Sri Satguru Jagjit Singh Ji eLibrary NamdhariElibrary@gmail.com

ਅਸਲ ਛਤਰੀ ਕੌਣ ਹੈ :—

*ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥*
*ਖੇਤ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥*

—ਸਲੋਕ ਵਾਰਾਂ ਤੇ ਵਧੀਕ ਮਹਲਾ ੧, ਪੰਨਾ ੧੪੧੧

ਜੀਵਨ ਹੈ ਹੀ ਅਨੋਖੀ ਯਾਤਰਾ। ਸ਼ੂਦਰ ਤੋਂ ਬ੍ਰਾਹਮਣ ਤੱਕ ਦੀ ਯਾਤਰਾ। ਮੂਰਖਤਾ ਤੋਂ ਗਿਆਨ ਤੱਕ ਦੀ ਯਾਤਰਾ। ਮੌਤ ਤੋਂ ਅੰਮ੍ਰਿਤ ਤੱਕ ਦੀ ਯਾਤਰਾ। ਹਨੇਰੇ ਤੋਂ ਪ੍ਰਕਾਸ਼ ਤੱਕ ਦੀ ਯਾਤਰਾ। ਝੂਠ ਤੋਂ ਸੱਚ ਤੱਕ ਦੀ ਯਾਤਰਾ।

ਡਾਰਵਿਨ ਦਾ ਮੱਤ ਹੈ ਕਿ ਮਨੁੱਖ ਪੱਥਰਾਂ ਤੋਂ ਚੱਲ ਕੇ ਬਨਸਪਤੀ, ਫਿਰ ਪਸ਼ੂ ਪੰਛੀ, ਫਿਰ ਮਨੁੱਖ ਬਣਿਆ। ਵੈਸੇ ਇਕ ਮਨੁੱਖ ਵਿਚ ਵੀ ਇਹ ਚਾਰੇ ਅਵਸਥਾਵਾਂ ਆਉਂਦੀਆਂ ਹਨ। ਇਕ ਸਮਾਂ ਐਸਾ ਵੀ ਹੈ ਜਦੋਂ ਇਹ ਪੱਥਰ ਵਰਗਾ ਅਬੋਧ ਤੇ ਕਠੋਰ ਤੇ ਜੜ੍ਹ ਹੁੰਦਾ ਹੈ। ਫਿਰ ਇਹ ਕਦੀ ਬਨਸਪਤੀ ਵਰਗਾ ਹੁੰਦਾ ਹੈ। ਜੀਵਨ ਦਾ ਸੁਪਨਾ ਸ਼ੁਰੂ ਹੁੰਦਾ ਹੈ। ਫਿਰ ਕਦੀ ਪਸ਼ੂਆਂ ਵਾਂਗੂੰ ਥੋੜ੍ਹਾ ਹੋਰ ਜਾਗਦਾ ਹੈ। ਜਿਵੇਂ ਪਸ਼ੂ ਕੰਮ ਕਰਦਾ ਹੈ ਪਰ ਪਤਾ ਨਹੀਂ ਮੈਂ ਕੀ ਕਰ ਰਿਹਾ ਹਾਂ। ਇਹ ਵੀ ਕਰਮ-ਕਾਂਡ ਕਰਦਾ ਹੈ ਪਰ ਇਸ ਨੂੰ ਖੁਦ ਪਤਾ ਨਹੀਂ ਹੁੰਦਾ ਕਿ ਮੈਂ ਕੀ ਕਰ ਰਿਹਾ ਹਾਂ। ਫਿਰ ਇਸ ਅੰਦਰ ਮਨੁੱਖਤਾ ਜਾਗਦੀ ਹੈ। ਜਦੋਂ ਯਾਤਰਾ ਪੂਰੀ ਹੁੰਦੀ ਹੈ ਫਿਰ ਆਪਣੇ ਹਰ ਕਰਮ ਪ੍ਰਤੀ ਸੁਚੇਤ ਹੁੰਦਾ ਹੈ।

ਅਸਲ ਵਿਚ ਇਹੀ ਗੱਲ ਸਮਝਣ ਵਾਲੀ ਹੈ ਕਿ ਬੀਜ ਨੇ ਬ੍ਰਿਖ ਤੱਕ ਦੀ ਯਾਤਰਾ ਕਰਨੀ ਹੈ। ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਪੁੱਛਿਆ ਸੀ ਕਿ ਸਾਹਿਬ ਜੀ ਸਾਰਾ ਜਗਤ ਤੁਹਾਡੇ ਅੱਗੇ ਝੁਕਿਆ ਹੈ। ਕੋਈ ਵਿਅਕਤੀ ਸੰਸਾਰ ਵਿਚ ਐਸਾ ਵੀ ਹੈ ਜਾਂ ਹੋਵੇਗਾ ਜਿਸ ਅੱਗੇ ਤੁਹਾਡਾ ਵੀ ਸਿਰ ਝੁਕੇਗਾ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, ਹਾਂ ਸਾਡਾ ਸਿਰ ਉਸ ਅੱਗੇ ਝੁਕੇਗਾ ਜਿਹੜਾ ਸਾਡੀ ਗੱਲ ਸਮਝੇਗਾ ਅਤੇ ਕਮਾ ਕੇ ਵਿਖਾਏਗਾ।

ਉਨ੍ਹਾਂ ਦਾ ਸੀਸ ਭਾਈ ਲਹਿਣੇ ਅੱਗੇ ਝੁਕਿਆ ਸੀ। ਭਾਈ ਲਹਿਣਾ ਜੀ ਉਸ ਵੇਲੇ ਗੁਰੂ ਅੰਗਦ ਦੇਵ ਬਣ ਗਏ ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਿਰ ਉਨ੍ਹਾਂ ਅੱਗੇ ਝੁਕਾਇਆ। ਗੁਰੂ ਨਾਨਕ ਦੇਵ ਜੀ ਦਾ ਸਿਰ ਝੁਕਣਾ ਅਤੇ ਭਾਈ ਲਹਿਣੇ ਦਾ ਗੁਰੂ ਅੰਗਦ ਦੇਵ ਬਣਨਾ ਇਕ ਮਹਾਨ ਕਰਾਮਾਤ ਹੈ। ਅਸੀਂ ਆਮ ਕਰਕੇ ਤਾਂ ਇਹੀ ਕਹਾਂਗੇ ਕਿ ਗੁਰੂ ਨਾਨਕ ਦੇਵ ਜੀ ਨੇ ਕ੍ਰਿਪਾ ਕੀਤੀ ਤੇ ਨਿਵਾਜਿਆ। ਸਿੱਧਾਂ ਨੂੰ ਵੀ ਗੁਰੂ ਅੰਗਦ ਦੇਵ ਜੀ ਨੇ ਇਹੀ ਬਚਨ ਕਹੇ ਸਨ ਕਿ ਇਹ ਮੇਰੀ ਮਿਹਨਤ ਨਹੀਂ, ਇਹ ਤਾਂ ਸਤਿਗੁਰੂ ਦੀ ਮਿਹਰ ਹੈ। ਮੇਰੀ ਯੋਗਤਾ ਨਹੀਂ ਉਨ੍ਹਾਂ ਦੀ ਬਖ਼ਸ਼ਿਸ਼ ਹੈ। ਪਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਸਭ ਤੋਂ ਜ਼ਿਆਦਾ ਖ਼ੁਸ਼ੀ ਦਾ ਸਮਾਂ ਉਹੀ ਸੀ ਜਦੋਂ ਲਹਿਣਾ ਜੀ ਗੁਰੂ ਅੰਗਦ ਦੇਵ ਜੀ ਬਣ ਗਏ।

Sri Satguru Jagjit Singh Ji eLibrary NamdhariElibrary@gmail.com

ਉਸ ਖ਼ੁਸ਼ੀ ਦਾ ਕਾਰਨ ਸਮਝੀਏ। ਉਹ ਸਿਆਣਪ, ਉਹ ਗੁਣ, ਉਹ ਧਰਮ ਕੀ ਹੈ ਜਿਹੜਾ ਦੂਸਰੇ ਤੱਕ ਪਹੁੰਚ ਹੀ ਨਾ ਸਕੇ।

ਗੁਰੂ ਨਾਨਕ ਦੇਵ ਪ੍ਰਸੰਨ ਸਨ ਕਿ ਜਿਵੇਂ ਉਹ ਚਾਹੁੰਦੇ ਸਨ, ਜੋ ਰੱਬੀ ਦਾਤ ਉਨ੍ਹਾਂ ਨੂੰ ਮਿਲੀ ਸੀ ਉਹ ਦੂਸਰੇ ਤੱਕ ਪਹੁੰਚ ਗਈ। ਜੋ ਉਨ੍ਹਾਂ ਦਾ ਅਨੁਭਵ ਸੀ ਉਹ ਗੁਰੂ ਅੰਗਦ ਦੇਵ ਜੀ ਦੇ ਅੰਗ-ਅੰਗ ਵਿਚ ਸਮਾ ਗਿਆ। ਉਨ੍ਹਾਂ ਦਾ ਇਹ ਅਨੁਭਵ ਉਧਾਰ ਨਹੀਂ ਰਹਿ ਗਿਆ। ਜਿਵੇਂ ਖ਼ੁਰਾਕ ਬਾਹਰੋਂ ਮਿਲੀ ਪਰ ਉਸ ਤੋਂ ਬਣਿਆ ਖ਼ੂਨ ਬੇਗਾਨਾ ਨਹੀਂ ਰਿਹਾ, ਆਪਣਾ ਹੋ ਗਿਆ। ਇਸੇ ਤਰ੍ਹਾਂ ਰੱਬੀ ਗਿਆਨ ਜੋ ਸਤਿਗੁਰੂ ਨਾਨਕ ਦੇਵ ਜੀ ਨੇ ਦਿੱਤਾ ਸੀ ਉਹ ਆਪਣਾ ਅਨੁਭਵ ਬਣ ਗਿਆ। ਧੰਨ ਗੁਰੂ ਨਾਨਕ ਦੇਵ ਜੀ ਦਾ ਇਹ ਤਜਰਬਾ ਸਫ਼ਲ ਹੋਇਆ। ਇਸ ਤੋਂ ਪਹਿਲੇ ਚੇਲੇ ਤੇ ਗੁਰੂ ਦਾ ਫ਼ਰਕ ਰਹਿ ਹੀ ਜਾਂਦਾ ਸੀ ਪਰ ਆਪੇ ਗੁਰੂ ਚੇਲਾ ਦੀ ਗੱਲ ਗੁਰੂ ਨਾਨਕ ਦੇਵ ਜੀ ਨੇ ਚਲਾ ਦਿੱਤੀ ਅਤੇ ਕਿਹਾ ਕਿ ਜੀਵਨ ਦੀ ਅਸਲ ਯਾਤਰਾ ਇਹ ਨਹੀਂ ਕਿ ਗੁਰੂ ਵੱਧ ਤੋਂ ਵੱਧ ਚੇਲੇ ਬਣਾਏ–ਨਹੀਂ, ਗੁਰੂ ਦੇ ਜੀਵਨ ਦੀ ਅਸਲ ਯਾਤਰਾ ਇਹ ਹੈ ਕਿ ਉਹ ਵੱਧ ਤੋਂ ਵੱਧ ਸਿੱਖਾਂ ਵਿਚ ਆਪਣਾ ਆਪ ਟਿਕਾਏ।

ਉਹ ਮਹਾਨ ਗੁਰੂ ਹੈ ਜਿਸ ਦੇ ਦਰਸ਼ਨ ਉਸ ਦੇ ਸਿੱਖਾਂ ਵਿਚੋਂ ਹੋਣ। ਗੁਰੂ ਉਹੀ ਮਹਾਨ ਹੈ ਜੋ (ਚੇਲਿਆਂ ਦਾ) ਚੇਲਾ ਬਣ ਸਕੇ। ਉਸ ਦੇ ਸਿੱਖ ਏਨੇ ਮਹਾਨ ਹੋ ਜਾਣ ਕਿ ਗੁਰੂ ਦਾ ਵੀ ਸਿਰ ਝੁਕ ਜਾਏ।

ਗੁਰੂ ਨਾਨਕ ਦੇਵ ਜੀ ਦੀ ਯਾਤਰਾ ਅਨੋਖੀ ਯਾਤਰਾ ਹੈ। ਇਸੇ ਲਈ ਸੱਤਾ ਜੀ ਕਹਿੰਦੇ ਹਨ :–

*ਹੋਰਿਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨ॥*
*ਨਾਨਕ ਈਸਰਿ ਜਗੰਨਾਥਿ ਉਚਹਦੀ ਵੈਣੁ ਵਿਰਿਕਿਓਨ॥*

ਚੇਲੇ ਨੂੰ ਗੁਰੂ ਕਹਿ ਦੇਣਾ ਇਹ ਹੱਦ ਤੋਂ ਉੱਚਾ ਬਚਨ ਬੋਲਿਆ ਹੈ।

ਚੇਲੇ ਦੇ ਪੈਰੀਂ ਪੈਣਾ ਇਹੀ ਹੋਰ ਪਾਸਿਉਂ ਉਲਟੀ ਗੰਗਾ ਵਹਾਉਣੀ ਸੀ।

*ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ॥*

–ਭਾਈ ਗੁਰਦਾਸ

ਗੁਰੂ ਨੇ ਸਿੱਖੀ ਨੂੰ ਜਨਮ ਦੇਣਾ ਹੈ, ਆਪਣੇ ਤੋਂ ਆਪਣੇ ਵਰਗੇ ਅਨੇਕਾਂ ਪੈਦਾ ਕਰਨੇ ਹਨ।

ਇਹ ਯਾਤਰਾ ਕਿਥੋਂ ਤੱਕ ਜਾ ਕੇ ਸਫ਼ਲ ਹੋਈ। ਆਪਣੇ ਵਰਗੇ ਅਨੇਕ ਬਣ ਗਏ ਤਾਂ ਦਸਵੇਂ ਜਾਮੇ ਵਿਚ ਕਹਿ ਦਿੱਤਾ–

*ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉ ਕਰੌ ਨਿਵਾਸ॥*

–ਸਰਬ ਲੋਹ ਗ੍ਰੰਥ

ਅੰਮ੍ਰਿਤ ਨੇ ਮੌਤ ਵਿਚ ਆਪਣੇ ਆਪ ਨੂੰ ਟਿਕਾਉਣਾ ਹੈ ਤੇ ਮੌਤ ਬਾਰੇ ਸਮਝਣਾ

Sri Satguru Jagjit Singh Ji eLibrary NamdhariElibrary@gmail.com

 www.archive.org/details/namdhari 

ਬਹੁਤ ਹੀ ਜ਼ਰੂਰੀ ਹੈ। ਜਿਹੜਾ ਬੰਦਾ ਮੌਤ ਤੋਂ ਹੀ ਡਰ ਰਿਹਾ ਹੈ ਉਹ ਮੌਤ ਵਿਚ ਅੰਮ੍ਰਿਤ ਕਿਵੇਂ ਟਿਕਾਏਗਾ। ਫਿਰ ਕਿਸੇ ਤੇ ਇਹ ਤਜਰਬਾ ਨਹੀਂ ਕਰਨਾ। ਪਹਿਲਾਂ ਆਪਣੇ ਆਪ ਤੇ ਕਰਨਾ ਹੈ। ਫਿਰ ਕਿਸੇ ਤੇ। ਇਸੇ ਲਈ ਸਤਿਗੁਰੂ ਜੀ ਕਹਿੰਦੇ ਹਨ ਪਹਿਲਾਂ ਮੌਤ ਦਾ ਹੀ ਕੁੰਡਾ ਖੜਕਾ ਕੇ ਵੇਖ ਲਈਏ। ਮੌਤ ਕੀ ਹੈ, ਫਿਰ ਇਸ ਨੂੰ ਸਮਝ ਕੇ ਅੰਮ੍ਰਿਤ ਬਣਾਵਾਂਗੇ।

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*

—ਮਾਰੂ ਵਾਰ ਮਹਲਾ ੫, ਪੰਨਾ ੧੧੦੨

ਪਰ ਇਸ ਗੱਲ ਨੂੰ, ਇਸ ਯਾਤਰਾ ਨੂੰ, ਹਰ ਬੰਦਾ ਸਮਝ ਨਹੀਂ ਸਕਦਾ।

ਇਸੇ ਯਾਤਰਾ ਦਾ ਜ਼ਿਕਰ ਕਰਦਿਆਂ ਸਤਿਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿਚ ਫ਼ਰਮਾਉਂਦੇ ਹਨ ਕਿ ਪਰਮਾਤਮਾ ਦੇ ਭਗਤਾਂ ਦੀ ਚਾਲ ਦੁਨੀਆਂ ਤੋਂ ਨਿਰਾਲੀ ਹੈ। ਬੜੇ ਔਖੇ ਬਿਖਮ ਰਸਤੇ 'ਤੇ ਚਲਣਾ ਹੁੰਦਾ ਹੈ—

*ਭਗਤਾ ਕੀ ਚਾਲ ਨਿਰਾਲੀ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥*
*ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥*
*ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥ ੧੪॥*

—ਅਨੰਦ ਸਾਹਿਬ ਪੰਨਾ ੯੧੮

ਸਫ਼ਰ ਬਹੁਤ ਲੰਮਾ ਹੈ ਤੇ ਮਨੁੱਖ ਇੰਨਾ ਗਾਫ਼ਲ ਹੈ ਕਿ ਤੁਰਨ ਵਾਸਤੇ ਤਿਆਰ ਨਹੀਂ। ਇੰਨੀ ਲੰਮੀ ਮੰਜ਼ਿਲ ਕਿਵੇਂ ਮੁੱਕੇ। ਜਨਮ ਲੈਂਦਾ ਹੈ, ਮਰ ਜਾਂਦਾ ਹੈ, ਉਹ ਯਾਤਰਾ ਉਸੇ ਤਰ੍ਹਾਂ ਹੀ ਅਧੂਰੀ ਰਹਿ ਜਾਂਦੀ ਹੈ। ਫਿਰ ਆਉਂਦਾ ਹੈ, ਚਲਾ ਜਾਂਦਾ ਹੈ। ਪਤਾ ਨਹੀਂ ਇਹ ਸਿਲਸਲਾ ਕਦੋਂ ਦਾ ਚੱਲ ਰਿਹਾ ਹੈ।

ਇਕ ਵਿਦਵਾਨ ਕਹਿੰਦੇ ਹਨ—

*ਹਰ ਗਾਮ ਪੇ ਦੂਰ ਹੂਈ ਜਾਤੀ ਹੈ ਮੇਰੀ ਮੰਜ਼ਿਲ।*
*ਮੈਂ ਭੀ ਸਫਰ ਮੇਂ ਹੂੰ ਮੇਰੀ ਮੰਜ਼ਿਲ ਭੀ ਸਫਰ ਮੇਂ ਹੈ।*

ਜਿਥੇ ਪੈਦਾ ਹੁੰਦਾ ਹੈ ਉਥੋਂ ਹੀ ਆ ਕੇ ਮੌਤ ਲੈ ਜਾਂਦੀ ਹੈ। ਇਹ ਜਾਣ ਲੱਗਾ ਰੋਂਦਾ ਹੈ ਕਿ ਗੱਲ ਅਜੇ ਕੋਈ ਬਣੀ ਨਹੀਂ, ਮੌਤ ਤੂੰ ਆ ਵੀ ਗਈ ਹੈਂ? ਜਦੋਂ ਵੀ ਕੋਈ ਮਨੁੱਖ ਮਰਨ ਲੱਗਾ ਪ੍ਰੇਸ਼ਾਨ ਹੈ ਤਾਂ ਇਕ ਗੱਲ ਸਪੱਸ਼ਟ ਹੈ ਕਿ ਯਾਤਰਾ ਅਧੂਰੀ ਰਹਿ ਗਈ। ਜਿਸ ਦਿਨ ਜੀਵਨ ਯਾਤਰਾ ਪੂਰੀ ਹੋ ਗਈ ਇਹ ਆਪੇ ਹੀ ਜਾ ਪਹੁੰਚੇਗਾ। ਮੌਤ ਨੂੰ ਵੀ ਖੇਚਲ ਨਹੀਂ ਕਰਨੀ ਪਵੇਗੀ। ਜਦੋਂ ਕੋਈ ਪ੍ਰਾਣੀ ਚੜ੍ਹਾਈ

Sri Satguru Jagjit Singh Ji eLibrary NamdhariElibrary@gmail.com

ਕਰ ਜਾਂਦਾ ਹੈ ਤਾਂ ਅਸੀਂ ਕਹਿੰਦੇ ਹਾਂ, ਯਾਤਰਾ ਪੂਰੀ ਕਰ ਗਿਆ ਹੈ। ਅਸੀਂ ਆਪਣੀ ਮਰਜ਼ੀ ਨਾਲ ਆਖ ਦਿੰਦੇ ਹਾਂ ਤੇ ਹੋਰ ਆਖੀਏ ਵੀ ਕੀ, ਪਰ ਮਰਨ ਵਾਲੇ ਨੂੰ ਪੁਛਦੇ ਤੇ ਕਾਸ਼! ਕਿਤੇ ਉਸ ਨੂੰ ਦੱਸਣ ਦਾ ਸਮਾਂ ਮਿਲਦਾ ਤਾਂ ਉਹ ਜ਼ਰੂਰ ਕਹਿੰਦਾ ਕਿ ਅਧੂਰੀ ਕੀ, ਅਜੇ ਤਾਂ ਯਾਤਰਾ ਸ਼ੁਰੂ ਹੀ ਨਹੀਂ ਹੋਈ। ਸਾਰਾ ਹੀ ਕੰਮ ਤਾਂ ਵਿਚੇ ਪਿਆ ਹੈ, ਮੌਤ ਪਹਿਲਾਂ ਹੀ ਆ ਗਈ ਹੈ।

*ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ॥*

—ਸਿਰੀ ਰਾਗੁ ਮਹਲਾ ੧, ਪੰਨਾ ੬੩

ਇਕਬਾਲ ਨੇ ਸੱਚ ਕਿਹਾ ਹੈ, ਕਹਿੰਦਾ ਹੈ, ਹੇ ਖ਼ੁਦਾ ਤੂੰ ਤਾਂ ਵਿਹਲਾ ਹੈਂ, ਮੈਂ ਵਿਹਲਾ ਨਹੀ ਮੈਨੂੰ ਬਹੁਤ ਕੰਮ ਹਨ। ਮੈਂ ਸੁਣਦਾ ਹਾਂ ਤੇਰੀਆਂ ਆਵਾਜ਼ਾਂ, ਤੂੰ ਦਿਨ ਰਾਤ ਕਹਿ ਰਿਹਾ ਹੈਂ ਕਿ ਹੇ ਜੀਵ ਤੂੰ ਮੇਰੇ ਵੱਲ ਆ। ਪਰ ਮੈਨੂੰ ਕੰਮ ਬਹੁਤ ਹਨ।

*ਬਾਗੇ ਬਹਿਸ਼ਤ ਸੇ ਮੁਝੇ ਹੁਕਮੇ ਸਫ਼ਰ ਦੀਆ ਥਾ ਕਯੋਂ।*
*ਕਾਰੇ ਜਹਾਂ ਦਰਾਜ਼ ਹੈ ਮੇਰਾ ਇੰਤਜ਼ਾਰ ਕਰ।*

ਫਿਰ ਕੀ ਹਰ ਵਿਚ ਜਨਮ ਮਨੁੱਖ ਅਧੂਰਾ ਹੀ ਜੰਮੇ ਤੇ ਅਧੂਰਾ ਹੀ ਮਰ ਜਾਏ।

ਇਹੀ ਤਾਂ ਸਭ ਤੋਂ ਵੱਡਾ ਪਾਪ ਹੈ ਕਿ ਕੋਈ ਜੀਵ ਮਨੁੱਖ ਵਾਂਗੂੰ ਜਨਮੇ ਤੇ ਕੁੱਤੇ ਵਾਂਗੂੰ ਮਰ ਜਾਏ। ਚਾਹੀਦਾ ਇਹ ਹੈ ਕਿ ਪਸ਼ੂ ਵਾਂਗੂੰ ਜਨਮੇ ਤੇ ਅਤੇ ਪਰਮਾਤਮਾ ਵਿਚ ਜੋਤੀ ਜੋਤ ਸਮਾ ਜਾਏ।

ਸੰਸਾਰ ਦੇ ਜੀਵ ਜੰਮਦੇ ਵੀ ਬਹੁਤ ਹਨ, ਮਰਦੇ ਵੀ ਬਹੁਤ ਹਨ ਪਰ ਜੋਤੀ ਜੋਤ ਤਾਂ ਕਦੇ ਕੋਈ ਭਾਗਾਂ ਵਾਲਾ ਹੀ ਸਮਾਉਂਦਾ ਹੈ।

ਹਨੇਰੇ ਵਿਚ ਜਿਊਣ ਵਾਲੇ ਨੂੰ ਕੀ ਪਤਾ ਹੈ ਕਿ ਜੋਤ ਕੀ ਹੈ। ਜਿਸ ਦਿਨ ਆਪਣੇ ਵਿਚ ਕੋਈ ਪ੍ਰਕਾਸ਼ ਨਜ਼ਰ ਆ ਜਾਂਦਾ ਹੈ ਫਿਰ ਸਾਰੇ ਸੰਸਾਰ ਵਿਚੋਂ ਉਸ ਦੀ ਜੋਤ ਨਜ਼ਰ ਆ ਜਾਂਦੀ ਹੈ।

ਫਿਰ ਪਤਾ ਲੱਗਦਾ ਹੈ—

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥*

ਪਰ ਜੋਤ ਪ੍ਰਗਟ ਹੁੰਦੀ ਹੈ ਗੁਰੂ ਦੀ ਸਿੱਖਿਆ ਰਾਹੀਂ—

*ਗੁਰਸਾਖੀ ਜੋਤਿ ਪ੍ਰਗਟੁ ਹੋਇ॥*

ਪਤਾ ਨਹੀਂ ਮਨੁੱਖ ਕਿੰਨੇ ਜਨਮਾਂ ਦਾ ਅੰਧੇਰੇ ਵਿਚ ਜੀਅ ਰਿਹਾ ਹੈ। ਇਹ ਹਨੇਰੇ ਨਾਲ ਹੀ ਸਹਿਮਤ ਹੋ ਗਿਆ ਹੈ। ਜਿਵੇਂ ਕਿ ਹਨੇਰੇ ਨਾਲ ਉੱਲੂ ਸਹਿਮਤ ਹੋ ਜਾਂਦਾ ਹੈ। ਫਿਰ ਅੱਖਾਂ ਚਾਨਣ ਦੀ ਤਾਬ ਨਹੀਂ ਲਿਆ ਸਕਦੀਆਂ।

ਵਿਕਾਰਾਂ ਦੇ ਅੰਧਕਾਰਾਂ ਵਿਚ ਇਹ ਜੀਵ ਜਨਮਾਂ-ਜਨਮਾਂ ਤੋਂ ਜੀਅ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

ਅਗਿਆਨਤਾ ਦੇ ਅੰਧਕਾਰ ਦਾ ਆਦੀ ਹੋ ਗਿਆ ਹੈ।

ਇਹ ਐਸਾ ਯਾਤਰੀ ਹੈ ਜੋ ਮਾਇਆ ਦੇ ਨਸ਼ੇ ਵਿਚ ਬੇਹੋਸ਼ ਪਿਆ ਹੈ ਅਤੇ ਧਿਆਨ ਹੀ ਵਿਸਰ ਗਿਆ ਹੈ ਕਿ ਮੈਂ ਕਿਤੇ ਅੱਗੇ ਜਾਣਾ ਹੈ।

ਸਤਿਗੁਰੂ ਜਦੋਂ ਰਹਿਮਤ ਕਰਦੇ ਹਨ ਤਾਂ ਪਹਿਲੋਂ ਇਸ ਨੂੰ ਸੁੱਤੇ ਹੋਏ ਨੂੰ ਜਗਾਉਂਦੇ ਹਨ ਤੇ ਸਮਝਾਉਂਦੇ ਹਨ। ਤੂੰ ਬਹੁਤ ਦੂਰ ਜਾਣਾ ਹੈ, ਤੂੰ ਪਛੂ ਤੋਂ ਪਰਮਾਤਮਾ ਬਣਨਾ ਹੈ, ਜਾਗ ਪਉ।

ਪਹਿਲਾਂ ਤਾਂ ਗੁਰੂ ਦੀ ਗੱਲ ਇਸ ਨੂੰ ਸਮਝ ਵਿਚ ਹੀ ਨਹੀਂ ਆਉਂਦੀ। ਇਹ ਪੁਛਦਾ ਹੈ, ਕਿਵੇਂ ਤੁਰਾਂ, ਕਿਵੇਂ ਜਾਵਾਂ। ਜਦੋਂ ਸਤਿਗੁਰੂ ਨੂੰ ਪੁਛਦਾ ਹੈ, ਪਰਮ ਜੀਵਨ ਕਿਵੇਂ ਮਿਲੇ। ਉਹ ਕਹਿੰਦੇ ਹਨ ਕਿ ਮਰ ਕੇ, ਤਾਂ ਇਹ ਘਬਰਾ ਜਾਂਦਾ ਹੈ ਪਹਿਲਾਂ ਮਰਾਂ, ਫਿਰ ਜੀਵਨ ਮਿਲੇਗਾ, ਇਹ ਕੀ ਜੀਵਨ ਹੋਇਆ।

ਸਤਿਗੁਰੂ ਸਮਝਾਉਂਦੇ ਹਨ ਕਿ ਇਹ ਯਾਤਰਾ ਹੈ ਹੀ ਅਨੋਖੀ ਜਦੋਂ ਤੱਕ ਤੇਰਾ ਪਛੂਪਣਾ ਨਾ ਮਰੇਗਾ ਤੇਰੇ ਅੰਦਰ ਮਨੁੱਖਤਾ ਜਨਮ ਨਹੀਂ ਲੈ ਸਕਦੀ। ਤੂੰ ਕਦੀ ਪ੍ਰਤੀਤ ਨਹੀਂ ਕੀਤਾ, ਤੇਰੀ ਜ਼ਬਾਨ ਮਨੁੱਖ ਦੀ ਹੈ ਪਰ ਬਚਨ ਮਨੁੱਖ ਵਾਲੇ ਨਹੀਂ। ਤੇਰੀਆਂ ਅੱਖਾਂ ਮਨੁੱਖ ਵਾਲੀਆਂ ਹਨ ਪਰ ਦ੍ਰਿਸ਼ਟੀ ਮਨੁੱਖ ਵਾਲੀ ਨਹੀਂ। ਤੇਰੇ। ਹੱਥ ਮਨੁੱਖ ਦੇ ਹਨ ਪਰ ਕਰਮ ਮਨੁੱਖ ਦੇ ਨਹੀਂ। ਤੂੰ ਹੈਂ ਮਾਨਸ ਜਾਤ ਪਰ ਕਰਮ ਪਛੂ ਦੇ ਹਨ।

*ਕਰਤੂਤਿ ਪਸੂ ਕੀ ਮਾਨਸ ਜਾਤਿ॥*
*ਲੋਕ ਪਚਾਰਾ ਕਰੈ ਦਿਨੁ ਰਾਤਿ॥*

—ਸੁਖਮਨੀ ਪੰਨਾ ੨੬੭

ਤੇਰੀ ਯਾਤਰਾ ਇਹ ਨਹੀਂ ਕਿ ਗੰਗਾ ਹੋ ਆਵੇਂ। ਤੇਰੀ ਯਾਤਰਾ ਇਹ ਨਹੀਂ ਕਿ ਮੱਕੇ ਹੋ ਆਵੇਂ। ਤੇਰੀ ਯਾਤਰਾ ਇਹ ਹੈ ਕਿ ਪਛੂਪਣੇ ਤੋਂ ਗੁਰੂ ਦੀ ਸੰਗਤਿ ਤੱਕ ਪੁੱਜ ਜਾਵੇਂ।

ਇਸ ਯਾਤਰਾ ਲਈ ਦੌੜਨ ਦੀ ਲੋੜ ਨਹੀਂ, ਟਿਕਣ ਦੀ ਲੋੜ ਹੈ। ਬਾਲਮੀਕ ਟਿਕ ਗਿਆ, ਡਾਕੂ ਤੋਂ ਰਿਸ਼ੀ ਬਣ ਗਿਆ। ਸੱਜਣ ਠੱਗ ਲੱਤਾਂ ਨਾਲ ਨਹੀਂ ਤੁਰਦਾ। ਇਕ ਥਾਂ ਬੈਠਾ ਹੀ ਟਿਕ ਕੇ ਸ਼ਬਦ ਸੁਣਦਾ ਹੈ। ਅੰਦਰੋਂ ਪਛੂਪਣ ਮਰ ਗਿਆ, ਦੇਵਤਾਪਣ ਜਾਗ ਪਿਆ। ਗੁਰੂ ਨਾਨਕ ਹਿਰਦੇ ਵਿਚ ਬੈਠ ਗਏ, ਵਿਕਾਰ ਡੇਰਾ ਚੁੱਕ ਗਏ। ਯਾਤਰਾ ਪੂਰੀ ਹੋ ਗਈ।

ਇਹ ਤਾਂ ਨਫ਼ਰਤ ਘਿਰਣਾ ਤੋਂ ਪ੍ਰੇਮ ਤੱਕ ਦੀ ਯਾਤਰਾ ਸੀ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ—

*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੇ,*
*ਬੈਠਿ ਰਹਿਓ ਬਕ ਧਿਆਨ ਲਗਾਇਓ॥*

Sri Satguru Jagjit Singh Ji eLibrary NamdhariElibrary@gmail.com

*ਨਾਤ ਫਿਰਿਓ ਲੀਏ ਸਾਤ ਸਮੁਦ੍ਰਨਿ,*
*ਲੋਕ ਗਯੋ ਪਰਲੋਕ ਗਵਾਇਓ॥*
*ਬਾਸ ਕੀਓ ਬਿਖਿਆਨ ਸੋਂ ਬੈਠ ਕੇ,*
*ਐਸੇ ਹੀ ਐਸੇ ਸੁ ਬੈਸ ਬਿਤਾਇਓ॥*
*ਸਾਚੁ ਕਹੋਂ ਸੁਨ ਲੇਹੁ ਸਭੈ,*
*ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*

—ਸਵੈਯੇ, ਪਾਤਸ਼ਾਹੀ ੧੦

ਬਾਕੀ ਯਾਤਰਾ ਸਭ ਅਧੂਰੀਆਂ ਹਨ, ਧਨ ਦੀ ਯਾਤਰਾ ਵਿਚ ਵੇਖਿਆ ਹੈ। ਕਉਡੀ ਦੀ ਯਾਤਰਾ ਤੋਂ ਮਨੁੱਖ ਕਰੋੜਾਂ ਤੱਕ ਪੁੱਜ ਜਾਂਦਾ ਹੈ। ਪਰ ਅੰਦਰ ਦੀ ਭੁੱਖ ਨਹੀਂ ਮੁੱਕਦੀ। ਘਰ ਤੋਂ ਤੁਰ ਕੇ ਤੀਰਥਾਂ ਤੱਕ ਪੁੱਜ ਜਾਂਦਾ ਹੈ ਪਰ ਤੁੰਬੀ ਵਾਂਗੂੰ ਕੜਵਾ ਰਹਿੰਦਾ ਹੈ। ਭਾਵ ਕਿ ਅੰਦਰੋਂ ਕੋਈ ਫ਼ਰਕ ਨਹੀਂ ਪੈਂਦਾ।

ਪਰ ਜਦੋਂ ਸਤਿਗੁਰੂ ਦੇ ਦੱਸੇ ਗੁਰਮਤਿ ਮਾਰਗ ਦੀ ਯਾਤਰਾ ਤੇ ਚਲਦਾ ਹੈ ਫਿਰ ਤਾਂ ਜੀਵਨ ਵਿਚ ਤਬਦੀਲੀ ਹੋ ਜਾਂਦੀ ਹੈ।

*ਜਿਨਾ ਬਾਤ ਕੋ ਬਹੁਤ ਅੰਦੇਸਰੋ ਤੇ ਮਿਟੇ ਸਭ ਗਇਆ।*

ਜਿਨ੍ਹਾਂ ਗੱਲਾਂ ਦਾ ਬੜਾ ਫ਼ਿਕਰ ਰਹਿੰਦਾ ਸੀ ਉਹ ਸਾਰਾ ਮਿਟ ਗਿਆ ਹੈ।

ਜਿਹੜੇ ਜਮਦੂਤ ਵਿਕਾਰ ਮੈਨੂੰ ਬਹੁਤ ਸਤਾਉਂਦੇ ਸਨ ਉਹ ਹੁਣ ਡਰ ਗਏ ਹਨ। ਹੁਣ ਉਹ ਬੇਨਤੀ ਕਰਦੇ ਹਨ ਕਿ ਆਪਣੇ ਠਾਕੁਰ ਤੋਂ ਸਾਨੂੰ ਬਚਾ ਲੈ, ਅਸੀਂ ਤੇਰੀ ਸ਼ਰਨ ਵਿਚ ਹਾਂ।

*ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ॥*
*ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਾਇਆ॥*

—ਸੋਰਠਿ ਮਹਲਾ ੫, ਪੰਨਾ ੬੧੨

ਮਨ ਵਿਚ ਅਨੋਖੀ ਤਬਦੀਲੀ ਆ ਜਾਂਦੀ ਹੈ ਅੰਦਰ ਦੇ ਪਛੂ ਸਤਿਸੰਗੀ ਦੇਵਤੇ ਬਣ ਜਾਂਦੇ ਹਨ।

*ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ॥*
*ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥*

—ਆਸਾ ਕਬੀਰ ਜੀ, ਪੰਨਾ ੪੭੭

ਹਾਥੀ ਵਰਗਾ ਮਨ ਰਬਾਬੀ ਬਣ ਗਿਆ ਹੈ ਬੈਲ ਵਰਗਾ ਆਲਸੀ, ਮਨ ਪਖਾਵਜੀ ਮ੍ਰਿਦੰਗ ਵਜਾ ਰਿਹਾ ਹੈ, ਕਾਂ ਵਰਗਾ ਮਨ, ਛੈਣੇ ਵਜਾ ਰਿਹਾ ਹੈ। ਪ੍ਰੇਮ ਰੂਪੀ ਚੋਲਾ ਪਹਿਨ ਕੇ ਗਧੇ ਵਰਗਾ ਮਨ ਨੱਚ ਰਿਹਾ ਹੈ। ਭੈਂਸੇ ਵਰਗਾ ਮਨ ਭਗਤੀ ਕਰ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

*ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ॥*
*ਪਾਤਾਲੀ ਅਕਾਸੀ ਸਖਨੀ ਲਹਬਰ ਬੂਝੀ ਖਾਈ ਰੇ॥*

—ਆਸਾ ਮਹਲਾ ੫, ਪੰਨਾ ੩੯੧

ਬਹੁਤ ਹੀ ਨੀਚ ਚੰਡਾਲਣੀ ਬ੍ਰਿਤੀ ਹੁਣ ਬ੍ਰਹਮਣੀ ਬ੍ਰਹਮ ਨਾਲ ਸਾਂਝ ਪਾਉਣ ਵਾਲੀ ਸ੍ਰੇਸ਼ਟ ਬਿਰਤੀ ਬਣ ਗਈ ਹੈ। ਜਿਹੜੀ ਤ੍ਰਿਸ਼ਨਾ ਦੀ ਲਾਟ ਆਕਾਸ਼ ਪਾਤਾਲ ਪਾ ਕੇ ਵੀ ਭੁੱਖੀ ਸੀ ਉਹ ਹੁਣ ਮੈਂ ਖਾ ਲਈ ਹੈ ਭਾਵ ਬੁਝ ਗਈ ਹੈ। ਇਹ ਤਬਦੀਲੀ ਤਾਂ ਗੁਰੂ ਦੀ ਮਤ ਨਾਲ ਹੋਵੇਗੀ।

ਤੀਰਥਾਂ ਤੇ ਜਾਇਆਂ ਇਹ ਤਬਦੀਲੀ ਨਹੀਂ ਆਉਂਦੀ। ਤੀਰਥਾਂ ਤੇ ਤਾਂ ਹਉਮੈ ਹੀ ਵਧਦੀ ਹੈ—

*ਤੀਰਥਿ ਜਾਉ ਤ ਹਉ ਹਉ ਕਰਤੇ॥*
*ਪੰਡਿਤ ਪੂਛਉ ਤ ਮਾਇਆ ਰਾਤੇ॥*
*ਸੋ ਅਸਥਾਨੁ ਬਤਾਵਹੁ ਮੀਤਾ॥*
*ਜਾਕੈ ਹਰਿ ਹਰਿ ਕੀਰਤਨੁ ਨੀਤਾ॥*

—ਆਸਾ ਮਹਲਾ ੫, ਪੰਨਾ ੩੮੫

*ਪਹਿਲੀ ਕਰੂਪਿ ਕੁਜਾਤਿ ਕੁਲਖਣੀ ਸਾਹੁਰੇ ਪੇਈਐ ਬੁਰੀ॥*
*ਅਬ ਕੀ ਸਰੂਪਿ ਸੁਜਾਨਿ ਸੁਲਖਣੀ ਸਹਜੇ ਉਦਰਿ ਧਰੀ॥*
*ਭਲੀ ਸਰੀ ਮੁਈ ਮੇਰੀ ਪਹਿਲੀ ਬਰੀ॥*
*ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ।*

—ਆਸਾ ਕਬੀਰ ਜੀ, ਪੰਨਾ ੪੮੩

ਪਹਿਲੀ ਅਗਿਆਨਤਾ ਵਾਲੀ ਮਨਮੁਖਤਾ ਵਾਲੀ ਬਿਰਤੀ ਬੜੀ ਕਰੂਪ ਸੀ। ਭੈੜੀ ਜਾਤ ਦੀ ਸੀ, ਖੋਟੇ ਲੱਛਣਾਂ ਵਾਲੀ ਸੀ, ਲੋਕ ਪ੍ਰਲੋਕ 'ਚ ਹੀ ਬੁਰੀ ਸੀ। ਪਰ ਹੁਣ ਵਾਲੀ ਜੋ ਗੁਰੂ ਦੀ ਮਤਿ ਲੈਣ ਤੋਂ ਬਾਅਦ ਮੇਰੀ ਬਿਰਤੀ ਬਣੀ ਹੈ ਇਹ ਸੁੰਦਰ ਰੂਪ ਵਾਲੀ ਹੈ, ਸਿਆਣੀ ਹੈ, ਅਤੇ ਆਤਮਕ ਅਡੋਲਤਾ ਵਿਚ ਟਿਕ ਕੇ ਮੈਂ ਇਹ ਸਿਆਣੀ ਹਿਰਦੇ 'ਚ ਟਿਕਾਈ ਹੈ। ਬੜਾ ਚੰਗਾ ਹੋਇਆ ਹੈ। ਪਹਿਲੀ ਬਿਰਤੀ ਮਰ ਗਈ ਹੈ ਅਤੇ ਹੁਣ ਵਾਲੀ ਜੋ ਮੈਂ ਹਿਰਦੇ 'ਚ ਟਿਕਾਈ ਹੈ ਇਹ ਜੁਗ-ਜੁਗ ਜਿਊਂਦੀ ਰਹੇ।

ਅਸਲ ਯਾਤਰਾ ਹੈ ਹੀ ਬਿਰਤੀ ਦਾ, ਮਨ ਦਾ ਸੰਵਾਰਨਾ ਹੈ। ਇਹੀ ਤਾਂ ਯਾਤਰਾ ਹੈ, ਪਰ ਇਹ ਅਨੋਖੀ ਯਾਤਰਾ ਜਾਪਦੀ ਹੈ। ਮਨੁੱਖ ਜਨਮਾਂ-ਜਨਮਾਂ ਤੋਂ ਬਾਹਰ ਭਟਕ ਰਿਹਾ ਹੈ। ਅੰਦਰ ਵੱਲ ਧਿਆਨ ਹੀ ਨਹੀਂ ਆਉਂਦਾ। ਇਸੇ ਵਾਸਤੇ ਕੁਝ ਪ੍ਰਾਪਤ ਵੀ ਨਹੀਂ ਹੁੰਦਾ।

Sri Satguru Jagjit Singh Ji eLibrary NamdhariElibrary@gmail.com

ਇਕ ਪੁਰਾਣਿਕ ਕਹਾਣੀ ਹੈ ਕਿ ਇਕ ਰਾਕਸ਼ ਭਗਵਾਨ ਨਾਲ ਯੁੱਧ ਕਰਨ ਲੱਗਾ। ਭਗਵਾਨ ਇੰਨੇ ਥੱਕ ਗਏ ਕਿ ਦੌੜਨ ਦੀ, ਲੁਕਣ ਦੀ, ਗੱਲ ਸੋਚਣ ਲੱਗ ਪਏ। ਜਿਸ ਭਗਵਾਨ ਦੀ ਮੈਂ ਗੱਲ ਕਰ ਰਿਹਾ ਹਾਂ ਉਹ ਸੀ ਵਿਸ਼ਨੂੰ ਭਗਵਾਨ। ਇਨ੍ਹਾਂ ਭਗਵਾਨਾਂ ਦੀ ਕਥਾ ਵਿਚ ਦੌੜਨ ਦੀ ਗੱਲ ਆਮ ਰਹੀ ਹੈ। ਦਵਾਰਕਾ ਵਿਚ ਕ੍ਰਿਸ਼ਨ ਜੀ ਦੀ ਰਣ ਛੋੜ ਮੂਰਤੀ ਹੈ। ਪੰਡਿਤ ਗੁਲਾਬ ਸਿੰਘ ਕਹਿੰਦੇ ਹਨ ਜਿਨ੍ਹਾਂ ਭਗਵਾਨਾਂ ਦਾ ਨਾਂ ਲੈ ਕੇ ਬੰਦਾ ਸੁਖ ਚਾਹੁੰਦਾ ਹੈ ਤੇ ਦੁੱਖਾਂ ਦਾ ਨਾਸ ਚਾਹੁੰਦਾ ਹੈ ਉਹ ਤਾਂ ਆਮ ਬੰਦਿਆਂ ਤੋਂ ਵੀ ਜ਼ਿਆਦਾ ਮੁਸੀਬਤ, ਲੜਾਈ-ਝਗੜੇ ਤੇ ਕਲੇਸ਼ਾਂ ਵਿਚ ਰਹੇ ਹਨ।

*ਜਿਹ ਨਾਮ ਉਚਾਰਤ ਦੂਖ ਮਿਟੇ ਸੋ ਰਾਮ ਗਏ ਪਦ ਤੇ ਬਨ ਮਾਂਹੀ॥*
*ਮਥੁਰਾ ਤਜਿ ਕਾਨ ਬਨੀ ਅਪਦਾ ਮੁਚਕੰਦਿਹਰੀ ਗਿਰ ਕੰਦਰ ਮਾਂਹੀ॥*
*ਬਲਬੀਰ ਪਿਤਾ ਰਘਬੀਰ ਪਿਤਾ ਦੁਖ ਔਰ ਸਮਾਨ ਸਹੈ ਭਵ ਮਾਹੀ॥*
*ਕਹੁ ਰੇ ਮਨ ਕੌਨ ਸੁਖੀ ਜਗ ਮਹਿ ਤਨ ਧਾਰ ਕੇ ਜੋ ਦੁਖ ਪਾਵਤ ਨਾਂਹੀ॥*

—ਭਾਵਰਸਾਮ੍ਰਿਤ

ਵਿਸ਼ਨੂੰ ਵੀ ਕਹਿਣ ਲੱਗੇ, ਦੇਵਤਾ ਗਣੋ, ਦੱਸੋ ਮੈਂ ਇਸ ਰਾਕਸ਼ ਪਾਸੋਂ ਕਿਥੇ ਜਾ ਕੇ ਲੁੱਕ ਜਾਵਾਂ। ਇਕ ਦੇਵਤੇ ਨੇ ਕਿਹਾ ਕਿ ਸਮੁੰਦਰ ਥੱਲੇ ਲੁਕ ਜਾਵੋ। ਪਰ ਭਗਵਾਨ ਨੇ ਕਿਹਾ ਇਹ ਉਥੇ ਵੀ ਆ ਜਾਵੇਗਾ। ਇਕ ਦੇਵਤੇ ਨੇ ਕਿਹਾ ਪਹਾੜ ਦੀ ਚੋਟੀ ਤੇ ਚਲੇ ਜਾਉ, ਭਗਵਾਨ ਨੇ ਕਿਹਾ ਇਹ ਉਥੇ ਵੀ ਆ ਜਾਵੇਗਾ। ਫਿਰ ਇਕ ਦੇਵਤੇ ਨੇ ਕਿਹਾ ਇਸ ਦੇ ਅੰਦਰ ਹੀ ਲੁਕ ਜਾਵੋ। ਇਹ ਬਾਹਰ ਹੀ ਢੂੰਡਦਾ ਰਹੇਗਾ। ਰੱਬ ਅੰਦਰ ਹੈ, ਬੰਦਾ ਬਾਹਰ ਲੱਭਦਾ ਹੈ। ਰਾਕਸ਼ ਹੈ ਹੀ ਉਹ ਜੋ ਪਹਾੜ ਤਾਂ ਖੋਜਦਾ ਹੈ, ਸਮੁੰਦਰ ਤਾਂ ਖੋਜਦਾ ਹੈ ਪਰ ਆਪਣਾ ਆਪਾ ਨਹੀਂ ਖੋਜਦਾ। ਫਿਰ ਐਸਾ ਵੀ ਹੈ ਕਿ ਰਾਕਸ਼ ਹਮੇਸ਼ਾ ਬੁਰਾਈ ਹੀ ਕਰਦਾ ਹੈ। ਬੰਦੇ ਦੀ ਬਾਹਰ ਮੁਖੀ ਖੋਜ ਨੇ ਸਮੁੱਚੀ ਮਨੁੱਖਤਾ ਨੂੰ ਪਰਮਾਤਮਾ ਦੀ ਉੱਤਮ ਕ੍ਰਿਤ ਨੂੰ ਮੌਤ ਦੇ ਮੂੰਹ 'ਚ ਪਾ ਦਿੱਤਾ ਹੈ। ਇਸ ਤੋਂ ਵੱਡਾ ਰਾਕਸ਼ ਭਲਾ ਹੋਰ ਕੀ ਹੋਵੇਗਾ। ਅਜੋਕੇ ਯੁੱਗ ਦੇ ਮਨੁੱਖ ਨੂੰ ਪ੍ਰਮਾਤਮਾ ਕਦੇ ਮੁਆਫ਼ ਨਹੀਂ ਕਰੇਗਾ। ਖੋਜ ਦਾ ਸਾਰਾ ਤਾਨ ਪਦਾਰਥ ਤੇ ਲਗਾ ਦਿੱਤਾ ਹੈ। ਬਾਹਰ ਹੀ ਖੋਜਿਆ ਹੈ। ਅੰਦਰ ਕਦੇ ਝਾਤੀ ਹੀ ਨਹੀਂ ਮਾਰੀ। ਅਸਲ ਯਾਤਰਾ ਤਾਂ ਹੈ ਹੀ ਅੰਦਰ ਦੀ ਪਰ ਅੰਦਰ ਦੀ ਯਾਤਰਾ ਅੱਜ ਅਨੋਖੀ ਜਾਪਦੀ ਹੈ। ਮਨੁੱਖ ਸੋਚਦਾ ਹੈ ਕਿ ਯਾਤਰਾ ਲਈ ਤੁਰਨਾ ਜ਼ਰੂਰੀ ਹੈ, ਕੁਝ ਸਾਮਾਨ ਜ਼ਰੂਰੀ ਹੈ। ਪਰ ਅੰਦਰ ਦੀ ਯਾਤਰਾ ਲਈ ਤਾਂ ਬਿਲਕੁਲ ਹੌਲੇ ਹੋ ਕੇ, ਖ਼ਾਲੀ ਹੋ ਕੇ ਨਿਕਲਣਾ ਹੈ। ਕੋਈ ਮੈਂ ਮੇਰਾ ਨਾਲ ਨਹੀਂ ਜਾਣਾ।

ਆਪਣੇ ਆਪੇ ਨੂੰ ਖੋਜਣਾ ਹੈ। ਸਤਿਗੁਰਾਂ ਤਾਂ ਸਪੱਸ਼ਟ ਕਹਿ ਦਿੱਤਾ ਹੈ ਕਿ ਇਥੇ ਦੌੜਨਾ ਨਹੀਂ ਟਿਕਣਾ ਹੈ ਅਤੇ ਆਪਣੀ ਹਉਮੈ ਨੂੰ ਸਮਝਣਾ ਹੈ, ਬੁਝਣਾ

Sri Satguru Jagjit Singh Ji eLibrary NamdhariElibrary@gmail.com

ਹੈ। ਜੇਕਰ ਤੂੰ ਹਉਮੈ ਨੂੰ ਸਮਝ ਲਵੇਂ, ਬੁਝ ਲਵੇਂ ਤਾਂ ਹਉਮੈ ਤਾਂ ਨਹੀਂ ਮਿਲੇਗੀ ਪਰ ਇਹ ਖੋਜ ਕਰਦਿਆਂ ਤੈਨੂੰ ਪਰਮਾਤਮਾ ਦਾ ਦਰ ਜ਼ਰੂਰ ਨਜ਼ਰ ਆ ਜਾਵੇਗਾ।

*ਹਉਮੈ ਬੂਝੈ ਤਾਂ ਦਰੁ ਸੂਝੈ॥*
*ਗਿਆਨ ਵਿਹੂਣਾ ਕਥਿ ਕਥਿ ਲੂਝੈ॥*

—ਵਾਰ ਆਸਾ ਪੰਨਾ ੪੬੬

ਭਾਗਾਂ ਵਾਲੇ ਹਨ ਜਿਹਨਾਂ ਨੇ ਗੁਰੂ ਸ਼ਬਦ ਦੇ ਸ਼ੀਸ਼ੇ ਵਿਚੋਂ ਆਪਣੇ ਦਾਗ਼ ਵੇਖ ਲਏ ਅਤੇ ਆਪਣੇ ਅੰਦਰੋਂ ਪਛੂਪਣਾ ਮੁਕਾ ਲਿਆ। ਆਪਣੇ ਅੰਦਰ ਹੀ ਦੇਵਤਾਪਣ ਜਾਗ ਪਿਆ। ਐਸੇ ਬੰਦੇ ਦੀ–

*ਸਫਲ ਸਫਲ ਭਈ ਸਫਲ ਯਾਤਰਾ॥*
*ਆਵਣ ਜਾਣ ਰਹੇ ਮਿਲੇ ਸਾਧਾ॥*

—ਧਨਾਸਰੀ ਮਹਲਾ ੫, ਪੰਨਾ ੬੮੭

ਆਮ ਕਰਕੇ ਜਦੋਂ ਕੋਈ ਬੰਦਾ ਮਰ ਜਾਂਦਾ ਹੈ, ਅਸੀਂ ਕਹਿ ਦਿੰਦੇ ਹਾਂ, ਯਾਤਰਾ ਸੰਪੂਰਨ ਹੋ ਗਈ ਹੈ। ਨਹੀ ਇਹ ਤਾਂ ਅਜੇ ਯਾਤਰਾ ਵਾਸਤੇ ਤੁਰਿਆ ਵੀ ਨਹੀਂ। ਇਸ ਨੇ ਅਵਸਰ ਹੀ ਗੁਆ ਲਿਆ ਹੈ। ਇਸ ਨੇ ਯਾਤਰਾ ਕਿਥੇ ਕੀਤੀ ਹੈ। ਇਹ ਤਾਂ ਯਾਤਰਾ ਅਸਥਾਨ 'ਤੇ ਬੈਠ ਕੇ ਪਕੌੜੇ ਹੀ ਵੇਚਦਾ ਰਿਹਾ ਹੈ ਅਤੇ ਉਹ ਵੀ ਘੱਟ ਹੀ ਤੋਲਦਾ ਰਿਹਾ ਹੈ। ਸਾਰਾ ਸਮਾਂ ਗੁਆ ਬੈਠਾ ਹੈ। ਯਾਤਰਾ ਦਾ ਅਵਸਰ ਰਾਮ ਨੂੰ ਵੀ ਮਿਲਦਾ ਹੈ, ਰਾਵਣ ਨੂੰ ਵੀ, ਗੁਰੂ ਗੋਬਿੰਦ ਸਿੰਘ ਜੀ ਨੂੰ ਵੀ, ਔਰੰਗਜ਼ੇਬ ਨੂੰ ਵੀ। ਔਰੰਗਜ਼ੇਬ ਮਰ ਗਿਆ ਯਾਤਰਾ ਤਾਂ ਹੋਈ ਕੋਈ ਨਾ। ਜਿਹੜੇ ਔਰੰਗਜ਼ੇਬ ਨਾਲ ਚੱਲੇ ਉਹ ਅਧੂਰੇ ਹੀ ਗਏ। ਯਾਤਰਾ ਉਨ੍ਹਾਂ ਦੀ ਸਫ਼ਲ ਹੋਈ ਜਿਹੜੇ ਪੂਰੇ ਗੁਰੂ ਨਾਲ ਚੱਲੇ। ਚਲਣਾ ਪਛੂਪਣੇ ਤੋਂ ਹੈ ਤੇ ਪਹੁੰਚਣਾ ਹੈ ਪਰਮਾਤਮਾ ਤੱਕ। ਇਹ ਅਨੋਖੀ ਯਾਤਰਾ ਅੰਦਰ ਹੈ, ਬਾਹਰ ਨਹੀਂ।

ਜੇਕਰ ਅੰਦਰ ਦੀ ਯਾਤਰਾ ਸੰਪੂਰਨ ਹੋ ਜਾਏ ਤਾਂ ਬਾਹਰ ਦੀ ਯਾਤਰਾ ਵੀ ਸੰਪੂਰਨ ਹੋ ਜਾਵੇਗੀ ਜਿਵੇਂ ਕਿ ਇਕ ਰੁੱਖ ਦੀਆਂ ਜੜ੍ਹਾਂ ਅਰੋਗ ਹੋਣ ਤਾਂ ਉਸਦੇ ਪੱਤੇ ਵੀ ਹਰੇ ਭਰੇ ਹੋਣਗੇ। ਜੇਕਰ ਜੜ੍ਹਾਂ ਵਿਚ ਰੋਗ ਹੈ ਤਾਂ ਪੱਤੇ ਹਰੇ ਭਰੇ ਨਹੀਂ ਰਹਿ ਸਕਦੇ। ਬੇਸ਼ੱਕ ਅਸੀਂ ਇਕ ਇਕ ਪੱਤੇ ਨੂੰ ਪਾਣੀ ਨਾਲ ਧੋਈਏ, ਸਾਫ਼ ਕਰੀਏ, ਜੜ੍ਹ ਸੁੱਕੀ ਹੋਵੇਗੀ ਤਾਂ ਪੱਤੇ ਮੁਰਝਾ ਹੀ ਜਾਣਗੇ। ਇਸ ਤਰ੍ਹਾਂ ਜਿਹੜਾ ਬੰਦਾ ਅੰਦਰੋਂ ਪਰਮਾਤਮਾ ਤੱਕ ਨਹੀਂ ਪੁੱਜਾ, ਅੰਦਰ ਮਨ ਮੰਦਰ ਤੱਕ ਨਹੀਂ ਪੁੱਜਾ, ਜਿਸ ਦੇ ਅੰਦਰ ਆਤਮਿਕ ਅਡੋਲਤਾ ਪੈਦਾ ਨਹੀਂ ਹੋਈ, ਐਸਾ ਬੰਦਾ ਰੱਬ ਦੇ ਨਾਂ ਤੇ ਬਣੇ ਤੀਰਥ ਤੇ ਧਾਰਮਕ ਅਸਥਾਨਾਂ ਨੂੰ ਵੀ ਤੁਰੇ ਤਾਂ ਵੀ ਕਦਮ ਡੋਲਦੇ ਹੀ ਰਹਿਣਗੇ। ਅੰਦਰੋਂ ਜਦੋਂ ਕੋਈ ਰੱਬ ਨਾਲ ਜੁੜਦਾ ਹੈ ਤਾਂ ਫਿਰ ਤਾਂ ਉਹ ਜਿਸ ਥਾਂ ਤੇ ਬੈਠਦਾ ਹੈ ਉਹ ਥਾਂ ਵੀ ਪਵਿੱਤਰ ਹੋ ਜਾਂਦੀ ਹੈ। ਬਾਹਰ ਦਾ ਹਰ ਪੁੱਟਿਆ ਕਦਮ ਮੁਬਾਰਕ

Sri Satguru Jagjit Singh Ji eLibrary NamdhariElibrary@gmail.com

ਹੁੰਦਾ ਹੈ। ਉਮਰਾਂ ਦੇ ਚਾਰ ਭਾਗ ਸਫ਼ਲ ਹੋ ਜਾਂਦੇ ਹਨ। ਜਿਸ ਨੇ ਸਫ਼ਲ ਜੀਵਨ ਜੀਵਿਆ ਹੈ, ਉਸ ਦੀ ਮਾਤਾ ਵੀ ਧੰਨ ਹੈ, ਉਸਦਾ ਪਿਤਾ ਵੀ ਧੰਨ ਹੈ, ਉਸ ਦਾ ਮਾਤ ਗਰਭ ਸਫ਼ਲ ਹੈ। ਉਸ ਦੀ ਬਚਪਨ ਦੀ ਯਾਤਰਾ ਸਫ਼ਲ ਹੈ। ਉਸ ਦੀ ਜਵਾਨੀ ਸਫ਼ਲ ਹੈ। ਉਸ ਦੀ ਬਜ਼ੁਰਗੀ ਵਡਿਆਈ ਨਾਲ ਭਰੀ ਹੁੰਦੀ ਹੈ ਅਤੇ ਉਸ ਦੀ ਮੌਤ ਵੀ ਸਫ਼ਲ ਹੈ। ਜਦੋਂ ਕੋਈ ਆਪਣੀ ਯਾਤਰਾ ਵਿਚ ਸਫ਼ਲ ਹੁੰਦਾ ਹੈ ਤਾਂ ਉਹ ਦੂਸਰਿਆਂ ਨੂੰ ਵੀ ਸੁਚੇਤ ਕਰਦਾ ਹੈ ਕਿ ਜਿਸ ਮਾਰਗ ਤੇ ਤੂੰ ਚੱਲ ਰਿਹਾ ਹੈਂ ਇਸ ਰਸਤੇ ਦੇ ਖ਼ਤਰੇ ਕੀ ਹਨ, ਇਸ ਵਿਚ ਕਿਥੇ ਸਹੂਲਤਾਂ ਹਨ। ਉਹ ਹਰ ਪ੍ਰਾਣੀ ਨੂੰ ਪ੍ਰੇਰਨਾ ਦਿੰਦਾ ਹੈ। ਗੁਰਮਤਿ ਵਿਚ ਚਾਰ ਪੜਾਅ ਐਸੇ ਹਨ ਜਿੱਥੇ ਅਸੀਂ ਪ੍ਰੇਰਨਾ ਦੇ ਸਕਦੇ ਹਾਂ। ਜੇਕਰ ਆਪ ਸਿੱਖ ਹਾਂ ਤਾਂ ਇਹ ਪ੍ਰੇਰਨਾ ਜ਼ਰੂਰ ਦਿਆਂਗੇ।

ਪਹਿਲਾ ਹੈ ਜਨਮ ਸੰਸਕਾਰ।

ਹਰ ਜੀਵ ਜੋ ਸੰਸਾਰ ਵਿਚ ਹੈ, ਇਸ ਦਾ ਜਨਮ ਹੋਇਆ ਹੈ। ਪਛੂ ਪੰਖੀਆਂ ਵਿਚ ਇਹ ਗਿਆਨ ਨਹੀਂ ਕਿ ਆਉਣ ਵਾਲੇ ਬੱਚੇ ਬਾਰੇ ਕੁਝ ਸੋਚਣ ਅਤੇ ਉਸ ਤੋਂ ਕੁਝ ਆਸ ਰੱਖਣ ਕਿ ਸਾਨੂੰ ਕੁਝ ਸੁਖ ਦੇਵੇਗਾ।

ਮਮਤਾ ਜ਼ਰੂਰ ਹੈ ਪਰ ਉਹ ਸੁਭਾਵਕ ਹੈ। ਉਹ ਬੁੱਧ ਦੇ ਆਸਰੇ ਨਹੀਂ, ਕਿਸੇ ਗਿਆਨ ਦੇ ਆਸਰੇ ਨਹੀਂ। ਸਿਰਫ਼ ਮਨੁੱਖ ਹੀ ਐਸਾ ਜੀਵ ਹੈ ਜਿਸ ਦੇ ਬਾਰੇ ਮਾਂ ਸੋਚਦੀ ਹੈ।

*ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ॥*
*ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ॥*

—ਗਉੜੀ ਮਹਲਾ ੪, ਪੰਨਾ ੧੬੫

ਜਿਵੇਂ ਮਾਤਾ ਗਰਭ ਵਿਚ ਵੀ ਬੱਚੇ ਦੀ ਸੰਭਾਲ ਕਰ ਰਹੀ ਹੈ। ਆਸ ਹੈ ਕਿ ਪੁੱਤਰ ਜਨਮੇਗਾ ਵੱਡਾ ਹੋ ਕੇ ਮੇਰੇ ਖਾਣ-ਹੰਢਾਣ ਵਾਸਤੇ ਧਨ ਖੱਟ ਕੇ ਦੇਵੇਗਾ।

ਮਹਾਂਪੁਰਖ ਸੰਸਾਰ ਤੇ ਐਵੇਂ ਨਹੀਂ ਆਉਂਦੇ। ਕੁਝ ਧੁਰੋਂ ਆਉਂਦੇ ਹਨ, ਕੁਝ ਘਾਲਣਾ ਨਾਲ ਬਣਦੇ ਹਨ। ਜਿਹੜੇ ਬਣਦੇ ਹਨ ਉਹਨਾਂ ਦੀ ਘਾਲਣਾ ਵਿਚ ਮਾਤਾ-ਪਿਤਾ ਦਾ ਵੀ ਬਹੁਤ ਵੱਡਾ ਯੋਗਦਾਨ ਹੈ।

ਮਾਂ ਦਾ ਦਿਨ ਰਾਤ ਅਰਦਾਸਾਂ ਕਰਨਾ, ਬਾਪ ਦੀਆਂ ਸ਼ੁਭ ਕਾਮਨਾਵਾਂ। ਉਹ ਬੱਚਾ ਬੜਾ ਉੱਚੇ ਭਾਗਾਂ ਵਾਲਾ ਹੈ ਜਿਸ ਦੇ ਮਾਂ-ਬਾਪ ਧਨ ਦੀ ਕਾਮਨਾ ਤੋਂ ਉੱਚੇ ਉੱਠ ਕੇ ਧਰਮ ਦੀ ਕਾਮਨਾ ਵੀ ਰੱਖਦੇ ਹਨ।

ਸਤਿਗੁਰੂ ਰਾਮਦਾਸ ਜੀ ਨੇ ਜਦੋਂ ਬਾਬੇ ਆਦਮ ਨੂੰ ਪੁੱਤਰ ਦਾ ਵਰ ਦਿੱਤਾ ਸੀ ਤਾਂ ਮਾਤਾ ਨੇ ਕਿਹਾ ਸੀ, ਪਾਤਸ਼ਾਹੋ! ਪੁੱਤਰ ਤਾਂ ਤੁਸੀਂ ਦੇ ਦਿੱਤਾ ਹੈ ਇਹ ਵੀ ਕਿਰਪਾ ਕਰੋ ਤੁਹਾਡੇ ਦਰ ਨਾਲ ਜੁੜਿਆ ਰਹੇ, ਭਗਤੀ ਵਾਲਾ ਹੋਵੇ। ਸਤਿਗੁਰਾਂ ਕਿਹਾ ਸੀ, ਤੁਸੀਂ ਜੁੜੇ ਹੋ, ਉਹ ਵੀ ਜੁੜਿਆ ਰਹੇਗਾ। ਮਾਂ ਦੀਆਂ ਕਿੰਨੀਆਂ ਸ਼ੁਭ

Sri Satguru Jagjit Singh Ji eLibrary NamdhariElibrary@gmail.com

ਕਾਮਨਾਵਾਂ ਸਨ, ਪੁੱਤਰ ਦਾ ਨਾਂ ਹੀ ਭਗਤੂ ਰੱਖ ਦਿੱਤਾ।

ਪੁੱਤਰ ਦੇ ਜਨਮ ਵੇਲੇ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਤੇ ਪੁੱਤਰ ਦੀ ਸਲਾਮਤੀ ਮੰਗਣੀ ਤੇ ਇਹ ਭਾਵਨਾ ਰੱਖਣੀ ਕਿ ਇਹ ਸਿੱਖ ਪੰਥ ਦਾ ਨਰੋਆ ਅੰਗ ਬਣੇ। ਇਸ ਵਾਸਤੇ ਜਨਮ ਸੰਸਕਾਰ ਕੀਤਾ ਜਾਂਦਾ ਹੈ। ਗੁਰਮਤਿ ਦੀ ਰੌਸ਼ਨੀ ਤੋਂ ਪਹਿਲਾਂ ਤਾਂ ਪੰਡਤ, ਜਨਮ ਵੇਲੇ ਜੋ ਅਪਵਿੱਤਰਤਾ ਘਰ ਆ ਜਾਂਦੀ ਹੈ ਉਹ ਸੂਤਕ ਕੱਢਣ ਆਉਂਦਾ ਸੀ। ਪਰ ਸਤਿਗੁਰਾਂ ਕਿਹਾ ਬੱਚੇ ਤੋਂ ਪਵਿੱਤਰ ਹੋਰ ਕੀ ਹੋ ਸਕਦਾ ਹੈ ਜਿਸ ਨੇ ਖ਼ੁਸ਼ੀਆਂ ਨਾਲ ਘਰ ਭਰ ਦਿੱਤਾ ਹੈ। ਜਿਹੜਾ ਇਸ ਜਨਮ ਨੂੰ ਅਪਵਿੱਤਰ ਕਹਿੰਦਾ ਹੈ ਐਸੇ ਪੰਡਤ ਨੂੰ ਗੁਰਸਿੱਖ ਜਨਮ ਸੰਸਕਾਰ ਲਈ ਘਰ ਨਾ ਬੁਲਾਵੇ।

ਗੁਰਮਤਿ ਮਾਰਤੰਡ ਦੇ ਪੰਨਾ ੪੯੭ ਤੇ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ—

ਸੰਤਾਨ ਦੇ ਜਨਮ ਸਮੇਂ ਮੂਲ-ਮੰਤਰ ਦਾ ਪਾਠ ਕਰਕੇ ਗੁੜ੍ਹਤੀ ਦੇਣੀ ਅਤੇ ਅਨੰਦ ਦਾ ਪਾਠ ਕਰਨਾ ਵਿਧਾਨ ਹੈ। ਜਨਮ ਤੋਂ 40 ਦਿਨਾਂ ਅੰਦਰ ਪੰਜ ਪਉੜੀਆਂ ਜਪੁ ਦੀਆਂ ਜਲ ਵਿਚ ਖੰਡਾ ਫੇਰਦੇ ਹੋਏ ਪੜ੍ਹ ਕੇ ਪੰਜ ਬੂੰਦਾਂ ਬੱਚੇ ਬੱਚੀ ਨੂੰ ਪਿਲਾ ਕੇ ਗੁਰਸ਼ਬਦ ਤੋਂ ਅੱਖਰ ਲੈ ਕੇ ਨਾਮ ਰੱਖਣਾ ਚਾਹੀਏ। ਇਹ ਪਰੰਪਰਾ ਕਾਫ਼ੀ ਪ੍ਰਚੱਲਤ ਹੈ ਪਰ ਫਿਰ ਵੀ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਵਿਚ ਜਨਮ ਸੰਸਕਾਰ ਇਹ ਹੈ ਕਿ ਬੱਚੇ ਦੇ ਜਨਮ ਤੋਂ ਬਾਅਦ ਮਾਤਾ ਤੇ ਬੱਚਾ ਜਦੋਂ ਅਰੋਗ ਹੋ ਜਾਣ ਬੱਚੇ ਨੂੰ ਨਾਲ ਲੈ ਕੇ ਮਾਤਾ ਗੁਰਦੁਆਰੇ ਜਾਵੇ ਅਤੇ ਸਤਿਗੁਰੂ ਅੱਗੇ ਮੱਥਾ ਟੇਕਿਆ ਜਾਵੇ, ਅਰਦਾਸ ਕੀਤੀ ਜਾਵੇ। ਹੁਕਮ ਲਿਆ ਜਾਵੇ ਅਤੇ ਬੱਚੇ ਦਾ ਨਾਂ ਰੱਖਿਆ ਜਾਵੇ। ਪੰਥ ਪ੍ਰਵਾਨਤ ਮਰਯਾਦਾ ਨੂੰ ਹੀ ਮੰਨਣਾ ਹਰ ਗੁਰਸਿੱਖ ਦਾ ਫ਼ਰਜ਼ ਹੈ।

ਚੰਗਾ ਹੈ ਬੱਚੇ ਦੇ ਕੰਨਾਂ ਵਿਚ ਮਾਤਾ ਜਿੰਨੀ ਵਾਰੀ ਇਹ ਸ਼ਬਦ ਆਖੇ—

*ਪੂਤਾ ਮਾਤਾ ਕੀ ਅਸੀਸ॥*
*ਨਿਮਖ ਨਾ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥*

—ਗੂਜਰੀ ਮਹਲਾ ੫, ਪੰਨਾ ੪੯੬

ਜਿੰਨਾ ਰੱਬ ਦਾ ਸ਼ੁਕਰਾਨਾ ਹੋਵੇ ਉਨਾ ਹੀ ਥੋੜ੍ਹਾ ਹੈ। ਸਤਿਗੁਰੂ ਅਰਜਨ ਦੇਵ ਜੀ ਇਹ ਕਹਿਣ ਦੀ ਬਜਾਏ ਕਿ ਮੇਰੇ ਘਰ ਪੁੱਤਰ ਜਨਮਿਆ ਹੈ, ਕਹਿੰਦੇ ਹਨ ਸਤਿਗੁਰੂ ਸੱਚੇ ਨੇ ਆਪ ਭੇਜਿਆ ਹੈ।

ਇਹ ਗੁਰੂ ਨਾਨਕ ਨੇ ਪ੍ਰਤੱਖ ਦਾਤ ਦਿੱਤੀ ਹੈ।

ਇਹ ਪਰਮਾਤਮਾ ਦਾ ਭਗਤ ਆਇਆ ਹੈ।

*ਸਤਿਗੁਰ ਸਾਚੈ ਦੀਆ ਭੇਜਿ॥*
*ਚਿਰੁ ਜੀਵਨ ਉਪਜਿਆ ਸੰਜੋਗਿ॥*
*ਜੰਮਿਆ ਪੂਤ ਭਗਤੁ ਗੋਵਿੰਦ ਕਾ॥*

—ਆਸਾ ਮਹਲਾ ੫, ਪੰਨਾ ੩੯੬

Sri Satguru Jagjit Singh Ji eLibrary NamdhariElibrary@gmail.com

ਜਨਮ ਸੰਸਕਾਰ ਤੋਂ ਬਾਅਦ ਹੈ ਅੰਮ੍ਰਿਤ ਸੰਸਕਾਰ।

ਜਨਮ ਵੇਲੇ ਹੀ ਅੰਮ੍ਰਿਤ ਦੀ ਪ੍ਰੇਰਨਾ ਬੱਚੇ ਨੂੰ ਦੇ ਦਿੱਤੀ ਸੀ ਪਰ ਅਜੇ ਉਸ ਨੂੰ ਇਹ ਨਹੀਂ ਸੀ ਸਮਝਾਇਆ ਜਾ ਸਕਦਾ ਕਿ ਤੂੰ ਇਹ ਰਹਿਤਾਂ ਰੱਖਣੀਆਂ ਹਨ, ਇਹ ਕੁਰਹਿਤਾਂ ਨਹੀਂ ਕਰਨੀਆਂ। ਅਜੇ ਬੁੱਧ ਵਿਕਸਿਤ ਨਹੀਂ ਸੀ ਹੋਈ। ਅਜੇ ਬਾਣੀ ਦੇ ਪਾਠ ਬਾਰੇ ਨਹੀਂ ਸੀ ਸਮਝਾਇਆ ਜਾ ਸਕਦਾ। ਅਜੇ ਤਾਂ ਮਾਂ-ਬਾਪ ਨੇ ਇੰਨਾ ਹੀ ਕੀਤਾ ਸੀ ਕਿ ਅਸੀਂ ਅੰਮ੍ਰਿਤ ਦੇ ਦਾਤੇ ਦੇ ਚਰਨਾਂ ਵਿਚ ਤੈਨੂੰ ਰੱਖ ਦਿੱਤਾ ਹੈ। ਸਿੱਖੀ ਦੀ ਵਹੀ ਤੇ ਤੇਰਾ ਨਾਂ ਲਿਖਾ ਦਿੱਤਾ ਹੈ। ਜਿਵੇਂ ਜਨਮ ਦੇ ਸਮੇਂ ਅਸੀਂ ਬੱਚੇ ਦਾ ਨਾਂ ਸਰਕਾਰ ਦੇ ਘਰ ਦਰਜ ਕਰਾਉਣਾ ਜ਼ਰੂਰੀ ਸਮਝਦੇ ਹਾਂ। ਇਸ ਤੋਂ ਵੀ ਜ਼ਰੂਰੀ ਹੈ ਗੁਰੂ ਦੇ ਘਰ ਨਾਂ ਦਰਜ ਕਰਾਉਣਾ। ਜਨਮ ਸੰਸਕਾਰ ਗੁਰੂ ਦੇ ਘਰ ਨਾਂ ਦਰਜ ਕਰਾਉਣਾ ਹੀ ਸੀ। ਫਿਰ ਵੱਡਾ ਹੋਇਆ, ਹੋਸ਼ ਸੰਭਾਲੀ, ਤੁਰਨ ਜੋਗਾ ਹੋ ਗਿਆ। ਪਰ ਹੁਣ ਸੰਭਾਲ ਇਹ ਕਰਨੀ ਹੈ ਕਿ ਕਿਤੇ ਗ਼ਲਤ ਨਾ ਚੱਲੇ। ਗ਼ਲਤ ਨਾ ਬੋਲੇ, ਕੁਝ ਗ਼ਲਤ ਨਾ ਕਰੇ। ਸ਼ਕਤੀ ਵਿਕਸਿਤ ਹੋ ਰਹੀ ਹੈ। ਸ਼ਕਤੀ ਅਜਾਈਂ ਨਾ ਜਾਵੇ, ਅੰਮ੍ਰਿਤਪਾਨ ਕਰਵਾ ਦਿੱਤਾ। ਸਤਿਗੁਰੂ ਦੀ ਮੋਹਰ ਲੱਗ ਗਈ। ਜੀਵਨ ਸੰਜਮ ਵਿਚ ਹੋ ਗਿਆ। ਹੁਣ ਅਵਾਰਾ ਨਹੀਂ, ਇਹ ਮੁਰਸ਼ਦ ਵਾਲਾ ਹੈ। ਬਾਣੀ ਦੇ ਰੂਪ ਵਿਚ ਗੁਰੂ ਅੰਦਰ ਵੱਸਦਾ ਹੈ। ਬਾਣੇ ਦੇ ਰੂਪ ਵਿਚ ਬਾਹਰ ਹੈ। ਪ੍ਰੋ. ਪੂਰਨ ਸਿੰਘ ਜੀ ਦੇ ਕਥਨ ਅਨੁਸਾਰ ਤਾਂ ਇਹ ਕਕਾਰ ਸੁਹਾਗ ਦੀਆਂ ਨਿਸ਼ਾਨੀਆਂ ਹਨ। ਜੀਵਨ ਵਿਚ ਕਿਤੇ ਜ਼ਹਿਰ ਪ੍ਰਵੇਸ਼ ਨਾ ਕਰ ਜਾਏ। ਇਸ ਲਈ ਆਪਣਾ ਆਪ ਅੰਮ੍ਰਿਤ ਨਾਲ ਭਰਪੂਰ ਕਰ ਲਿਆ।

ਤੀਸਰਾ ਸੰਸਕਾਰ ਹੈ ਅਨੰਦ ਕਾਰਜ।

ਆਮ ਸੱਜਣ ਕਹਿੰਦੇ ਹਨ ਕਿ ਵਿਆਹ ਤੋਂ ਪਹਿਲਾਂ ਅੰਮ੍ਰਿਤ ਛਕਣਾ ਜ਼ਰੂਰੀ ਹੈ। ਮੈਂ ਕਹਿੰਦਾ ਹਾਂ ਕਿ ਬੱਚੇ ਬੱਚੀ ਨੂੰ ਹੀ ਨਹੀਂ, ਬੱਚੇ ਬੱਚੀ ਦੇ ਮਾਤਾ-ਪਿਤਾ ਨੂੰ ਵੀ ਜ਼ਰੂਰੀ ਹੈ। ਅੰਮ੍ਰਿਤਧਾਰੀ ਕੁੜਮ ਹੋਣਗੇ, ਬਾਣੀ ਨਾਲ ਵਾਹ ਹੋਵੇਗਾ ਤਾਂ ਜੋ ਕੋਈ ਪੰਗਤੀ ਹਿਰਦੇ ਵਿਚ ਵਸੀ ਹੋਈ ਹੋਵੇ ਕਿ :–

*ਹਰ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨ ਮੈ ਦਾਜੋ॥*
*ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥*
*ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰ ਦਾਨ ਦਿਵਾਇਆ॥*
*ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨਾ ਰਲੈ ਰਲਾਇਆ॥*
*ਹੋਰ ਮਨਮੁਖ ਦਾਜੁ ਜਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥*
*ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥*

—ਸਿਰੀ ਰਾਗ ਮ: ੪, ਪੰਨਾ ੭੯

ਅੰਮ੍ਰਿਤਧਾਰੀ ਮਾਤਾ-ਪਿਤਾ ਆਪਣੀਆਂ ਵਾਸ਼ਨਾਵਾਂ, ਆਪਣੀਆਂ ਖਾਹਸ਼ਾਂ ਤੇ

Sri Satguru Jagjit Singh Ji eLibrary NamdhariElibrary@gmail.com

ਸਾੜ ਦੇਣਗੇ ਪਰ ਘਰ ਦੀ ਜ਼ੀਨਤ ਆਪਣੀ ਇੱਜ਼ਤ ਨੂੰਹ ਰਾਣੀ ਨੂੰ ਕਦੀ ਨਹੀਂ ਸਾੜਨਗੇ। ਸਿੱਖ ਧਰਮ ਵਿਚ ਅਨੰਦ ਕਾਰਜ ਵਾਸਤੇ ਲਾਵਾਂ ਤੇ ਅਨੰਦ ਹੈ ਜੋੜਨ ਵਾਸਤੇ ਪਰ ਤੋੜਨ ਵਾਸਤੇ ਤਲਾਕ ਵਾਸਤੇ ਕੋਈ ਸ਼ਬਦ ਨਹੀਂ ਕਿ ਇਹ ਪੜ੍ਹ ਕੇ ਤਲਾਕ ਹੋ ਜਾਵੇਗਾ। ਇਥੇ ਮੇਲ ਹੈ, ਵਿਛੋੜਾ ਨਹੀਂ। ਇਹ ਜੋੜ ਦਾ ਨਾਤਾ ਹੈ।

ਅਨੰਦ ਕਾਰਜ ਹਮੇਸ਼ਾ ਗੁਣਾਂ ਨੂੰ ਤੇ ਯੋਗਤਾ ਨੂੰ ਮੁੱਖ ਰੱਖ ਕੇ ਹੋਣਾ ਚਾਹੀਦਾ ਹੈ। ਉਮਰ ਵਿਚ ਵਧੇਰੇ ਅੰਤਰ ਕਿਸੇ ਲੋਭ ਵਸ ਨਾ ਹੋਵੇ। ਬੱਚੇ ਬੱਚੀ ਦੀ ਚੋਣ ਵੇਲੇ ਕੋਈ ਡਰ ਜਾਂ ਲੋਭ ਨਾ ਹੋਵੇ।

ਫਿਰ ਬਰਾਤ ਗੁਰਮੁਖਾਂ ਦੀ ਹੋਵੇ। ਅੱਜ ਅੰਮ੍ਰਿਤਧਾਰੀਆਂ ਦੀ ਕੌਮ ਨੂੰ ਸੋਚਣਾ ਪਵੇਗਾ ਕਿ ਵੇਖਣ ਵਾਲੇ ਆਖਣ ਸਿੰਘਾਂ ਦੀ ਬਰਾਤ ਆਈ ਹੈ, ਅੰਮ੍ਰਿਤਧਾਰੀਆਂ ਦੀ ਬਰਾਤ ਆਈ ਹੈ। ਸਿੱਖ ਤੋਂ ਮੁਰਾਦ ਹੀ ਹੈ ਅੰਮ੍ਰਿਤਧਾਰੀ। ਪਰ ਹੋਵੇ ਸ਼ਰਾਬੀਆਂ ਦੀ ਬਰਾਤ, ਇਹ ਸ਼ੋਭਾ ਨਹੀਂ ਦਿੰਦਾ। ਮਿਲਣੀ ਵੇਲੇ ਸਤਿਗੁਰਾਂ ਦੇ ਸ਼ਬਦ ਦਾ ਗਾਇਨ ਹੋਵੇ, ਅੰਮ੍ਰਿਤ ਵੇਲਾ ਸਾਂਭਿਆ ਜਾਏ, ਅੰਮ੍ਰਿਤ ਵੇਲੇ ਕੀਰਤਨ ਦੇ ਨਾਲ ਹੀ ਅਨੰਦ ਕਾਰਜ ਹੋਵੇ। ਪਰ ਕੁਝ ਸਫ਼ਰ ਦੀਆਂ ਮਜਬੂਰੀਆਂ ਕਰਕੇ ਜੇਕਰ ਐਸਾ ਨਾ ਹੋ ਸਕੇ ਤਾਂ ਸਾਨੂੰ ਚਾਹੀਦਾ ਹੈ ਸਤਿਗੁਰਾਂ ਦੀ ਹਜ਼ੂਰੀ ਵਿਚ ਇਕਾਗਰ ਹੋ ਕੇ ਅੰਮ੍ਰਿਤ ਵੇਲੇ ਵਾਲਾ ਵਾਤਾਵਰਣ ਸ਼ਾਂਤੀ ਬਣਾਈ ਜਾਵੇ ਜੋ ਕਿ ਕਿਤੇ ਅੱਜ ਨਜ਼ਰ ਨਹੀਂ ਆਉਂਦੀ।

ਅਫਸੋਸ ਹੈ ਕਿ ਜਿਹੜੀ ਬਰਾਤ ਰਾਤ ਆ ਕੇ ਰਹੀ ਹੈ ਉਹ ਵੀ ਅੰਮ੍ਰਿਤ ਵੇਲਾ ਨਹੀਂ ਸਾਂਭਦੀ। ਮਜਬੂਰੀ ਇਕੋ ਹੈ ਕਿ ਰਾਤ ਦੀ ਸ਼ਰਾਬ ਨੇ ਬੇਹੋਸ਼ ਕੀਤੇ ਹਨ। ਦਸ ਵਜੇ ਤੋਂ ਪਹਿਲਾਂ ਹੋਸ਼ ਹੀ ਨਹੀਂ ਆਉਂਦੀ। ਅਸੀਂ ਗੁਰੂ ਦਾ ਪੱਲਾ ਫੜੀਏ। ਅਨੰਦ ਕਾਰਜ ਵੇਲੇ ਸ਼ੁਭ ਸਿੱਖਿਆ ਕੀਰਤਨ ਨਾਲ ਝੂਮਦਿਆਂ, ਲਾਵਾਂ ਦਾ ਪਾਠ ਗਾਇਨ, ਅਨੰਦ ਸਾਹਿਬ ਦਾ ਗਾਇਨ ਹੋਵੇ। ਐਸੇ ਜੋੜੇ ਦਾ ਜੀਵਨ, ਇਕ ਸਫ਼ਲ ਯਾਤਰਾ ਹੋਵੇਗਾ।

ਇਸ ਤੋਂ ਬਾਅਦ ਚੌਥਾ ਸੰਸਕਾਰ ਹੈ, ਮਰਨ ਸੰਸਕਾਰ।

ਜੀਵਨ ਵਿਚ ਜਿਹੜਾ ਗੁਰਮੁਖ ਬਾਪ ਗੁਰਮੁਖ ਮਾਂ ਦੀ ਗੋਦ ਵਿਚ ਖੇਡਿਆ ਹੈ ਉਸ ਦੀ ਜੁਆਨੀ ਵੀ ਸਭ ਸਿਮਰਨ ਵਿਚ ਹੀ ਗੁਜ਼ਰੇਗੀ। ਇਕ ਗੁਰਮੁਖ ਨੇ ਦੱਸਿਆ ਸੀ ਕਿ ਮੇਰੀ ਮਾਂ ਜ਼ਬਾਨੀ ਨਿਤਨੇਮ ਕਰਦੀ ਸੀ। ਮੈਨੂੰ ਸੁਣ ਕੇ ਹੀ ਸਾਰਾ ਨਿਤਨੇਮ ਕੰਠ ਹੋ ਗਿਆ। ਅਖੀਰ ਹੈ ਮੌਤ। ਅਸੀਂ ਗੁਰਬਾਣੀ ਤੋਂ ਤੇ ਗੁਰ ਇਤਿਹਾਸ ਤੋਂ ਪ੍ਰੇਰਨਾ ਲੈਣੀ ਹੈ। ਭਾਈ ਮਰਦਾਨੇ ਨੂੰ ਸਤਿਗੁਰਾਂ ਨੇ ਪੁਛਿਆ ਸੀ ਮਰਦਾਨਿਆ ਤੇਰਾ ਅੰਤ ਆ ਗਿਆ ਹੈ। ਤੇਰੀ ਕਬਰ ਬਣਾਈਏ ਕਿ ਮੜ੍ਹੀ। ਦੱਸ ਤੇਰੀ ਪੂਜਾ ਕਰਵਾ ਦੇਈਏ। ਮਰਦਾਨਾ ਬ੍ਰਹਮ ਗਿਆਨੀ ਹੋ ਚੁੱਕਾ ਸੀ ਤੇ ਬ੍ਰਹਮ ਗਿਆਨੀ ਦੀ ਇਹ ਅੰਤਿਮ ਪ੍ਰੀਖਿਆ ਸੀ। ਉਹ ਬੰਦਾ ਵੀ ਅਜੇ ਅਧੂਰਾ ਹੈ ਜਿਹੜਾ ਇਹ ਸੋਚ ਰਿਹਾ ਹੈ ਕਿ ਮੇਰੇ ਮਰਨ ਮਗਰੋਂ ਮੇਰੇ ਸਰੀਰ ਦਾ ਕਿਵੇਂ ਹੋਵੇ। ਉਹ ਮਿੱਟੀ ਨਾਲ ਹੀ ਜੁੜਿਆ ਹੈ। ਨੂਰ ਨਾਲ ਉਸ ਦਾ ਕੋਈ ਨਾਤਾ ਨਹੀਂ ਬਣਿਆ। ਸਰੀਰ

Sri Satguru Jagjit Singh Ji eLibrary NamdhariElibrary@gmail.com

ਬਾਰੇ, ਅਸਥੀਆ ਬਾਰੇ ਜਦੋਂ ਮੈਂ ਬੜੇ ਅਡੰਬਰ ਵੇਖਦਾ ਹਾਂ ਤਾਂ ਗੁਰਮਤਿ ਤੋਂ ਖਿੜਕੇ ਬੰਦੇ ਵੇਖ ਕੇ ਧਿਆਨ ਆਉਂਦਾ ਹੈ ਕਿ ਕਿਤੇ ਇਹ ਨਵੀਂ ਗੰਗਾ ਨੂੰ ਜਨਮ ਨਾ ਦੇ ਦੇਣ ਜਿਸ ਤੋਂ ਸਤਿਗੁਰਾਂ ਨੇ ਵਰਜਿਆ ਸੀ।

ਗੁਰਬਾਣੀ ਵਿਚ ਸਪੱਸ਼ਟ ਲਿਖਿਆ ਹੈ—

*ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥*
*ਇਕਿ ਪਾਣੀ ਵਿਚਉ ਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥*
*ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥*

—ਸੋਰਠਿ ਵਾਰ ਮਹਲਾ ੪, ਪੰਨਾ ੬੪੮

ਭਾਵ ਇਹ ਹੈ ਕਿ ਇਕ ਮਰਨ ਤੋਂ ਬਾਅਦ ਸਾੜੇ ਜਾਂਦੇ ਹਨ, ਕਈ ਦੱਬੇ ਜਾਂਦੇ ਹਨ, ਕਈਆਂ ਨੂੰ ਕੁੱਤੇ ਖਾ ਜਾਂਦੇ ਹਨ। ਕਈ ਦਰਿਆ ਵਿਚ ਰੋੜ੍ਹੇ ਜਾਂਦੇ ਹਨ। ਇਕ ਸੁੱਕੇ ਖੂਹ ਵਿਚ ਪਾਰਸੀ ਸੁੱਟਦੇ ਹਨ ਪਰ ਇਸ ਤਰ੍ਹਾਂ ਪਤਾ ਨਹੀਂ ਲਗਦਾ ਕਿ ਰੂਹਾਂ ਕਿਥੇ ਜਾ ਸਮਾਉਂਦੀਆਂ ਹਨ। ਭਾਵ ਦੱਬਣ ਸਾੜਨ ਨਾਲ ਪ੍ਰਲੋਕ ਦਾ ਕੋਈ ਸੰਬੰਧ ਨਹੀਂ।

ਸਤਿਗੁਰੂ ਅਮਰਦਾਸ ਜੀ ਨੇ ਕਿਹਾ ਸੀ ਮੇਰੇ ਪਿਛੇ ਪ੍ਰਭੂ ਜੀ ਦਾ ਕੀਰਤਨ, ਨਿਰਬਾਣ ਕੀਰਤਨ ਕਰਨਾ। ਨਿਰਬਾਣ ਕੀਰਤਨ ਦਾ ਅਰਥ ਕੀ ਹੈ? ਜਿਸ ਵਿਚ ਮੇਰੇ ਵਾਸਤੇ ਕੁਝ ਨਹੀਂ ਮੰਗਣਾ ਉਸ ਦੀ ਮਰਜ਼ੀ ਜਿਥੇ ਰੱਖੇ, ਜਿਥੇ ਲੈ ਜਾਏ, ਉਸ ਦੀ ਰਜ਼ਾ, ਉਸ ਦਾ ਭਾਣਾ। ਮੈਨੂੰ ਕਿਸੇ ਕਿਰਿਆ ਦੀ ਲੋੜ ਨਹੀਂ, ਮੇਰੇ ਮਗਰੋਂ ਰੋਣ ਵਾਲਾ ਮੈਨੂੰ ਬਿਲਕੁਲ ਚੰਗਾ ਨਹੀਂ ਲੱਗਣਾ। ਪੜ੍ਹੋ ਸਦ।

ਜਦੋਂ ਬਕਾਲੇ ਵਿਖੇ ਮਾਤਾ ਗੰਗਾ ਜੀ ਚੜ੍ਹਾਈ ਕਰ ਗਏ ਤਾਂ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਨੂੰ ਜਿਹੜੇ ਬਚਨ ਕਹੇ ਸਨ, ਭਾਈ ਸੰਤੋਖ ਸਿੰਘ ਜੀ ਨੇ ਇੰਜ ਲਿਖੇ ਹਨ—

ਪ੍ਰਾਣੀ ਮਗਰੋਂ ਬਾਣੀ ਦਾ ਪਾਠ ਕੀਰਤਨ ਅਰਦਾਸ ਇਹ ਹੀ ਗੁਰਮਤਿ ਹੈ—

*ਬੋਲੇ ਸਤਿਗੁਰ ਸੁਣ ਗੁਰਦਾਸ। ਪੜ੍ਹਹੁ ਗਰੰਥ ਸਾਹਿਬ ਸੁਖਰਾਸ।*
*ਬਿਦਤੈ ਸਿਖਣ ਮੈ ਅਸ ਰੀਤ। ਮ੍ਰਿਤਕ ਭਏ ਪੜਹਿ ਸਿ ਪ੍ਰੀਤ।*
*ਸਭ ਬਿਧਿ ਕੇ ਸੁਖ ਪਾਵੈ ਪ੍ਰਾਣੀ। ਜਿਸ ਹਿਤ ਪੜਣ ਕਰੈ ਗੁਰਬਾਣੀ॥*

—ਗੁ. ਪ੍ਰ. ਸੂ.

*ਜਿਸੁ ਸਿਮਰਤੁ ਸਭਿ ਕਿਲ ਵਿਖ ਨਾਸਹਿ ਪਿਤਰੀ ਹੋਇ ਉਧਾਰੋ॥*
*ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾ ਕਾ ਅੰਤ ਨਾ ਪਾਰੋ॥*

—ਗੁਜਰੀ ਮਹਲਾ ੫, ਪੰਨਾ ੪੯੬

ਪ੍ਰਾਣੀ ਨੂੰ ਭੁੰਜੇ ਲਾਹੁਣਾ, ਦੀਵੇ ਬਾਲਣੇ, ਕ੍ਰਿਆ ਕਰਮ ਕਰਾਉਣੀ। ਭਾਂਡੇ ਭੰਨਣੇ, ਧਾਹਾਂ ਮਾਰਨੀਆਂ, ਸਰਾਧ ਕਰਨੇ, ਇਹ ਸਭ ਮਨਮਤ ਹੈ। ਗੁਰੂ ਦੀ ਮੱਤ

Sri Satguru Jagjit Singh Ji eLibrary NamdhariElibrary@gmail.com

ਹੈ ਕਿ ਜਾਣ ਵਾਲੇ ਤੋਂ ਸਿੱਖਿਆ ਲਵੋ। ਜੇਕਰ ਉਸ ਨੇ ਚੰਗਾ, ਗੁਰਮਤਿ ਵਾਲਾ ਜੀਵਨ ਬਿਤਾਇਆ ਹੈ ਤਾਂ ਇਹ ਪ੍ਰੇਰਨਾ ਲਈਏ ਕਿ ਐਸਾ ਜੀਵਨ ਬਿਤਾਈਏ। ਜੇਕਰ ਕੋਈ ਬੁਰਾ ਕਰਦਾ ਹੀ ਮਰ ਗਿਆ ਹੈ ਤਾਂ ਉਸ ਤੋਂ ਵੀ ਸਿੱਖਿਆ ਲਈ ਜਾ ਸਕਦੀ ਹੈ ਕਿ ਜੋ ਇਹ ਕਰਦਾ ਰਿਹਾ ਹੈ ਉਹ ਅਸੀਂ ਨਹੀਂ ਕਰਨਾ।

ਚੰਗਾ ਤਾਂ ਇਹ ਹੈ ਕਿ ਇਹ ਪ੍ਰਾਣੀ ਸਦਾ ਮੌਤ ਨੂੰ ਯਾਦ ਰੱਖੇ। ਜੀਵਨ ਦੇ ਹਰ ਦਿਨ ਨੂੰ ਆਖਰੀ ਦਿਨ ਹੀ ਸਮਝੇ। ਆਪਣੇ ਸ਼ੁਭ ਗੁਣਾਂ ਦਾ ਬੇਬਾਣ ਆਪ ਹੀ ਬਣਾਵੇ। ਜਾਣ ਵੇਲੇ ਦੂਸਰਿਆਂ ਪਾਸੋਂ ਗਤੀ ਕਰਾਉਣ ਦੀ ਥਾਂ ਕੋਈ ਸਿੱਖਿਆ ਦੇ ਕੇ ਜਾਵੇ। ਇਕ ਵਿਦਵਾਨ ਦਾ ਕਥਨ ਹੈ–

*ਜਬ ਤੁਮ ਜਨਮੇ ਜਗਤ ਮੇਂ ਜਗ ਹੰਸਾ ਤੁਮ ਰੋਇ॥*
*ਐਸੀ ਕਰਨੀ ਕਰ ਚਲੋ ਤੁਮ ਹੰਸੋ ਜਗ ਰੋਇ॥*

ਭਾਵ ਜਦੋਂ ਤੁਸੀਂ ਜਨਮੇ ਸੀ ਜਗਤ ਹੱਸ ਰਿਹਾ ਸੀ ਪਰ ਤੁਸੀਂ ਰੋ ਰਹੇ ਸੀ। ਐਸੀ ਕਰਨੀ ਕਰੋ ਕਿ ਤੁਸੀਂ ਹੱਸਦੇ-ਹੱਸਦੇ ਜਗਤ ਤੋਂ ਚਲੇ ਜਾਵੋ ਅਤੇ ਜਗਤ ਰੋਵੇ ਕਿ ਐਸਾ ਸੱਜਣ ਚਲਾ ਗਿਆ ਹੈ, ਇਹ ਘਾਟ ਪੂਰੀ ਨਹੀਂ ਹੋਣ ਵਾਲੀ।

ਹਰ ਇਕ ਨੇ ਸੰਸਾਰ ਤੋਂ ਜਾਣਾ ਹੈ। ਜਨਮ ਤੋਂ ਮੌਤ ਤੱਕ ਇਹ ਯਾਤਰਾ ਹੈ। ਕਿਸੇ ਦੀ ਪੰਜ ਸਾਲ ਵਿਚ ਮੁੱਕ ਗਈ। ਕਿਸੇ ਦੀ ਪੰਜਾਹ ਸਾਲ ਵਿਚ। ਕਿਸੇ ਦੀ ਸੌ ਸਾਲ ਵਿਚ। ਪਰ ਸਫ਼ਲ ਯਾਤਰਾ ਉਹਨਾਂ ਦੀ ਹੀ ਹੋਵੇਗੀ ਜਿਨ੍ਹਾਂ ਦਾ ਨਾਤਾ ਅੰਦਰੋਂ ਪਰਮ ਜੋਤਿ ਨਾਲ ਜੁੜ ਗਿਆ। ਜਿਨ੍ਹਾਂ ਨੇ ਅੰਦਰੋਂ ਪਛੂਪਣੇ ਤੋਂ ਅਰੰਭ ਕਰਕੇ ਪਰਮਾਤਮਾ ਦੇ ਦੇਸ਼ ਵਿਚ ਕਦਮ ਜਾ ਰੱਖਿਆ ਉਹਨਾਂ ਦੀ ਯਾਤਰਾ ਭਾਵੇਂ ਸਾਹਿਬਜ਼ਾਦਾ ਫਤਹਿ ਸਿੰਘ ਵਾਂਗੂੰ 7 ਸਾਲ ਵਿਚ ਮੁਕੇ ਤੇ ਭਾਵੇਂ ਬਾਬਾ ਬੁੱਢਾ ਜੀ ਵਾਂਗੂੰ 125 ਸਾਲ ਦੀ ਉਮਰ ਵਿਚ। ਭਾਵੇਂ ਜੁਆਨੀ ਵਿਚ ਤਾਰੂ ਸਿੰਘ ਵਾਂਗੂੰ, ਭਾਵੇਂ ਬੁਢੇਪੇ ਵਿਚ ਮਨੀ ਸਿੰਘ ਜੀ ਵਾਂਗੂੰ ਮੁਕੇ, ਯਾਤਰਾ ਸਫ਼ਲ ਹੁੰਦੀ ਹੈ।

ਜੀਵਨ ਯਾਤਰਾ ਹੈ। ਅਫਸੋਸ ਹੈ ਕਿ ਸਰੀਰ ਤਾਂ ਜਨਮ ਤੋਂ ਮੌਤ ਤੱਕ ਹਰ ਇਕ ਦਾ ਯਾਤਰਾ ਪੂਰੀ ਕਰ ਲੈਂਦਾ ਹੈ। ਪਰ ਸੁਰਤ ਕਿਸੇ ਭਾਗਾਂ ਵਾਲੇ ਦੀ ਪਛੂਪਣੇ ਤੋਂ ਪਰਮਾਤਮਾ ਤੱਕ ਪੁਜਦੀ ਹੈ। ਸੁਰਤਿ ਕਿਸੇ ਦੀ ਦੁੱਖ ਤੋਂ ਅਨੰਦ ਤੱਕ ਪੁਜਦੀ ਹੈ। ਸੁਰਤਿ ਕਿਸੇ ਭਾਗਾਂ ਵਾਲੇ ਦੀ ਹੀ ਮੌਤ ਤੋਂ ਅੰਮ੍ਰਿਤ ਤੱਕ ਪੁਜਦੀ ਹੈ। ਆਮ ਕਰਕੇ ਤਾਂ–

*ਕਿਆਮਤ ਕਾ ਦਿਨ ਆ ਗਯਾ ਰਫਤਾ ਰਫਤਾ।*
*ਮੁਲਾਕਾਤ ਕਾ ਦਿਨ ਬਦਲਤੇ ਬਦਲਤੇ।*

ਪਰਮਾਤਮਾ ਨਹੀਂ ਮਿਲਦਾ ਮੌਤ ਆ ਜਾਂਦੀ ਹੈ। ਇਹ ਤਾਂ ਇੰਜ ਹੈ ਜਿਵੇਂ ਕੋਈ ਮੰਜ਼ਲ ਤੇ ਪੁੱਜੇ ਹੀ ਨਾ ਤੇ ਰਾਹ ਵਿਚ ਦੁਰਘਟਨਾ ਹੋ ਜਾਵੇ।

ਇਹ ਅਰਦਾਸ ਕਰਨੀ ਹੈ–

Sri Satguru Jagjit Singh Ji eLibrary NamdhariElibrary@gmail.com

*ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨਾ ਭਉਜਲਿ ਫੇਰਾ ॥*

—ਮਾਰੂ ਕਬੀਰ ਜੀ, ਪੰਨਾ ੧੧੦੪

ਜਿਵੇਂ ਅਸੀਂ ਇਕ ਸ਼ਹਿਰ ਤੋਂ ਤੁਰਦੇ ਹਾਂ ਦੂਸਰੇ ਸ਼ਹਿਰ ਲਈ। ਮੀਲ ਪੱਥਰ ਤੋਂ ਪੜ੍ਹ ਲਿਆ ਹੈ, ਅਗਲਾ ਸ਼ਹਿਰ ਸੌ ਮੀਲ ਹੈ। ਜਿਉਂ-ਜਿਉਂ ਅੱਗੇ ਗਏ ਉਹ ਗਿਣਤੀ ਘਟਦੀ ਗਈ। ਅਖੀਰ ਤੇ ਸਿਫਰ, ਜ਼ੀਰੋ (0) ਆ ਗਿਆ ਇਸ ਦਾ ਭਾਵ ਹੈ ਫਾਸਲਾ ਮੁੱਕ ਗਿਆ। ਇੰਜ ਹੀ ਸਮਝਣਾ, ਜਿਉਂ-ਜਿਉਂ ਪਰਮਾਤਮਾ ਵਾਲੇ ਪਾਸੇ ਤੁਰਦੇ ਹਾਂ ਤਿਉਂ-ਤਿਉਂ ਜਿਵੇਂ ਮੀਲ ਪੱਥਰਾਂ ਤੇ ਗਿਣਤੀ ਘਟਦੀ ਜਾਂਦੀ ਹੈ ਇਸੇ ਤਰ੍ਹਾਂ ਅੰਦਰੋਂ ਵਾਸ਼ਨਾਵਾਂ ਮੁੱਕ ਜਾਂਦੀਆਂ ਹਨ। ਪਹਿਲਾਂ ਘਟਦੀਆਂ ਹਨ ਤੇ ਅਖ਼ੀਰ ਮੁੱਕ ਜਾਂਦੀਆਂ ਹਨ। ਸ਼ਹਿਰ ਆ ਜਾਂਦਾ ਹੈ ਤਾਂ ਮੀਲ ਪੱਥਰ ਤੇ ਜ਼ੀਰੋ ਹੁੰਦਾ ਹੈ, ਪ੍ਰਮਾਤਮਾ ਮਿਲਦਾ ਹੈ, ਤਾਂ ਯਾਤਰਾ ਪੂਰੀ ਹੋ ਜਾਂਦੀ ਹੈ। ਹਉਮੈ ਜ਼ੀਰੋ ਹੋ ਜਾਂਦੀ ਹੈ ਨਾਮ ਭਰਪੂਰ ਹੋ ਜਾਂਦਾ ਹੈ। ਆਪਣਾ ਆਪਾ ਮੁੱਕ ਜਾਂਦਾ ਹੈ ਮਗਰ ਪਰਮਾਤਮਾ ਹੀ ਪਰਮਾਤਮਾ ਹੁੰਦਾ ਹੈ।

ਇਹ ਹੈ ਧਰਮ ਦੀ ਅਨੋਖੀ ਯਾਤਰਾ।

ਇਹ ਯਾਤਰਾ ਨਾ ਹੋਈ ਤਾਂ ਬਾਹਰਲੇ ਤੀਰਥਾਂ ਦੀ ਯਾਤਰਾ ਵਿਅਰਥ ਹੈ। ਗੁਰਮਤਿ ਅਨੁਸਾਰ ਸਿੱਖ ਯਾਤਰੀ ਦੀ ਮੰਜ਼ਲ ਹੈ—

*ਮਨੁ ਅੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥*
*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥*

—ਬਿਲਾਵਲ ਮ: ੧, ਪੰਨਾ ੭੯੫

❋❋

Sri Satguru Jagjit Singh Ji eLibrary NamdhariElibrary@gmail.com

# 2 ਸੱਚ

ਸਤਿਗੁਰੂ ਨਾਨਕ ਦੇਵ ਜੀ ਦਾ ਬਚਨ ਹੈ—

*ਕੂੜ ਨਿਖੁਟੇ ਨਾਨਕਾ ਓੜਕਿ ਸਚ ਰਹੀ॥*

—ਰਾਮਕਲੀ ਵਾਰ, ਪੰਨਾ ੯੫੩

ਸੰਸਾਰ ਇਕ ਦਿਨ ਨਹੀਂ ਸੀ, ਹੁਣ ਹੈ, ਇਕ ਦਿਨ ਨਹੀਂ ਰਹੇਗਾ। ਸੱਚ (ਪਰਮਾਤਮਾ) ਪਹਿਲਾਂ ਵੀ ਸੀ, ਹੁਣ ਵੀ ਹੈ, ਅੱਗੋਂ ਵੀ ਰਹੇਗਾ। ਸੱਚ ਅਬਿਨਾਸੀ ਹੈ, ਅਬਿਨਾਸੀ ਵਿਚ ਤੋਟਾ ਨਹੀਂ, ਉਸ ਉਤੇ ਕਾਲ ਦਾ ਅਸਰ ਨਹੀਂ ਉਹ ਅਕਾਲ ਹੈ। ਇਸ ਵਾਸਤੇ ਸਚਿਆਰ ਸੱਚ ਉਤੋਂ ਆਪਣਾ ਧਨ ਕੁਰਬਾਨ ਕਰ ਦਿੰਦੇ ਹਨ, ਸੱਚ ਨਾਲ ਜੁੜਿਆਂ ਦੀ ਸੇਵਾ, ਸੱਚਾ ਸੌਦਾ ਹੈ ਅਤੇ ਇਹ ਸੱਚ ਤੋਂ ਧਨ ਕੁਰਬਾਨ ਕਰਨਾ ਹੀ ਹੈ। ਕੂੜ ਦੀ ਇਕ ਧਾਰਨਾ ਹੈ ਜੋ ਕਦੀ ਜ਼ੁਬਾਨ ਰਾਹੀਂ ਪ੍ਰਗਟ ਹੁੰਦੀ ਹੈ, ਕਦੀ ਦਿਮਾਗ਼ ਰਾਹੀਂ ਅਤੇ ਕਦੀ ਕਰਮਾਂ ਰਾਹੀਂ। ਜਦੋਂ ਮਨੁੱਖ ਮਿਥਿਆ ਧਨ ਦੇ ਲੋਭ ਲਈ, ਮਿਥਿਆ ਧਨ ਦੇ ਸਨਮਾਨ ਲਈ, ਜਾਂ ਮਿਥਿਆ ਜੀਵਨ ਲਈ ਜ਼ਬਾਨ ਚਲਾਉਂਦਾ ਹੈ, ਉਹ ਝੂਠ ਹੁੰਦਾ ਹੈ। ਐਸੀ ਗੱਲ ਸੁਣਨੀ ਝੂਠ ਸੁਣਨਾ ਹੈ ਅਤੇ ਐਸੀ ਸੋਚਣੀ ਝੂਠੀ ਹੈ, ਐਸਾ ਕਰਨਾ ਵੀ ਝੂਠਾ ਹੈ ਮਿੱਥਿਆ ਹੈ। ਸੱਚ ਤੋਂ ਟੁਟ ਕੇ ਨਾਮ ਤੋਂ ਬੇਮੁਖ ਹੋ ਕੇ ਜੋ ਸੁਣਨਾ, ਸੋਚਣਾ, ਬੋਲਣਾ ਕਰਨਾ ਹੈ, ਸਭ ਮਿਥਿਆ ਹੈ। ਸਾਹਿਬਾਂ ਦਾ ਫ਼ਰਮਾਨ ਹੈ—

*ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ॥*
*ਮਿਥਿਆ ਹਸਤ ਪਰ ਦਰਬ ਕਉ ਹਿਰਹਿ॥*
*ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦਿ॥*
*ਮਿਥਿਆ ਰਸਨਾ ਭੋਜਨ ਅਨ ਸ੍ਵਾਦ॥*
*ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ॥*
*ਮਿਥਿਆ ਮਨ ਪਰ ਲੋਭ ਲੁਭਾਵਹਿ॥*
*ਮਿਥਿਆ ਤਨ ਨਹੀ ਪਰਉਪਕਾਰਾ॥*
*ਮਿਥਿਆ ਬਾਸੁ ਲੇਤ ਬਿਕਾਰਾ॥*

*ਬਿਨੁ ਬੂਝੇ ਮਿਥਿਆ ਸਭ ਭਏ॥*
*ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ॥*

—ਸੁਖਮਨੀ, ਪੰਨਾ ੨੬੯

ਕਈ ਬੰਦੇ ਧੰਦੇ ਵਾਸਤੇ ਸਾਰੀ ਦਿਹਾੜੀ ਇੰਨੇ ਬੋਲਦੇ ਹਨ ਜ਼ਬਾਨ ਥੱਕ ਜਾਂਦੀ ਹੈ, ਪਾਠ ਕਰਨ ਜੋਗੇ ਨਹੀਂ ਰਹਿੰਦੇ। ਕਈ ਸੱਜਣਾਂ ਨੂੰ ਵਪਾਰ ਦੇ ਸਬੰਧ ਵਿਚ ਦਿਨ-ਰਾਤ ਇੰਨੇ ਫ਼ੋਨ ਸੁਣਨੇ ਪੈਂਦੇ ਹਨ ਕਿ ਕੰਨ ਬਾਣੀ ਸੁਣਨ ਵਾਸਤੇ ਤਿਆਰ ਨਹੀਂ ਹੁੰਦੇ। ਐਸੇ ਮਨੁੱਖ ਨੇ ਆਪਣੀ ਸੋਚਣੀ ਵੇਚ ਕੇ, ਬਚਨ ਵੇਚ ਕੇ, ਸਾਰੀ ਉਮਰ ਇਕੱਠਾ ਕੀ ਕੀਤਾ, ਧਨ, ਜੋ ਨਾਲ ਨਹੀਂ ਜਾਣਾ। ਸੰਸਾਰ ਝੂਠਾ ਹੈ ਇਹ ਇਕੱਠਾ ਕਰਨ ਲਈ ਜੋ ਵੀ ਕਰਾਂਗੇ ਉਹ ਝੂਠ ਹੀ ਹੋਵੇਗਾ। ਸੱਚ ਤਾਂ ਸੱਚ ਨਾਲ ਹੀ ਮਿਲੇਗਾ। ਝੂਠ, ਝੂਠ ਨਾਲ ਹੀ ਮਿਲੇਗਾ। ਝੂਠ ਹੀ ਪਾਪ ਹੈ, ਸੱਚ ਹੀ ਸਭ ਤੋਂ ਵੱਡਾ ਪੁੰਨ ਹੈ। ਝੂਠ ਪਾਉਣ ਲਈ ਜੋ ਵੀ ਕਰਾਂਗੇ ਉਹ ਪਾਪ ਹੈ। ਸੱਚ ਪ੍ਰਾਪਤੀ ਲਈ ਜੋ ਵੀ ਕਰਾਂਗੇ ਉਹ ਪੁੰਨ ਹੈ। ਝੂਠ ਇਕ ਬੰਧਨ ਹੈ, ਸੱਚ ਇਕ ਮੁਕਤੀ ਹੈ। ਪਰਮਾਤਮਾ ਸੱਚ ਹੈ ਇਸੇ ਲਈ ਪਰਮਾਤਮਾ ਮੁਕਤ ਹੈ। ਮੋਖ ਪ੍ਰਾਪਤ ਕਰਨਾ ਕੀ ਹੈ। ਪਰਮਾਤਮਾ ਪ੍ਰਾਪਤ ਕਰਨਾ। ਜਦੋਂ ਲਕਸ਼ ਪਰਮਾਤਮਾ ਹੋਵੇ, ਸੱਚ ਹੋਵੇ, ਫਿਰ ਜ਼ਬਾਨ ਤੋਂ ਆਪੇ ਹੀ ਉਸ ਦੀ ਪ੍ਰਾਪਤੀ ਲਈ ਬਚਨ ਨਿਕਲਦੇ ਹਨ ਅਤੇ ਉਸ ਦੀ ਪ੍ਰਾਪਤੀ ਲਈ ਕਰਮ ਹੁੰਦੇ ਹਨ। ਜਿਹੜੇ ਬੱਚੇ ਪਰਮਾਤਮਾ ਦੀ ਪ੍ਰਾਪਤੀ ਲਈ, ਮੋਖ ਲਈ ਮੂੰਹ ਤੋਂ ਨਿਕਲਣ ਉਹ ਬਚਨ ਸੱਚ ਹਨ, ਜੋ ਮਨੁੱਖ ਨੂੰ ਮੁਕਤ ਕਰਨ, ਬੰਧਨ ਤੋੜ ਦੇਣ।

ਇਸ ਪ੍ਰਥਾਇ ਇਕ ਕਥਾ ਹੈ। ਇਕ ਸੱਜਣ ਆਉਣ-ਜਾਣ ਵਾਲਿਆਂ ਤੋਂ ਬੜਾ ਤੰਗ ਹੋ ਗਿਆ। ਉਸ ਨੇ ਇਕ ਤੋਤਾ ਖਰੀਦਿਆ ਜਿਹੜਾ ਸਿਰਫ਼ ਇੰਨਾ ਕਹਿੰਦਾ ਸੀ, ''ਮੇਰਾ ਮਾਲਕ ਘਰ ਨਹੀਂ,'' ਇਕ ਦਿਨ ਇਕ ਫ਼ਕੀਰ ਗਾ ਰਿਹਾ ਸੀ ਕਿ ਜਿਹੜੇ ਸੱਚ ਬੋਲਦੇ ਹਨ ਮੁਕਤ ਹੋ ਜਾਂਦੇ ਹਨ। ਇਸ ਤੋਤੇ ਨੇ ਸੁਣ ਲਿਆ। ਉਸ ਨੂੰ ਆਪਣੀਆਂ ਉਡਾਰੀਆਂ ਯਾਦ ਆਈਆਂ। ਅੱਜ ਉਸ ਨੇ ਇਕ ਬੰਦੇ ਨੂੰ ਕਹਿ ਦਿੱਤਾ ਕਿ ਮਾਲਕ ਘਰ ਹੀ ਹੈ। ਮਾਲਕ ਨਾਰਾਜ਼ ਹੋਇਆ। ਜਦੋਂ ਦੋ-ਚਾਰ ਦਿਨ ਲਗਾਤਾਰ ਇੰਜ ਹੋਇਆ ਤਾਂ ਉਸ ਨੇ ਤੋਤੇ ਨੂੰ ਨਿਕੰਮਾ ਜਾਣ ਕੇ ਪਿੰਜਰੇ 'ਚੋਂ ਬਾਹਰ ਕੱਢ ਦਿੱਤਾ। ਉਸ ਨੇ ਉਡਾਰੀ ਮਾਰ ਕੇ ਕਿਹਾ, ''ਪਤਾ ਹੁੰਦਾ ਤਾਂ ਮੈਂ ਪਹਿਲਾਂ ਹੀ ਸੱਚ ਬੋਲਦਾ, ਝੂਠ ਬੋਲਣ ਕਰਕੇ ਹੀ ਮੇਰੇ ਲਈ ਪਿੰਜਰਾ ਸੀ, ਬੰਧਨ ਸੀ। ਹੁਣ ਮੈਂ ਮੁਕਤ ਹਾਂ।''

*ਤੋਤੇ ਨੇ ਸੁਣ ਰਮਜ਼ ਫਕੀਰੀ ਝੂਠ ਦੀਆ ਜਬ ਛੋੜ॥*
*ਖੋਹਲ ਦੀਆ ਮਾਲਕ ਨੇ ਪਿੰਜਰਾ, ਦੀਆ ਬੰਧਨ ਤੋੜ॥*
*ਮਾਰ ਉਡਾਰੀ ਤੋਤਾ ਬੋਲਾ, ਹੂੰ ਸੰਤ ਕਾ ਸ਼ੁਕਰ ਗੁਜ਼ਾਰ॥*
*ਬਾਤ ਸੰਤ ਕੀ ਸੁਣੇ ਲੋਕਾਈ ਪਰੈ ਭਵਜਲੋਂ ਪਾਰ॥*

ਮਨੁੱਖ ਦੇ ਅੰਦਰ ਇਕ ਸੱਚ ਦੀ ਧਾਰਨਾ ਬਣੇ, ਫਿਰ ਉਹ ਭਾਵੇਂ ਸੁਖੀ ਹੋਵੇ ਭਾਵੇਂ ਦੁਖੀ ਉਹ ਸੱਚ ਦਾ ਪੱਲਾ ਨਹੀਂ ਛੱਡਦਾ। ਧਨ ਦੇ ਲਾਭ ਵਾਸਤੇ ਮਨੁੱਖ ਭਾਵੇਂ ਸੱਚ ਬੋਲੇ, ਭਾਵੇਂ ਝੂਠ ਬੋਲੇ ਬਰਾਬਰ ਹੀ ਹੈ। ਸਵਾਲ ਇਥੇ ਸੱਚ ਝੂਠ ਦਾ ਨਹੀਂ, ਸਵਾਲ ਉਸ ਦੇ ਲੋਭ ਦਾ ਹੈ।

ਇਸ ਪ੍ਰਥਾਏ ਇਕ ਕਥਾ ਹੈ–ਇਕ ਮਹਾਤਮਾ ਨੇ ਸਫ਼ਰ 'ਤੇ ਜਾਣਾ ਸੀ, ਉਸ ਨੇ ਸਫਰ ਵਾਸਤੇ ਚਾਰ ਫੁਲਕੇ ਲਏ। ਇਕ ਸਵਾਰਥੀ ਬੰਦਾ ਸਫ਼ਰ ਦਾ ਸਾਥੀ ਨਾਲ ਮਿਲ ਗਿਆ। ਮਹਾਤਮਾ ਦੇ ਮਨ ਵਿਚ ਸੀ ਕਿ ਦੁਪਹਿਰ ਹੋ ਗਈ ਹੈ। ਇਹ ਭੋਜਨ ਅੱਧਾ ਇਸ ਨੂੰ ਦੇਵਾਂਗੇ। ਭੋਜਨ ਤੇ ਕਰਨਾ ਹੀ ਹੈ ਵੰਡ ਛਕਣ ਦਾ ਹੋਰ ਅਨੰਦ ਆਵੇਗਾ। ਉਸ ਮਹਾਤਮਾ ਨੇ ਭੋਜਨ ਇਕ ਦਰੱਖਤ ਦੇ ਥੱਲੇ ਟਿਕਾ ਕੇ ਕਿਹਾ ਕਿ ਪ੍ਰੇਮੀਆਂ ਮੈਂ ਨਦੀ ਤੋਂ ਹੱਥ ਧੋ ਆਵਾਂ ਧਿਆਨ ਰੱਖੀਂ। ਮਹਾਤਮਾ ਦੇ ਆਉਂਦਿਆਂ ਨੂੰ ਇਹ ਇਕ ਫੁਲਕਾ ਖਾ ਚੁੱਕਾ ਸੀ। ਮਹਾਤਮਾ ਨੇ ਆ ਕੇ ਦੇਖਿਆ ਕਿ ਮੈਂ ਚਾਰ ਫੁਲਕੇ ਪਕਾਏ ਸੰਨ, ਆਪਣੇ ਹੱਥੀਂ ਬੰਨ੍ਹੇ ਸਨ। ਪੁੱਛਿਆ, ਇਕ ਫੁਲਕਾ ਤੂੰ ਤਾਂ ਨਹੀਂ ਲਿਆ। ਇਸ ਨੇ ਨਾਂਹ ਕੀਤੀ। ਫਿਰ ਵੀ ਮਹਾਤਮਾ ਨੇ ਦੋ ਫੁਲਕੇ ਇਸ ਨੂੰ ਦਿੱਤੇ ਇਕ ਆਪ ਛੱਕਿਆ। ਨਦੀ 'ਚ ਪਾਣੀ ਬਹੁਤ ਸੀ ਪਰ ਮਹਾਤਮਾ ਰੱਬ ਦਾ ਨਾਂ ਲੈ ਰਿਹਾ ਸੀ, ਪਾਰ ਹੋ ਗਏ। ਅਗੋਂ ਜੰਗਲ ਵਿਚ ਸ਼ੇਰ ਆ ਰਿਹਾ ਸੀ। ਨਾਮ ਦੀ ਬਰਕਤ ਨਾਲ ਉਥੋਂ ਵੀ ਬਚ ਗਏ। ਮਹਾਤਮਾ ਨੇ ਪੁਛਿਆ ਜਿਸ ਨਾਮ ਦੀ ਬਰਕਤ ਨਾਲ ਨਦੀ ਪਾਰ ਹੋਏ, ਸ਼ੇਰ ਤੋਂ ਬਚੇ, ਉਸ ਪਰਮਾਤਮਾ ਦੀ ਕਸਮ ਹੈ ਇਕ ਫੁਲਕਾ ਤੂੰ ਤਾਂ ਨਹੀਂ ਸੀ ਖਾਧਾ ਇਸ ਨੇ ਕਿਹਾ ਨਹੀਂ। ਕੁਝ ਹੀ ਅੱਗੇ ਗਏ ਸਨ ਕਿ ਇਕ ਥੈਲੀ ਲੱਭੀ ਜਿਸ ਵਿਚ ਸੋਨੇ ਦੀਆਂ ਮੋਹਰਾਂ ਸਨ। ਮਹਾਤਮਾ ਨੇ ਚਾਰ ਹਿੱਸੇ ਕੀਤੇ ਇਕ ਹਿੱਸਾ ਆਪ ਚੁੱਕਿਆ, ਦੋ ਇਸ ਨੂੰ ਦੇ ਕੇ ਕਿਹਾ, ''ਚੌਥਾ ਰਹਿਣ ਦਿਉ, ਇਹ ਉਸਦਾ ਹੈ, ਜਿਸ ਨੇ ਚੌਥਾ ਫੁਲਕਾ ਖਾਧਾ ਹੈ।'' ਇਹ ਫੌਰਨ ਕਹਿਣ ਲੱਗਾ ਜੀ, ਉਹ ਮੈਂ ਹੀ ਖਾਧਾ ਸੀ। ਐਸੇ ਬੰਦੇ ਦਾ ਸੱਚ ਝੂਠ ਬਰਾਬਰ ਹੈ ਕੋਈ ਫ਼ਰਕ ਨਹੀਂ।

ਗੰਗੂ ਦਾ ਸੱਚ ਲੋਭ 'ਤੇ ਖੜ੍ਹਾ ਹੈ। ਉਹ ਕਹਿ ਰਿਹਾ ਹੈ ਕਿ ਗੁਰੂ ਸਾਹਿਬ ਦੇ ਦੋ ਬੱਚੇ ਅਤੇ ਮਾਤਾ ਮੇਰੇ ਘਰ ਹੈ। ਪਰ ਗਨੀ ਖ਼ਾਂ, ਨਬੀ ਖ਼ਾਂ ਦਾ ਝੂਠ ਕੁਰਬਾਨੀ ਤੇ ਖੜ੍ਹਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ।

ਇਸ ਪ੍ਰਥਾਇ ਇਕ ਹੋਰ ਕਥਾ ਹੈ–ਇਕ ਰਾਜੇ ਨੇ ਇਕ ਦੋਸ਼ੀ ਦਾ ਦੋਸ਼ ਸਿੱਧ ਹੋਣ ਤੇ ਉਸ ਨੂੰ ਮੌਤ ਦਾ ਹੁਕਮ ਦੇ ਦਿੱਤਾ। ਦੋਸ਼ੀ ਨੇ ਜੋ ਮੂੰਹ ਵਿਚ ਆਇਆ ਰਾਜੇ ਨੂੰ ਕਿਹਾ। ਰਾਜਾ ਉਸ ਦੋਸ਼ੀ ਦੀ ਭਾਸ਼ਾ ਨੂੰ ਨਹੀਂ ਸੀ ਸਮਝਦਾ। ਰਾਜੇ ਨੇ ਦੁਭਾਸ਼ੀਏ ਨੂੰ ਪੁਛਿਆ ਇਹ ਕੀ ਕਹਿੰਦਾ ਹੈ? ਦੁਭਾਸ਼ੀਏ ਨੇ ਕਿਹਾ ਇਹ ਕਹਿੰਦੇ ਹੈ ਜਿਹੜਾ ਦੂਸਰੇ ਦਾ ਗੁਨਾਹ ਮੁਆਫ਼ ਕਰ ਦਿੰਦੇ ਹਨ, ਆਖ਼ਰੀ ਸਮੇਂ ਖ਼ੁਦਾ

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦਾ ਗੁਨਾਹ ਮੁਆਫ਼ ਕਰ ਦੇਵੇਗਾ। ਰਾਜੇ ਨੂੰ ਰਹਿਮ ਆ ਗਿਆ। ਉਸ ਨੇ ਉਸ ਦੀ ਸਜ਼ਾਇ-ਮੌਤ ਮੁਆਫ਼ ਕਰ ਦਿੱਤੀ। ਇਕ ਵਜ਼ੀਰ ਜੋ ਸਾਰੀ ਗੱਲ ਸਮਝਦਾ ਸੀ, ਉਸ ਦੁਭਾਸ਼ੀਏ ਨਾਲ ਈਰਖਾ ਕਰਦਾ ਸੀ ਉਸ ਨੇ ਕਿਹਾ ਕਿ ਹੇ ਬਾਦਸ਼ਾਹ! ਜੋ ਬਾਦਸ਼ਾਹਾਂ ਦੇ ਨਜ਼ਦੀਕ ਰਹਿਣ ਵਾਲੇ ਹੋਣ ਉਨ੍ਹਾਂ ਨੂੰ ਝੂਠ ਨਹੀਂ ਬੋਲਣਾ ਚਾਹੀਦਾ। ਇਹ ਦੋਸ਼ੀ ਜਹਾਂ ਪਨਾਹ ਨੂੰ ਗਾਲੀਆਂ ਦੇ ਰਿਹਾ ਹੈ। ਪਰ ਇਸ ਦੁਭਾਸ਼ੀਏ ਨੇ ਵਿਆਖਿਆ ਗ਼ਲਤ ਕੀਤੀ ਹੈ। ਪਰ ਬਾਦਸ਼ਾਹ ਪਹਿਲੇ ਸੱਜਣ ਦੀ ਵਿਚਾਰ ਨਾਲ ਇੰਨਾ ਤਰਸ ਨਾਲ ਭਰ ਗਿਆ ਸੀ, ਉਹ ਕਹਿਣ ਲੱਗਾ, ਤੇਰੇ ਸੱਚ ਨਾਲੋਂ ਇਸ ਦਾ ਝੂਠ ਚੰਗਾ ਹੈ। ਤੇਰਾ ਸੱਚ ਦੋ ਬੰਦਿਆਂ ਦੀ ਜਾਨ ਲੈਣ ਦੀ ਸਿਫ਼ਾਰਸ਼ ਕਰਦਾ ਹੈ ਪਰ ਇਸ ਦਾ ਝੂਠ ਇਕ ਬੰਦੇ ਨੂੰ ਮੌਤ ਤੋਂ ਬਚਾਉਣ ਲਈ ਤਰਲਾ ਲੈ ਰਿਹਾ ਹੈ। ਮੈਂ ਉਸੇ ਦੀ ਮੰਨਾਂਗਾ ਜੋ ਪਰਉਪਕਾਰ ਦੀ ਗੱਲ ਕਰ ਰਿਹਾ ਹੈ। ਤੂੰ ਸੱਚ ਨੂੰ ਮਾਰ ਰਿਹਾ ਹੈਂ ਉਹ ਬਚਾ ਰਿਹਾ ਹੈ।

ਜਦੋਂ ਕਿਸੇ ਦਾ ਸੱਚ ਨਾਲ ਪ੍ਰੇਮ ਬਣ ਜਾਂਦਾ ਹੈ ਫਿਰ ਉਹ ਸੋਚਦਾ ਹੈ ਕਿ ਮੇਰੇ ਸੋਚਣ ਨਾਲ, ਬੋਲਣ ਨਾਲ, ਕਰਨ ਨਾਲ ਜੋ ਮਿਲੇਗਾ ਉਹ ਸਦਾ ਰਹੇਗਾ ਕਿ ਨਹੀਂ। ਮਨੁੱਖ ਦੀ ਕੀਤੀ ਕਿਰਿਆ ਨਾਲ ਜੁ ਮਿਲਿਆ ਹੈ ਜੇਕਰ ਉਹ ਸਦਾ ਥਿਰ ਨਹੀਂ ਤਾਂ ਇਸ ਨੇ ਵੀ ਜੋ ਕੀਤਾ ਹੈ ਉਹ ਝੂਠ ਹੀ ਹੈ।

ਜੀਵਨ ਵਿਚੋਂ ਸੱਚੀ ਕਿਰਿਆ ਤਾਂ ਹੀ ਨਿਕਲਦੀ ਹੈ ਜਦੋਂ ਸੱਚ ਨਾਲ ਪਿਆਰ ਬਣ ਜਾਵੇ।

ਜਦੋਂ ਸੱਚ ਦਾ ਨਿਵਾਸ ਹਿਰਦੇ ਵਿਚ ਹੋ ਜਾਂਦਾ ਹੈ ਤਾਂ ਫਿਰ ਅੱਖਾਂ ਰਾਹੀਂ, ਕੰਨਾਂ ਰਾਹੀਂ, ਰੋਮ ਰੋਮ ਰਾਹੀਂ ਸੱਚ ਬਾਹਰ ਆਉਂਦਾ ਹੈ। ਆਸਾ ਦੀ ਵਾਰ ਵਿਚ ਸਾਹਿਬਾਂ ਦਾ ਫ਼ਰਮਾਨ ਹੈ—

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥*
*ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥*
*ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥*
*ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥*
*ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨੁ ਕਰੇਇ॥*
*ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸ॥*
*ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥*
*ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥*
*ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥*

—ਆਸਾ ਕੀ ਵਾਰ, ਪੰਨਾ ੪੬੮

Sri Satguru Jagjit Singh Ji eLibrary NamdhariElibrary@gmail.com

ਸਚਿਆਰ ਦੀ ਜ਼ਬਾਨ 'ਤੇ ਹੀ ਸੱਚ ਨਹੀਂ ਹੁੰਦਾ ਸਗੋਂ ਉਸ ਪਾਸ ਸੱਚੀ ਜੀਵਨ ਜੁਗਤੀ ਹੁੰਦੀ ਹੈ। ਧਰਤੀ ਕਾਇਆ ਨੂੰ ਸਵਾਰ ਕੇ ਉਸ ਵਿਚ ਬੀਜ ਕਰਤੇ ਦੇ ਨਾਮ ਦਾ ਬੀਜਦਾ ਹੈ। ਗੁਰੂ ਪਾਸੋਂ ਸੱਚੀ ਸਿੱਖਿਆ ਲੈਂਦਾ ਹੈ, ਹੱਥੋਂ ਦੇਣਾ ਜਾਣਦਾ ਹੈ, ਪੁੰਨ-ਦਾਨ ਉਸ ਪਾਸੋਂ ਹੁੰਦਾ ਹੈ। ਬਾਹਰ ਤੀਰਥਾਂ 'ਤੇ ਨਹੀਂ ਭਟਕਦਾ। ਅੰਤਰ ਆਤਮੇ ਤੀਰਥ 'ਤੇ ਟਿਕ ਜਾਂਦਾ ਹੈ। ਇਹ ਨਿਵਾਸ ਸਤਿਗੁਰੂ ਦੀ ਸਿੱਖਿਆ ਅਨੁਸਾਰ ਹੁੰਦਾ ਹੈ। ਸੱਚ ਤਾਂ ਸਾਰੇ ਪਾਪਾਂ ਦੀ ਮੈਲ ਨੂੰ ਧੋ ਕੇ ਬਾਹਰ ਕੱਢ ਦੇਣ ਦਾ ਦਾਰੂ ਹੈ। ਪਰ ਐਸਾ ਹੋਏਗਾ ਤਾਂ ਹੀ ਜੇ ਸੱਚ ਪੱਲੇ ਹੋਵੇ।

ਭਾਈ ਗੁਰਦਾਸ ਜੀ, ਇਕ ਪਉੜੀ ਵਿਚ ਲਿਖਦੇ ਹਨ ਕਿ ਸੱਚ ਸੰਪੂਰਨ ਹੈ। ਉਸ ਵਿਚ ਕੂੜ ਨਹੀਂ ਰਲ ਸਕਦਾ। ਜਿਵੇਂ ਅੱਖਾਂ ਵਿਚ ਤਿਨਕਾ ਨਹੀਂ ਸਮਾਉਂਦਾ। ਭੋਜਨ ਵਿਚ ਮੱਖੀ ਨਹੀਂ ਸਮਾਉਂਦੀ। ਖਾਣ ਵਾਲੇ ਦਾ ਖਾਣਾ ਬਾਹਰ ਆ ਜਾਵੇਗਾ। ਚਿੰਨਗ ਮਾਤਰ ਅੱਗ ਰੂੰ ਵਿਚ ਨਹੀਂ ਸਮਾ ਸਕਦੀ।

*ਸੱਚ ਸੰਪੂਰਨ ਨਿਰਮਲਾ ਤਿਸ ਵਿਚ ਕੂੜ ਨਾ ਰਲਦਾ ਰਾਈ॥*
*ਅੱਖੀਂ ਕੱਤ ਨਾ ਸੰਜਰੇ ਤਿਨ ਅਉਖਾ ਰੈਣ ਵਿਹਾਈ॥*
*ਭੋਜਨ ਅੰਦਰ ਮੱਖ ਜਿਉ ਹੋਇ ਦੁਖਾਧਾ ਫੇਰ ਕਢਾਈ॥*
*ਰੂੰਈ ਅੰਦਰ ਚਿੰਨਗ ਵਾਂਗ ਦਾਹ ਭਸਮੰਤ ਕਰੇ ਸਹਸਾਈ॥*
*ਕਾਂਜ਼ੀ ਦੁੱਧ ਕਸੁੱਧ ਹੋਇ ਫਿਟੈ ਸਾਦਹੁ ਵੰਨਹੁ ਜਾਈ॥*
*ਮਹੁਰਾ ਚੁਖ ਕੁ ਚਖਿਆ ਪਾਤਸ਼ਾਹਾਂ ਮਾਰੇ ਸਹਿਸਾਈ॥*
*ਸਚ ਅੰਦਰ ਕਿਉ ਕੂੜ ਸਮਾਈ॥*

ਜੀਵਨ ਦੀ ਮੰਜ਼ਲ ਹੈ ਸੱਚ ਤੱਕ ਪੁੱਜਣਾ, ਇਥੇ ਕੂੜ ਦੁਆਰਾ ਤਾਂ ਪੁਜ ਨਹੀਂ ਸਕਦਾ–

*ਸਚੈ ਦੈ ਦੀਬਾਣੁ ਕੂੜਿ ਨਾ ਜਾਈਐ॥*
*ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥*
*ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥*
*ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥*

—ਮਾਝ ਵਾਰ ਮਹਲਾ ੧, ਪੰਨਾ ੧੪੬

ਦੋ ਹੀ ਮਾਰਗ ਹਨ ਜਾਂ ਤਾਂ ਜੀਵਨ ਦੀਆਂ ਮਜਬੂਰੀਆਂ ਤੋਂ ਤੰਗ ਆ ਕੇ ਬੰਦਾ ਝੂਠਾ ਹੋ ਜਾਵੇ ਜਾਂ ਜੀਵਨ ਦੀਆਂ ਮਜਬੂਰੀਆਂ ਨਾਲ ਜੂਝੇ ਅਤੇ ਸਾਰੀਆਂ ਮੁਸ਼ਕਿਲਾਂ ਦੇ ਉਪਰ ਸੱਚ ਦੇ ਆਸਰੇ ਨਾਲ ਆਸਣ ਲਗਾ ਕੇ ਬੈਠ ਜਾਏ। ਇਕਬਾਲ ਕਹਿੰਦੇ ਹਨ ਸਚਿਆਰ ਜਿਸ ਬੰਦੇ ਦੀ ਹਸਤੀ ਪਰਮਾਤਮਾ ਦੇ ਆਸਰੇ ਹੈ ਉਸ ਨੂੰ ਪਰਮਾਤਮਾ 'ਤੇ ਮਾਣ ਹੈ। ਫ਼ਖ਼ਰ ਹੈ। ਉਸ ਦਾ ਅਡੋਲ ਸਹਾਰਾ ਹੈ। ਐਸੇ ਬੰਦੇ ਅਕਾਸ਼ੀ ਗਰਦਸ਼ ਤੋਂ ਕਦੇ ਨਹੀਂ ਡਰਦੇ। ਉਹ ਸਮਝਦੇ ਹਨ ਕਿ ਸੱਚ ਉਤੇ ਕਿਸੇ

Sri Satguru Jagjit Singh Ji eLibrary NamdhariElibrary@gmail.com

ਗਰਦਸ਼ ਦਾ ਕੋਈ ਅਸਰ ਨਹੀਂ ਉਹ ਤਾਂ ਅਸਮਾਨ ਨੂੰ ਵੀ ਕਹਿੰਦੇ ਹਨ ਕਿ ਆਸਮਾਂ ਤੂੰ ਨਾਸ਼ਵਾਨ ਹੈਂ। ਪਰ ਮੈਂ ਸੱਚ ਦੇ ਆਸਰੇ ਹਾਂ ਜੋ ਕਦੀ ਨਹੀਂ ਮਿਟਦਾ। ਮੈਂ ਤੈਥੋਂ ਨਹੀਂ ਡਰਦਾ।

*ਬਾਤਲ ਸੇ ਡਰਨੇ ਵਾਲੇ ਐ ਆਸਮਾ ਨਹੀਂ ਹਮ,*
*ਸੌ ਬਾਰ ਕਰ ਚੁਕਾ ਹੈ ਤੂ ਇਮਤਿਹਾਂ ਹਮਾਰਾ।*
*ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀ ਹਮਾਰੀ,*
*ਸਦੀਉਂ ਰਹਾ ਹੈ ਦੁਸ਼ਮਨ ਦੌਰੇ ਜ਼ਮਾਂ ਹਮਾਰਾ।*

—ਇਕਬਾਲ

ਉਹ ਸੱਚ ਹੀ ਸੱਚ ਕਿਵੇਂ ਹੋ ਸਕਦਾ ਹੈ ਜਿਸ ਨੂੰ ਝੂਠ ਮਜਬੂਰ ਕਰਕੇ ਬਦਲ ਦੇਵੇ ਤੇ ਸੱਚ ਝੂਠ ਅੱਗੇ ਗੋਡੇ ਟੇਕ ਦੇਵੇ। ਨਹੀਂ, ਸੱਚ ਅੱਜ ਤੱਕ ਕਦੀ ਵੀ ਨਾ ਝੂਠ ਅੱਗੇ ਝੁਕਿਆ ਹੈ ਅਤੇ ਨਾ ਹੀ ਝੁਕੇਗਾ।

ਅਸਲ ਵਿਚ ਸਿੰਘ ਉਹ ਹੈ ਜਿਸ ਨੂੰ ਕੋਈ ਮਜਬੂਰ ਨਾ ਕਰ ਸਕੇ ਜਿਸ ਉਤੇ ਜ਼ਮਾਨੇ ਦਾ ਕੋਈ ਅਸਰ ਨਾ ਹੋਵੇ। ਜ਼ਮਾਨਾ ਮਜਬੂਰ ਕਰਕੇ ਉਸ ਨੂੰ ਨਾ ਬਦਲੇ ਬਲਕਿ ਉਹ ਜ਼ਮਾਨੇ ਨੂੰ ਬਦਲ ਕੇ ਰੱਖ ਦੇਵੇ।

*ਏਕ ਵੋਹ ਹੈਂ ਜੋ ਬਦਲਤੇ ਹੈਂ ਜ਼ਮਾਨੇ ਕੇ ਸਾਥ-ਸਾਥ।*
*ਮਰਦ ਵੋਹ ਹੈ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ।*

ਐਸੇ ਸਚਿਆਰ ਦੇ ਦਰਸ਼ਨ ਹੋ ਜਾਣ ਤਾਂ ਸੱਚ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ, ਸੱਚ ਦਾ ਨਿਵਾਸ ਹਿਰਦੇ ਵਿਚ ਹੋ ਸਕਦਾ ਹੈ। ਸੱਚਾ ਆਚਾਰ ਬਣ ਸਕਦਾ ਹੈ, ਜਿਸ ਬਾਰੇ ਸਾਹਿਬਾਂ ਨੇ ਕਿਹਾ ਹੈ—

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥*

—ਸਿਰੀ ਰਾਗ ਮਹਲਾ ੧, ਪੰਨਾ ੬੨

ਨਿਰਾ ਜ਼ਬਾਨ ਤੱਕ ਹੀ ਸੱਚ ਨਾ ਰਹਿ ਜਾਏ, ਜਿਵੇਂ ਕਿ ਖ਼ੂਨ ਹਰ ਨਾੜੀ ਵਿਚ ਚੱਲ ਰਿਹਾ ਹੈ। ਇਸ ਤਰ੍ਹਾਂ ਸੱਚ ਵੀ ਰੋਮ-ਰੋਮ ਵਿਚ ਗਰਦਸ਼ ਕਰੇ। ਆਚਰਣ ਵਿਚ ਸੱਚ ਆ ਜਾਏ। ਇਕ ਬੰਦਾ ਗੁਰਦੁਆਰੇ ਵਿਚ ਬੈਠਾ ਹੋਇਆ ਬਾਬੇ ਨਾਨਕ ਦੀ ਤੱਕੜੀ ਤੋਲਣ ਦੀ ਕਥਾ ਪੜ੍ਹਦਾ ਸੁਣਦਾ ਹੈ ਕਿ ਬਾਬੇ ਨੇ ਤੇਰਾ-ਤੇਰਾ ਕਿਹਾ। ਇਹ ਕੰਮ ਕੋਈ ਬੜਾ ਔਖਾ ਨਹੀਂ ਪਰ ਆਪਣੀ ਦੁਕਾਨ 'ਤੇ ਬੈਠ ਕੇ ਤੇਰਾ-ਤੇਰਾ ਕਰਨਾ ਬਹੁਤ ਔਖਾ ਹੈ। ਵਚਨਾਂ ਤੋਂ ਬਾਅਦ ਹਰ ਕੀਤੇ ਕੰਮ ਵਿਚ ਸੱਚ ਨੂੰ ਲੈ ਕੇ ਤੁਰਨਾ ਜਿਊਂਦਿਆਂ ਮਰਨ ਵਾਲੀ ਗੱਲ ਹੈ। ਇਹ ਝੂਠ ਦਾ ਏਨਾ ਆਦੀ ਹੋ ਗਿਆ ਹੈ ਕਿ ਹੁਣ ਝੂਠ ਜੀਵਨ ਆਧਾਰ ਬਣ ਗਿਆ ਹੈ ਇਸ ਨੂੰ ਇਕ ਢੰਗ ਆ ਗਿਆ ਹੈ ਕਿ ਝੂਠ ਨੂੰ ਸੱਚ ਦੇ ਕੱਪੜੇ ਪਾਉਂਦਿਆਂ ਮੂੰਹ ਤੋਂ ਆਖਾਂ ਝੂਠ ਪਰ ਗਹਿਣੇ ਸੱਚ ਦੇ ਪਾਉਂਦਿਆਂ 'ਮੁੱਖ ਝੂਠ ਬਿਭੂਖਨ ਸਾਰੰ' ਕੰਮ ਬਿਲਕੁਲ ਝੂਠਾ ਹੋਵੇ ਪਰ ਉਸ

Sri Satguru Jagjit Singh Ji eLibrary NamdhariElibrary@gmail.com

ਕੰਮ ਨੂੰ ਗੱਲਾਂ ਨਾਲ ਇੰਨਾ ਸ਼ਿੰਗਾਰਾਂ ਕਿ ਉਹ ਸੱਚ ਪ੍ਰਤੀਤ ਹੋਣ ਲੱਗੇ। ਬੰਦੇ ਨੂੰ ਵੱਡੀ ਘਾਟ ਹੀ ਇਹ ਪਈ ਹੈ ਕਿ ਸੱਚ ਕਮਾਉਣ ਦੀ ਬਜਾਏ ਇਸ ਨੇ ਆਪਣੀ ਸਾਰੀ ਉਮਰ ਝੂਠ ਨੂੰ ਸੱਚ ਬਣਾਉਣ ਵਾਸਤੇ ਲਗਾ ਦਿੱਤੀ। ਇੰਨਾ ਸਮਾਂ ਸੱਚ ਕਮਾਉਣ ਲਈ ਲਗਾਉਂਦਾ ਤਾਂ ਜ਼ਰੂਰ ਸੱਚ ਬਣ ਜਾਂਦਾ, ਸੱਚ ਆਚਾਰ ਪ੍ਰਾਪਤ ਹੋ ਜਾਂਦਾ ਪਰ ਝੂਠ ਤਾਂ ਸੱਚ ਬਣ ਨਹੀਂ ਸਕਦਾ ਭਾਵੇਂ ਮਨੁੱਖ ਕਈ ਜਨਮ ਲਗਾ ਦੇਵੇ। ਇਕ ਮਨੁੱਖ ਸਾਰੀ ਉਮਰ ਗਧੇ ਨੂੰ ਇਸ਼ਨਾਨ ਕਰਾਈ ਜਾਵੇ ਤੇ ਆਖੇ ਕਿ ਮੈਂ ਇਸ ਨੂੰ ਗਾਂ ਬਣਾਉਣਾ ਹੈ। ਗਧੇ ਨੇ ਗਾਂ ਨਹੀਂ ਬਣਨਾ। ਝੂਠ ਨੂੰ ਭਾਵੇਂ ਧਾਰਮਿਕ ਗ੍ਰੰਥਾਂ ਦਾ, ਭਾਵੇਂ ਤੀਰਥਾਂ ਦਾ ਇਸ਼ਨਾਨ ਕਰਾਉ ਇਸ ਨੇ ਝੂਠ ਹੀ ਰਹਿਣਾ ਹੈ।

ਮਸਾਲੇ ਪਾਇਆਂ ਹਰਾਮ ਨੇ ਹਲਾਲ ਨਹੀਂ ਹੋ ਜਾਣਾ।

*ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨਾ ਜਾਇ॥*

—ਮਾਝ ਵਾਰ ਪੰਨਾ ੧੪੧

ਸਤਿਗੁਰੂ ਫਰਮਾਉਂਦੇ ਹਨ ਕਿ ਪਾਖੰਡੀ ਬੰਦਾ ਪਹਿਲਾਂ ਮੂੰਹ ਤੋਂ ਝੂਠ ਬੋਲਦਾ ਹੈ। ਫਿਰ ਝੂਠ ਨੂੰ ਸ਼ੰਵਾਰਦਾ ਹੈ, ਸ਼ਿੰਗਾਰਦਾ ਹੈ। ਝੂਠ ਨੂੰ ਗਹਿਣੇ ਪੁਆਉਂਦਾ ਹੈ। ਇਕ ਮੁਰਦੇ ਨੂੰ ਕਿੰਨੇ ਸੁੰਦਰ ਬਸਤਰ ਤੇ ਗਹਿਣਿਆਂ ਨਾਲ ਸ਼ਿੰਗਾਰ ਦੇਈਏ ਮੁਰਦੇ ਵਿਚੋਂ ਤਾਂ ਬਦਬੂ ਹੀ ਆਵੇਗੀ।

ਅਸੀਂ ਜ਼ਹਿਰ ਨੂੰ ਕਿਸੇ ਸੋਨੇ ਦੇ ਬਰਤਨ ਵਿਚ ਪਾ ਕੇ ਉਸ ਦੇ ਉਪਰ ਅੰਮ੍ਰਿਤ ਲਿਖ ਦੇਈਏ ਫਿਰ ਜੇ ਕੋਈ ਉਸ ਜ਼ਹਿਰ ਨੂੰ ਪੀ ਜਾਏਗਾ ਤਾਂ ਕੀ ਜ਼ਹਿਰ ਪੀਣ ਵਾਲੇ ਉਤੇ ਅਸਰ ਨਹੀਂ ਹੋਵੇਗਾ। ਨਹੀਂ ਉਹ ਬੰਦਾ ਬਿਲਕੁਲ ਨਹੀਂ ਬਚੇਗਾ।

ਸੰਸਾਰ ਦਾ ਇੰਨਾ ਨੁਕਸਾਨ ਹੋਣ ਦਾ ਕਾਰਨ ਇਹੀ ਹੈ ਕਿ ਜਿਨ੍ਹਾਂ ਬਰਤਨਾਂ ਵਿਚ ਜ਼ਹਿਰ ਹੈ ਉਸ ਦੇ ਉਪਰ ਅੰਮ੍ਰਿਤ ਲਿਖਿਆ ਹੈ। ਜਿਨ੍ਹਾਂ ਲਿਖਤਾਂ ਵਿਚ ਝੂਠ ਹੈ ਉਨ੍ਹਾਂ ਦਾ ਸਿਰਲੇਖ ਹੈ ਸੱਚ ਦੀ ਰੌਸ਼ਨੀ। ਹੈ ਉਥੇ ਝੂਠ ਦਾ ਅੰਧਕਾਰ। ਅੱਜ ਝੂਠ ਦੇ ਅੰਧਕਾਰ ਵਿਚ ਭਟਕ ਰਹੇ ਬੰਦਿਆਂ ਦੇ ਨਾਂ ਨਾਲ ਮਹਾਂਪੁਰਖ ਜੁੜਿਆ ਹੈ। ਇਹ ਸੰਸਾਰ ਦੀ ਮੰਦਭਾਗਤਾ ਹੈ। ਸਤਿਗੁਰੂ ਕਹਿੰਦੇ ਹਨ ਪਰਖ ਵਾਲੀ ਨਜ਼ਰ ਬਣਾ ਵੇਖ ਕਿਤੇ ਕੋਈ ਪਾਖੰਡੀ ਝੂਠ ਨੂੰ ਤਾਂ ਨਹੀਂ ਸ਼ਿੰਗਾਰ ਰਿਹਾ।

*ਮੁਖਿ ਝੂਠ ਬਿਭੂਖਣ ਸਾਰੰ॥*
*ਤ੍ਰੈਪਾਲ ਤਿਹਾਲ ਬਿਚਾਰੰ॥*
*ਗਲਿ ਮਾਲਾ ਤਿਲਕੁ ਲਿਲਾਟੰ॥*
*ਦੁਇ ਧੋਤੀ ਬਸਤ੍ਰ ਕਪਾਟੰ॥*
*ਜੇ ਜਾਣਸਿ ਬ੍ਰਹਮੰ ਕਰਮੰ॥*
*ਸਭਿ ਫੋਕਟ ਨਿਸਚਉ ਕਰਮੰ॥*

—ਆਸਾ ਕੀ ਵਾਰ, ਪੰਨਾ ੪੭੦

Sri Satguru Jagjit Singh Ji eLibrary NamdhariElibrary@gmail.com

ਬੇਣੀ ਜੀ ਕਹਿੰਦੇ ਹਨ ਪਾਰਖੂ ਬਣ ਕੇ ਵੇਖੇਂ ਤਾਂ ਦਿੱਸੇਗਾ–

*ਤਨ ਚੰਦਨੁ ਮਸਤਕਿ ਪਾਤੀ॥ ਰਿਦ ਅੰਤਰ ਕਰਤਲ ਕਾਤੀ॥*
*ਠਗ ਦ੍ਰਿਸਟਿ ਬਗਾ ਲਿਵਲਾਗਾ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥*

ਇਕ ਅਦੀਬ ਕਹਿੰਦੇ ਹਨ ਪੈਗ਼ੰਬਰਾਂ ਦੇ ਲਿਬਾਸ ਵਿਚ ਇਥੇ ਸੈਂਕੜੇ ਡਾਕੂ ਫਿਰਦੇ ਹਨ। ਜੇ ਤੂੰ ਦੁਨੀਆਂ ਵਿਚ ਰਹਿਣਾ ਹੈ ਤਾਂ ਕੁਛ ਪਰਖ ਵਾਲੀ ਬੁਧ ਪੈਦਾ ਕਰ।

*ਲਿਬਾਸੇ ਖਿਜ਼ਰ ਮੇ ਯਾਂ ਸੈਂਕੜੋ ਰਾਹਜ਼ਨ ਭੀ ਫਿਰਤੇ ਹੈਂ*
*ਅਗਰ ਦੁਨੀਆਂ ਮੇਂ ਰਹਿਣਾ ਹੈ ਤੋ ਕੁਛ ਪਹਿਚਾਨ ਪੈਦਾ ਕਰ।*

ਜਦੋਂ ਹਿਰਦੇ ਵਿਚ ਸੱਚ ਅਤੇ ਸੱਚ ਦਾ ਪਿਆਰ ਵੱਸਦਾ ਹੈ ਫਿਰ,

*ਗੁਰਮੁਖਿ ਸਾਚੇ ਕਾ ਭਉ ਪਾਵੈ॥*
*ਗੁਰਮੁਖਿ ਬਾਣੀ ਅਘੜੁ ਘੜਾਵੈ॥*
*ਗੁਰਮੁਖਿ ਨਿਰਮਲ ਹਰਿ ਗੁਣ ਗਾਵੈ॥*
*ਗੁਰਮੁਖਿ ਪਵਿਤ੍ਰੁ ਪਰਮਪਦੁ ਪਾਵੈ॥*
*ਗੁਰਮੁਖਿ ਰੋਮ-ਰੋਮ ਹਰਿ ਧਿਆਵੈ॥*
*ਨਾਨਕ ਗੁਰਮੁਖਿ ਸਾਚਿ ਸਮਾਵੈ॥*

–ਸਿਧ ਗੋਸਟਿ, ਪੰਨਾ ੯੪੧

ਫਿਰ ਵਿਚਾਰ ਅਤੇ ਆਚਾਰ ਵਿਚ ਸਚੁ ਆ ਜਾਂਦਾ ਹੈ ਤੇ ਕੂੜ ਦੀ ਪਾਲ ਟੁੱਟ ਜਾਂਦੀ ਹੈ। ਜੀਵ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ। ਝੂਠ ਤੋਂ ਤੁਰ ਕੇ ਸੱਚ ਤੱਕ ਪੁੱਜਣਾ, ਇਹ ਹੈ ਧਰਮ ਦੀ ਯਾਤਰਾ।

**

Sri Satguru Jagjit Singh Ji eLibrary NamdhariElibrary@gmail.com

# 3 ਹੁਕਮ

ਪਰਮਾਤਮਾ ਦੇ ਭਾਣੇ ਵਿਚ ਹੀ ਇਸ ਜੀਵ ਦਾ ਜਨਮ ਹੋਇਆ ਹੈ, ਭਾਣੇ ਵਿਚ ਹੀ ਜੀਵਨ ਜੀ ਰਹੇ ਹਾਂ, ਭਾਣੇ ਵਿਚ ਹੀ ਮੌਤ ਹੈ, ਸਮੁੱਚਾ ਜੀਵਨ ਭਾਣੇ ਵਿਚ ਹੈ।

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ*

—ਜਪੁਜੀ ਸਾਹਿਬ, ਪੰਨਾ ੧

ਜਿਤਨੇ ਆਕਾਰ, ਸ਼ਕਲਾਂ ਬਣੀਆਂ ਹਨ ਸਭ ਹੁਕਮ ਅਨੁਸਾਰ ਹਨ ਉਹ ਹੁਕਮ ਆਖਿਆ ਨਹੀਂ ਜਾਂਦਾ। ਹੁਕਮ ਮੰਨਣਾ ਹੈ ਹੁਕਮ ਨਾਲ ਮੁਕਾਬਲਾ ਨਹੀਂ ਕਰਨਾ। ਹੁਕਮ ਕਹਿਣਾ ਨਹੀਂ ਮੰਨਣਾ ਹੈ। ਕਹਿਣਾ ਤਾਂ ਪਰਮਾਤਮਾ ਨੇ ਹੈ ਅਸੀਂ ਮੰਨਣਾ ਹੈ।

ਅਫ਼ਸੋਸ ਕਿ ਮਨੁੱਖ ਅੱਧਾ ਹੁਕਮ ਮੰਨਣ ਲਈ ਤਿਆਰ ਹੈ ਪਰ ਅੱਧੇ ਤੋਂ ਇਨਕਾਰੀ ਹੈ। ਮਿੱਠਾ ਮੰਨਣ ਲਈ ਤਿਆਰ ਹੈ ਪਰ ਕੌੜਾ ਪ੍ਰਵਾਨ ਨਹੀਂ।

*ਕਉੜਾ ਕੋਇ ਨ ਮਾਗੈ, ਮੀਠਾ ਸਭ ਮਾਗੈ॥*
*ਸਭੁ ਕੋ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ॥*

—ਵਡਹੰਸੁ ਮਹਲਾ ੧, ਪੰਨਾ ੫੬੬

ਰੱਬੀ ਹੁਕਮ ਜੋ ਮਨੁੱਖ ਨੂੰ ਕੌੜਾ ਲਗਦਾ ਹੈ ਉਸ ਨੂੰ ਟਾਲਣ ਵਾਸਤੇ ਮਨੁੱਖ ਅਨੇਕਾਂ ਕਰਮ-ਕਾਂਡ ਕਰਦਾ ਹੈ ਪਰ ਹੋਰ ਦੁਖੀ ਹੁੰਦਾ ਹੈ। ਸੁਖ ਹੈ ਨਾਮ ਜਪਿਆਂ ਅਤੇ ਹੁਕਮ ਵਿਚ ਰਿਹਾਂ। ਪਰ ਇਹ ਪੂਰਾ ਹੁਕਮ ਨਹੀਂ ਮੰਨਦਾ।

ਜਨਮ ਪ੍ਰਵਾਨ ਹੈ, ਮੌਤ ਪ੍ਰਵਾਨ ਨਹੀਂ। ਵਾਧਾ ਪ੍ਰਵਾਨ ਹੈ ਘਾਟਾ ਪ੍ਰਵਾਨ ਨਹੀਂ। ਇਜ਼ਤ ਪ੍ਰਵਾਨ ਹੈ ਬੇਇਜ਼ਤੀ ਪ੍ਰਵਾਨ ਨਹੀਂ। ਸੁਖ ਪ੍ਰਵਾਨ ਹੈ, ਦੁੱਖ ਪ੍ਰਵਾਨ ਨਹੀਂ। ਇਹ ਉਹ ਹੁਕਮ ਮੰਨਣ ਲਈ ਤਿਆਰ ਹੈ ਜਿੱਥੇ ਤੱਕ ਆਪਣੀ ਮਨਮਰਜ਼ੀ ਚਲਦੀ ਰਹੇ।

ਜਿੱਥੇ ਤੱਕ ਮਨ ਬਚਿਆ ਰਹੇ ਇਹ ਹੁਕਮ ਨਾਲ ਚੱਲਣ ਵਾਸਤੇ ਤਿਆਰ ਹੈ। ਜਿੱਥੇ ਮਨ ਮਰੇ, ਹੰਕਾਰ ਮਰੇ ਇਸ ਨੂੰ ਪ੍ਰਵਾਨ ਨਹੀਂ। ਹੰਕਾਰ ਮਨ ਦਾ ਹੀ



Sri Satguru Jagjit Singh Ji eLibrary NamdhariElibrary@gmail.com

ਹਿੱਸਾ ਹੈ। ਧਨ ਮਰਨ ਨਾਲ ਮਨ ਵੀ ਮਰਦਾ ਹੈ। ਹੰਕਾਰ ਮਰਦਾ ਹੈ। ਦੁੱਖ ਵਿਚ ਘਾਟੇ ਵਿਚ, ਬੇਇਜ਼ਤੀ ਵਿਚ ਮਨ ਦਾ ਚੌਥਾ ਹਿੱਸਾ ਹੰਕਾਰ ਮਰਦਾ ਹੈ। ਇਸੇ ਲਈ ਇਹ ਔਖਾ ਹੁੰਦਾ ਹੈ। ਹੰਕਾਰ ਤੇ ਆਧਾਰਿਤ ਜੀਵਨ ਰੱਬੀ ਹੁਕਮ ਨਾਲ ਸਹਿਮਤ ਨਹੀਂ ਹੁੰਦਾ। ਉਹ ਹੁਕਮ ਮਨਾਉਣਾ ਚਾਹੁੰਦਾ ਹੈ ਮੰਨਣਾ ਨਹੀਂ ਚਾਹੁੰਦਾ।

ਸਿੱਖ ਇਤਿਹਾਸ ਵਿਚ ਇਕ ਕਥਾ ਹੈ। ਪਟਨਾ ਸਾਹਿਬ ਜਿਥੇ ਗੁਰੂ ਗੋਬਿੰਦ ਸਿੰਘ ਜੀ ਪ੍ਰਗਟੇ ਸਨ, ਪਹਿਲਾਂ ਇਥੇ ਗੁਰੂ ਨਾਨਕ ਦੇਵ ਜੀ ਗਏ ਸਨ, ਉਹ ਸਾਲਸ ਰਾਏ ਜੌਹਰੀ ਨੂੰ ਮਿਲੇ ਸਨ। ਫਤਿਹ ਚੰਦ ਮੈਣੀ ਜਿਸਦੀ ਰਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਮਾਂ ਕਹਿ ਕੇ ਸਤਿਕਾਰਿਆ ਪਿਆਰਿਆ ਸੀ। ਇਸ ਦਾ ਵਡੇਰਾ ਸੀ ਸਾਲਸ ਰਾਇ ਚੌਧਰੀ। ਗੁਰੂ ਨਾਨਕ ਦੇਵ ਜੀ ਪਾਸ ਪਹਿਲਾਂ ਇਸ ਨੇ ਆਪਣਾ ਇਕ ਨੌਕਰ ਭੇਜਿਆ ਜਿਸ ਦਾ ਨਾਂ ਸੀ ਅਧਰਕਾ। ਉਸ ਨੇ ਬੜੀ ਸੇਵਾ ਕੀਤੀ, ਸਾਹਿਬ ਦੀ ਨਜ਼ਰ ਨਾਲ ਉਹ ਨਿਹਾਲ ਹੋ ਗਿਆ ਸੀ। ਜਦੋਂ ਬਾਅਦ ਵਿਚ ਉਹ ਸਾਲਸ ਰਾਏ ਆਪ ਆਇਆ ਤਾਂ ਸਾਹਿਬਾਂ ਨੇ ਇਸ ਨੂੰ ਅਸਲ ਲਾਲ, ਪ੍ਰਭੂ ਦੇ ਨਾਮ ਬਾਰੇ ਕੁਝ ਵਿਚਾਰ ਸੁਣਾਏ ਤੇ ਕਿਹਾ ਕਿ ਤੂੰ ਪੱਥਰਾਂ ਦਾ ਪਾਰਖੂ ਹੈਂ। ਪਟਨੇ ਵਿਚ ਤਾਂ ਪੱਥਰਾਂ ਦੇ ਪਾਰਖੂ ਵੀ ਨਹੀਂ। ਸਿਰਫ਼ ਤੂੰ ਹੀ ਚੰਗਾ ਪਾਰਖੂ ਹੈਂ। ਪਰ ਸਾਰਾ ਜੀਵਨ ਪੱਥਰ ਹੀ ਪਰਖਦਾ ਰਹੇਂਗਾ। ਆਪਣਾ ਜੀਵਨ ਪਰਖ। ਇਹ ਹੀਰਾ ਹੈ ਕਿ ਪੱਥਰ। ਉਸ ਨੂੰ ਇਹ ਵਿਚਾਰ ਸੁਣ ਕੇ ਜਾਪਿਆ ਜਿਵੇਂ ਮੈਂ ਅਜੇ ਪੱਥਰ ਹੀ ਹਾਂ। ਪਰ ਮੇਰਾ ਨੌਕਰ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਕੇ ਪੱਥਰ ਤੋਂ ਹੀਰਾ ਬਣ ਗਿਆ ਹੈ। ਉਸ ਨੇ ਬੇਨਤੀ ਕੀਤੀ ਸਾਹਿਬ ਜੀ, ਜੋ ਕ੍ਰਿਪਾ ਮੇਰੇ ਨੌਕਰ ਤੇ ਕੀਤੀ ਹੈ, ਮੇਰੇ ਤੇ ਵੀ ਕਰੋ। ਸਾਹਿਬਾਂ ਕਿਹਾ ਇਸ ਨੂੰ ਮੱਥਾ ਟੇਕ। ਉਸ ਨੇ ਕਿਹਾ ਇਸ ਨੂੰ ਝੁਕਿਆਂ ਕੀ ਹੋਵੇਗਾ? ਸਾਹਿਬਾਂ ਕਿਹਾ ਨਾਮ ਪ੍ਰਾਪਤ ਹੋਵੇਗਾ। ਉਹ ਦਾਸ ਬਣਿਆਂ ਮਿਲਦਾ ਹੈ। ਹੁਕਮ ਮੰਨਿਆਂ ਮਿਲਦਾ ਹੈ। ਤੂੰ ਅੱਜ ਤੱਕ ਹੁਕਮ ਕਰਦਾ ਹੀ ਰਿਹਾ ਹੈਂ ਤੈਨੂੰ ਹੁਕਮ ਮੰਨਣਾ ਨਹੀਂ ਆਉਂਦਾ। ਸਾਲਸ ਰਾਏ ਇਸ ਰਮਜ਼ ਨੂੰ ਸਮਝ ਗਿਆ ਅਤੇ ਸਾਹਿਬਾਂ ਦਾ ਹੁਕਮ ਮੰਨਿਆ ਅਤੇ ਨਿਹਾਲ ਹੋ ਗਿਆ।

ਪਰ ਸਾਰੇ ਐਸੇ ਕਿਥੇ ਹਨ ਕਿ ਗੁਰੂ ਦਾ ਹਰ ਹੁਕਮ ਮੰਨੀ ਜਾਣ। ਆਪਣੇ ਮਤਲਬ ਦਾ ਮੰਨ ਲੈਂਦੇ ਹਾਂ।

ਇਕ ਸਿੱਖ ਕੰਧ ਲਿਪ ਰਿਹਾ ਸੀ, ਜਿਸ ਦਾ ਨਾਂ ਸੀ ਲੇਪਣੀ ਸਿੰਘ। ਉਹ ਬੇਧਿਆਨੀ ਵਿਚ ਗਾਰਾ ਕੰਧ ਨੂੰ ਥੱਪ ਰਿਹਾ ਸੀ। ਅਚਾਨਕ ਹੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਇਧਰ ਆ ਗਏ। ਇਸ ਨੇ ਜ਼ੋਰ ਨਾਲ ਦੀਵਾਰ ਨੂੰ ਗਾਰਾ ਮਾਰਿਆ ਤਾਂ ਉਸ ਗਾਰੇ ਦੇ ਛਿੱਟੇ ਦੂਰ-ਦੂਰ ਤੱਕ ਗਏ। ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਬਸਤਰਾਂ ਤੇ ਛਿੱਟੇ ਪੈ ਗਏ। ਸਿੱਖਾਂ ਨੂੰ ਬੜਾ ਗੁੱਸਾ ਆਇਆ। ਸਾਹਿਬਾਂ ਨੇ ਸਿੱਖਾਂ ਦੀ ਇਹ ਮਾਨਸਿਕ ਹਾਲਤ ਵੇਖ ਕੇ ਸਿੱਖਿਆ ਦੇਣੀ ਚਾਹੀ, ਕਹਿ ਦਿੱਤਾ

Sri Satguru Jagjit Singh Ji eLibrary NamdhariElibrary@gmail.com

ਕਿ ਇਸ ਸਿੱਖ ਨੂੰ ਇਕ ਥੱਪੜ ਮਾਰੋ, ਸਾਰਿਆਂ ਹੀ ਇਕ ਇਕ ਥੱਪੜ ਮਾਰ ਦਿੱਤਾ, ਸਾਹਿਬਾਂ ਕਿਹਾ, ਇਕ ਥੱਪੜ ਕਿਹਾ ਸੀ। ਸਿੱਖਾਂ ਕਿਹਾ, ਮਹਾਰਾਜ, ਸਾਰੇ ਸਿੱਖ ਹਾਂ, ਸਾਰਿਆਂ ਸੁਣਿਆ ਹੈ, ਫਿਰ ਸਾਰਿਆਂ ਹੀ ਮੰਨਿਆ ਹੈ। ਸਾਹਿਬਾਂ ਕਿਹਾ, ਨੌਜੁਆਨ ਹੈ, ਸੁੰਦਰ ਹੈ, ਗੁਰੂ ਦੀ ਨਜ਼ਰ ਵਿਚ ਪ੍ਰਵਾਨ ਹੈ, ਕੋਈ ਬੱਚੀ ਦਾ ਰਿਸ਼ਤਾ ਦੇਵੇ। ਸਾਰੇ ਨੀਵੀਂ ਪਾ ਕੇ ਬੈਠ ਗਏ ਸਨ। ਸਿਰਫ਼ ਇਕ ਸਿੱਖ ਨੇ ਬਚਨ ਮੰਨਿਆ ਸੀ ਉਸ ਦੀ ਬੱਚੀ ਸਾਰੀ ਉਮਰ ਗੁਰੂ ਦੀ ਮਿਹਰ ਨਾਲ ਸਦਾ ਹੀ ਗੁਰੂ ਮਿਹਰ ਦੀ ਪਾਤਰ ਬਣੀ ਰਹੀ।

ਇਸ ਪ੍ਰਥਾਇ ਇਕ ਹੋਰ ਕਥਾ ਹੈ–

ਇਕ ਮਹਾਤਮਾ ਦਾ ਇਕ ਚੇਲਾ ਸੀ। ਮਹਾਂਪੁਰਖਾਂ ਕਿਹਾ, ਕਾਕਾ ਜੰਗਲ ਵਿਚੋਂ ਲੱਕੜਾਂ ਲੈ ਆ, ਬਾਲਣ ਮੁੱਕ ਗਿਆ ਹੈ। ਕਹਿਣ ਲੱਗਾ, ਮਹਾਰਾਜ ਮੈਂ ਤਾਂ ਇੰਨਾ ਵਿਛੋੜਾ ਸਹਿ ਨਹੀਂ ਸਕਦਾ, ਇੰਨੀ ਦੂਰੀ? ਤੁਹਾਡੇ ਦਰਸ਼ਨਾਂ ਬਿਨਾਂ ਤਾਂ ਮੈਂ ਮਰਨ ਲਗਦਾ ਹਾਂ। ਮਹਾਂਪੁਰਖ ਚੁੱਪ ਹੋ ਗਏ। ਬਰਸਾਤ ਪੈਣ ਲੱਗ ਪਈ ਕਹਿਣ ਲੱਗੇ ਬੇਟਾ ਕੁਟੀਆ ਦੀ ਛੱਤ ਵਗ ਰਹੀ ਹੈ, ਉੱਪਰ ਚੜ੍ਹ ਮੈਂ ਤੈਨੂੰ ਮਿੱਟੀ ਫੜਾਵਾਂ, ਉਪਰ ਪਾ ਦੇ। ਇਹ ਕਹਿਣ ਲੱਗਾ ਮਹਾਰਾਜ ਇੰਨੀ ਬੇਅਦਬੀ! ਮੈਂ ਉਪਰ ਤੁਸੀਂ ਥੱਲੇ। ਆਪੇ ਹੀ ਪਾਉ। ਮਹਾਂਪੁਰਖ ਫਿਰ ਚੁੱਪ ਹੋ ਗਏ। ਏਨੇ ਚਿਰ ਨੂੰ ਬਰਸਾਤ ਥੰਮ੍ਹ ਗਈ, ਇਕ ਮਾਤਾ ਖੀਰ ਪੂੜੇ ਲੈ ਕੇ ਆਈ। ਮਹਾਂਪੁਰਖਾਂ ਕਿਹਾ, ਬੇਟਾ ਇਹ ਖਾ ਲੈ, ਕਹਿਣ ਲੱਗਾ, ਮਹਾਰਾਜ ਤੁਹਾਡਾ ਤੀਜਾ ਹੁਕਮ ਨਹੀਂ ਮੋੜਨਾ ਭਾਵੇਂ ਸਿਰ ਚਲਾ ਜਾਏ। ਮੈਂ ਤੁਹਾਡਾ ਆਗਿਆਕਾਰੀ ਸੇਵਕ ਹਾਂ। ਇਹ ਹੈ ਮਨੁੱਖ ਦੇ ਹੁਕਮ ਮੰਨਣ ਦੀ ਅਸਲੀਅਤ। ਜਿੱਥੇ ਤੱਕ ਆਪਣੀ ਮਰਜ਼ੀ ਸਹਿਮਤ ਹੋਵੇ, ਇਹ ਹੁਕਮੀ ਬੰਦਾ ਬਣਦਾ ਹੈ ਪਰ ਮਰਜ਼ੀ ਆਪਣੀ ਚਲਣੀ ਚਾਹੀਦੀ ਹੈ। ਇਸ ਪ੍ਰਥਾਇ ਇਕ ਕਥਾ ਹੈ–

ਇਕ ਮਹਾਤਮਾ ਉਪਦੇਸ਼ ਕਰ ਰਹੇ ਸਨ ਕਿ ਦਾਨ ਬਿਨਾਂ ਮਨ ਪਵਿੱਤਰ ਨਹੀਂ ਹੁੰਦਾ, ਦਾਨ ਬਿਨਾਂ ਮਨ ਵਿਚ ਦਇਆ ਨਹੀਂ। ਦਾਨ ਨਾਲ ਕਿਸੇ ਤਰ੍ਹਾਂ ਵੀ ਸੰਪਰਕ ਜੋੜੋ, ਜ਼ਰੂਰ ਜੋੜੋ। ਇਹ ਗੱਲ ਸੁਣ ਕੇ ਹਰ ਬੰਦੇ ਨੇ ਦਾਨ ਕੀਤਾ। ਇਕ ਉਹ ਬੰਦਾ ਵੀ ਬੈਠਾ ਸੀ ਜਿਸ ਨੇ ਸਾਰੀ ਉਮਰ ਹੱਥੋਂ ਕੁਝ ਛੱਡਿਆ ਨਹੀਂ ਸੀ। ਸਾਰੀ ਸੰਗਤ ਇਸ ਵੱਲ ਵੇਖ ਰਹੀ ਸੀ। ਆਖ਼ਿਰ ਇਸ ਨੂੰ ਵੀ ਰਾਹ ਮਿਲ ਗਿਆ, ਕਹਿਣ ਲੱਗਾ ਮਹਾਤਮਾ ਜੀ ! ਅੱਜ ਤੋਂ ਮੈਂ ਵੀ ਦਾਨ ਨਾਲ ਸੰਪਰਕ ਜੋੜ ਲਿਆ ਹੈ, ਤੁਹਾਡਾ ਹੁਕਮ ਮੰਨਾਂਗੇ। ਮਹਾਤਮਾ ਦੀ ਖੁਸ਼ੀ ਦਾ ਪਾਰਾਵਾਰ ਨਾ ਰਿਹਾ। ਲੋਕਾਂ ਕਿਹਾ ਸੀ, ਜੇਕਰ ਤੁਸੀਂ ਇਸ ਕੋਲੋਂ ਇਕ ਪੈਸਾ ਵੀ ਲੈ ਦਿਉ ਤਾਂ ਅਸੀਂ ਤੁਹਾਨੂੰ ਰੱਬ ਦਾ ਅਵਤਾਰ ਸਮਝਾਂਗੇ। ਮਹਾਤਮਾ ਸੋਚ ਰਿਹਾ ਸੀ ਰੱਬ ਦਾ ਅਵਤਾਰ ਬਣ ਗਏ। ਇਸ ਨੂੰ ਪੁੱਛਿਆ ਕਿ ਕੀ ਦਾਨ ਕਰੇਂਗਾ? ਦਾਨ ਨਾਲ ਸੰਪਰਕ ਤੇ ਜੋੜ

ਹੀ ਲਿਆ ਹੈ। ਕਹਿਣ ਲੱਗਾ, ਸਵਾਲ ਦਾਨ ਕਰਨ ਦਾ ਨਹੀਂ ਸੰਪਰਕ ਜੋੜਨ ਦਾ ਹੈ। ਮੈਂ ਅੱਜ ਤੋਂ ਹੀ ਦਾਨ ਮੰਗਣਾ ਸ਼ੁਰੂ ਕਰ ਦਿਆਂਗਾ।

ਇਸ ਢੰਗ ਨਾਲ ਬੰਦਾ ਰੱਬ ਦੇ ਹੁਕਮ ਨਾਲ ਸੰਪਰਕ ਜੋੜਦਾ ਹੈ। ਚਲੋ ਹੁਕਮ ਮੰਨਿਆ ਨਹੀਂ ਜਾਂਦਾ ਤਾਂ ਹੁਕਮ ਕਰੀ ਹੀ ਜਾਓ। ਲੋਕਾਂ ਨੂੰ ਰੱਬੀ ਹੁਕਮ ਸੁਣਾਉਣ ਵਾਲਿਆਂ ਦੀ ਲਗਪਗ ਇਹੀ ਹਾਲਤ ਹੈ। ਹੁਕਮ ਸੁਣਾਉਣ ਲੱਗਿਆਂ ਇਹ ਧਿਆਨ ਨਹੀਂ ਹੁੰਦਾ ਕਿ ਰੱਬ ਦਾ ਹੁਕਮ ਹੈ, ਨਹੀਂ ਉਸ ਵੇਲੇ ਤਾਂ ਆਪ ਹੀ ਹੁਕਮਰਾਨ ਬਣੇ ਹੁੰਦੇ ਹਨ। ਜਿਹੜਾ ਨਹੀਂ ਮੰਨੇਗਾ ਉਸ ਲਈ ਨਰਕਾਂ ਦੇ ਦਰਵਾਜ਼ੇ ਖੁਲ੍ਹੇ ਹਨ। ਪਰ ਆਪ ਨਹੀਂ ਮੰਨਿਆ, ਹੁਕਮ ਨਾਲ ਸੰਪਰਕ ਜੋੜਿਆ ਹੈ?

ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਬੇਸ਼ਕ ਗੁਰੂ ਨਾਲ ਖ਼ੂਨ ਦਾ ਨਾਤਾ ਹੋਵੇ, ਰਿਸ਼ਤੇਦਾਰੀ ਹੋਵੇ ਉਹ ਉਦੋਂ ਤੱਕ ਗੁਰੂ ਦਾ ਸਿੱਖ ਨਹੀਂ ਬਣ ਸਕਦਾ ਜਦੋਂ ਤੱਕ ਭਾਣੇ ਵਿਚ ਨਾ ਆ ਜਾਵੇ।

*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚ ਆਵੈ॥*
*ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥*
*ਬਿਨੁ ਸਤਿਗੁਰ ਸੁਖੁ ਕਦੇ ਨਾ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ॥*

—ਸੋਰਠਿ ਮਹਲਾ ੩, ਪੰਨਾ ੬੦੧

ਰੱਬ ਦੇ ਦਰ ਤੇ ਹੁਕਮ ਮੰਨਣ ਵਾਲੇ ਹੀ ਸ਼ੋਭਦੇ ਹਨ। ਆਕੀ ਤਾਂ ਆਫ਼ਰ ਕੇ ਮਰਦੇ ਹਨ ਭਾਵੇਂ ਉਨ੍ਹਾਂ ਆਕੀਆਂ ਵਿਚ ਬ੍ਰਹਮਾ, ਵਿਸ਼ਨੂੰ, ਰਿਸ਼ੀ ਮੁਨੀ, ਇੰਦ੍ਰ ਸ਼ਿਵ, ਤਪੀ ਤੇ ਰਾਜਾ ਜਾਂ ਭਿਖਾਰੀ ਕਿਉਂ ਨਾ ਹੋਣ।

*ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ॥*
*ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥*

—ਮਾਰੂ ਮਹਲਾ ੧, ਪੰਨਾ ੯੯੨

ਜਿਸ ਨੂੰ ਹੁਕਮ ਮਿੱਠਾ ਲਗਦਾ ਹੈ ਉਹੀ ਸਿਆਣਾ ਤੇ ਇੱਜ਼ਤ ਵਾਲਾ ਹੈ।

*ਸੋਈ ਸਿਆਣਾ ਸੋ ਪਤਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ॥*

—ਮਾਰੂ ਮਹਲਾ ੪, ਪੰਨਾ ੧੦੯

ਹੁਕਮ ਨਾਲ ਸਾਂਝ ਪਾ ਕੇ ਹੀ ਤਾਂ ਪਰਮਾਤਮਾ ਨੂੰ ਮਿਲਣਾ ਹੈ। ਹੁਕਮ ਹੀ ਤਾਂ ਮਿਲਾਉਣ ਲਈ ਵਿਚੋਲਾ ਹੈ।

*ਨਾਨਕ ਹੁਕਮੁ ਪਛਾਣਿਕੈ ਤਉ ਖਸਮੈ ਮਿਲਣਾ॥*

—ਮਾਝ ਵਾਰ ਮਹਲਾ ੧, ਪੰਨਾ ੧੩੯

ਜਿਹੜਾ ਹੁਕਮ ਬੂਝ ਕੇ ਮੰਨਦਾ ਹੈ ਉਹ ਮਨੁੱਖ ਹੰਕਾਰ ਦੀ ਗੱਲ ਨਹੀਂ ਕਰਦਾ, ਕਰਤਾਰ ਦੀ ਗੱਲ ਹੀ ਕਰਦਾ ਹੈ।

Sri Satguru Jagjit Singh Ji eLibrary NamdhariElibrary@gmail.com

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੇ ਨਾ ਕੋਇ॥*

—ਜਪੁ, ਪੰਨਾ ੧

ਇਕ ਮੱਛੀ ਪਾਣੀ ਵਿਚ ਜੀਉ ਕੇ ਰਹਿ ਕੇ ਵੀ ਆਖੇ ਮੈਂ ਪਾਣੀ ਨੂੰ ਨਹੀਂ ਮੰਨਦੀ ਉਸ ਮੱਛੀ ਨੂੰ ਕੀ ਆਖੋਗੇ ਕਿੰਨੀ ਕੁ ਸਮਝਦਾਰ ਹੈਂ। ਇਕ ਬੰਦੇ ਨੂੰ ਹੁਕਮ ਅਨੁਸਾਰ ਸਾਰਾ ਕੰਮ ਕਰਨਾ ਵੀ ਪਵੇ ਪਰ ਉਹ ਫਿਰ ਵੀ ਆਖੇ ਮੈਂ ਹੁਕਮ ਨਹੀਂ ਮੰਨਦਾ ਉਸ ਦੀ ਮਾਨਸਿਕ ਪੀੜਾ ਨੂੰ ਤੁਸੀਂ ਆਪ ਸਮਝ ਸਕਦੇ ਹੋ ਕਿ ਮਨ ਸਹਿਮਤ ਨਹੀਂ ਪਰ ਕਰਨਾ ਸਭ ਕੁਝ ਪੈ ਰਿਹਾ ਹੈ। ਸਵਾਸ ਹੁਕਮ ਅਨੁਸਾਰ ਲੈ ਰਿਹਾ ਹੈ, ਜੀ ਰਿਹਾ ਹੈ, ਖਾ ਰਿਹਾ ਹੈ, ਹੁਕਮ ਅਨੁਸਾਰ। ਬਚਪਨ ਤੋਂ ਜਵਾਨੀ, ਫਿਰ ਬੁਢਾਪਾ, ਫਿਰ ਮੌਤ। ਹੁਣ ਕੌਣ ਪੁਛੇ ਕਿ ਤੂੰ ਹੁਕਮ ਨਹੀਂ ਮੰਨਦਾ ਤਾਂ ਜਵਾਨ ਹੀ ਬਣਿਆ ਰਹੁ। ਕਿਉਂ ਬੁੱਢਾ ਹੁੰਦਾ ਹੈਂ। ਫਿਰ ਮਰ ਹੀ ਨਾ। ਹਰ ਪਲ ਪ੍ਰਮਾਤਮਾ ਦਾ ਹੁਕਮ ਵਰਤ ਰਿਹਾ ਹੈ ਇਹ ਮੰਨ ਵੀ ਰਿਹਾ ਹੈ ਪਰ ਰੋਂਦਾ ਧੋਂਦਾ ਮੰਨਦਾ ਹੈ ਖੁਸ਼ੀ ਨਾਲ ਨਹੀਂ। ਗਿਆਨੀ ਬੰਦਾ, ਰੱਬ ਦਾ ਪਿਆਰਾ ਸਮਝਦਾ ਹੈ ਜੋ ਹੁਕਮ ਹੈ ਉਹ ਹੋ ਕੇ ਹੀ ਰਹਿਣਾ ਹੈ ਫਿਰ ਹੁਕਮ ਦੀ ਵਿਰੋਧਤਾ ਕਰਕੇ ਮੈਂ ਜੀਵਨ ਰੋਣਾ ਧੋਣਾ ਕਿਉਂ ਬਣਾਵਾਂ।

*ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨਾ ਰੋਵਨਾ॥*

—ਗੁਜਰੀ ਵਾਰ ਮਹਲਾ ੫, ਪੰਨਾ ੫੨੩

ਇਕ ਵਿਦਵਾਨ ਦੋਹਰਾ ਲਿਖਦੇ ਹਨ—

*ਦੂਖ ਸੂਖ ਕੇ ਸਮੇਂ ਕੋ ਕਾਟ ਲੇਤ ਹੈ ਦੋਇ।*
*ਗਿਆਨੀ ਕਾਟੇ ਹੰਸ ਕੇ ਅਗਿਆਨੀ ਕਾਟੇ ਰੋਇ।*

ਭਾਈ ਗੁਰਦਾਸ ਜੀ ਕਹਿੰਦੇ ਹਨ ਉਸ ਮਾਲਕ ਨੂੰ ਉਹੀ ਭਾਉਂਦਾ ਹੈ ਜਿਸ ਨੂੰ ਮਾਲਕ ਦਾ ਭਾਣਾ ਭਾਅ ਜਾਵੇ—

*ਖਸਮੈ ਸੋਈ ਭਾਵਦਾ ਖਸਮੈ ਦਾ ਭਾਣਾ ਜਿਸੁ ਭਾਵੇ।*

—ਭਾਈ ਗੁਰਦਾਸ ਜੀ

ਜਿਸ ਵੇਲੇ ਤਿੰਨ ਗੱਲਾਂ ਇਕੱਠੀਆਂ ਹੋ ਜਾਣ ਫਿਰ ਬਚਣਾ ਮੁਸ਼ਕਿਲ ਹੈ। ਸਮਾਂ ਆ ਜਾਵੇ, ਥਾਂ ਆ ਜਾਵੇ, ਬਹਾਨਾ ਬਣ ਜਾਵੇ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਇਹ ਜੋ ਤਸੀਹੇ ਆਏ ਹਨ ਇਹ ਇਸੇ ਤਰ੍ਹਾਂ ਈ ਹੋਣਾ ਸੀ। ਮੈਂ ਰਾਜ਼ੀ ਹਾਂ, ਰਜ਼ਾ ਵਿਚ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਮੈਂ ਸ਼ੁਕਰ ਗੁਜ਼ਾਰ ਹਾਂ ਪਰਮਾਤਮਾ ਦਾ ਇਹ ਬੱਚੇ ਉਸ ਦੀ ਅਮਾਨਤ ਸਨ। ਇਹਨਾਂ ਦਾ ਜਨਮ ਉਸ ਦਾ ਭਾਣਾ ਸੀ। ਮੈਂ ਪ੍ਰਵਾਨ ਕੀਤਾ ਸੀ। ਇਹ ਨਹੀਂ ਕਿਹਾ ਕਿ ਪੁੱਤਰ ਆ ਗਏ। ਫਕੀਰੀ ਵਿਚ ਕੁਝ ਫ਼ਰਕ ਪੈ ਜਾਏਗਾ। ਉਸ ਦਾ ਭਾਣਾ ਸੀ ਪੁੱਤਰਾਂ ਦਾ ਜਨਮ, ਉਸ ਦਾ ਭਾਣਾ

Sri Satguru Jagjit Singh Ji eLibrary NamdhariElibrary@gmail.com

ਹੈ ਪੁੱਤਰਾਂ ਦੀ ਸ਼ਹਾਦਤ। ਪ੍ਰਵਾਨ ਹੈ–

ਅਬਦੁਲ ਗ਼ਨੀ ਲਿਖਦੇ ਹਨ ਜਦੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਪਰਮਾਤਮਾ ਦਾ ਸ਼ੁਕਰ ਕੀਤਾ–

*ਬੇਟੋਂ ਕੇ ਕਤਲ ਹੋਨੇ ਕੀ ਪਹੁੰਚੀ ਯੂਹੀ ਖ਼ਬਰ।*
*ਜਾਨਾ ਯੇ ਪਿਦਰ ਨੇ ਕਿ ਹੂਆ ਪਿਸਰ ਵੋਹ ਕਤਲ।*
*ਸ਼ੁਕਰੀਆ ਅਕਾਲ ਪੁਰਖ ਕਾ ਕੀਆ ਉਠਾ ਕਰ ਸਰ।*
*ਅਰਜ਼ ਕੀ ਕਿ ਕਰ ਬੰਦਾ ਪੇ ਕਿਰਪਾ ਕੀ ਨਜ਼ਰ।*
*ਆਜ ਮੁਝ ਪਰ ਸੇ ਤੇਰੀ ਅਮਾਨਤ ਅਦਾ ਹੂਈ।*
*ਬੇਟੋਂ ਕੀ ਜਾਨ ਧਰਮ ਕੀ ਖ਼ਾਤਰ ਫਿਦਾ ਹੂਈ।*

ਜਿਸ ਭਾਸ਼ਾ ਨੂੰ ਬੰਦਾ ਪੜ੍ਹਿਆ ਨਹੀਂ ਉਸ ਨੂੰ ਸਮਝੇ ਕਿਵ। ਕੁਰਾਨ ਕੱਛ ਵਿਚ ਵੀ ਹੋਵੇ ਬੰਦਾ ਅਰਬੀ ਨਹੀਂ ਪੜ੍ਹਿਆ ਕਿਵੇਂ ਸਮਝੇਗਾ। ਵੇਦ ਸਿਰ ਤੇ ਰੱਖੇ ਹੋਣ, ਬੰਦਾ ਸੰਸਕ੍ਰਿਤ ਨਹੀਂ ਪੜ੍ਹਿਆ ਕਿਵੇਂ ਸਮਝੇਗਾ। ਹੁਕਮ ਸਾਡੇ ਨਾਲ ਹੀ ਲਿਖਿਆ ਹੈ ਪਰ ਉਹ ਅੰਤਰਮੁਖੀ ਹੋਣ ਦੀ ਕਲਾ ਜਦੋਂ ਤੱਕ ਸਾਨੂੰ ਨਹੀਂ ਆਉਂਦੀ ਕਿਵੇਂ ਹੁਕਮ ਨੂੰ ਪੜ੍ਹੀਏ। ਇਕ ਢੰਗ ਹੈ ਕਿ ਜਿਹੜੀ ਭਾਸ਼ਾ ਪੜ੍ਹਨੀ ਹੈ ਉਸਤਾਦ ਪਾਸੋਂ ਸਿਖਣੀ ਪੈਂਦੀ ਹੈ। ਹੁਕਮ ਨੂੰ ਵੀ ਪੜ੍ਹਨਾ ਹੈ ਤਾਂ ਪਰਮਾਤਮਾ ਨੇ ਹੁਕਮ ਦੀ ਜੁਗਤਿ ਗੁਰੂ ਨੂੰ ਬਖਸ਼ੀ ਹੈ। ਗੁਰੂ ਰੱਬੀ ਹੁਕਮ ਦ੍ਰਿੜ੍ਹ ਕਰਾਉਂਦੇ ਹਨ। ਗੁਰੂ ਦਾ ਸ਼ਬਦ ਹੈ ਹੀ ਰੱਬੀ ਹੁਕਮ ਦੀ ਵਿਆਖਿਆ।

ਜਿਹੜਾ ਸ਼ਬਦ ਨਾਲ ਜੁੜ ਜਾਏਗਾ ਉਹ ਹੁਕਮ ਨਾਲ ਜੁੜ ਜਾਏਗਾ। ਜਿਹੜਾ ਗੁਰ ਸ਼ਬਦ ਨੂੰ ਮੰਨ ਲਏਗਾ ਉਹ ਹੁਕਮ ਨੂੰ ਮੰਨ ਲਏਗਾ।

ਜਿਨ੍ਹਾਂ ਦੇ ਜੀਵਨ ਵਿਚ ਸ਼ਬਦ ਵੱਸ ਗਿਆ ਹੈ ਉਨ੍ਹਾਂ ਕਦੀ ਵੀ ਰੱਬੀ ਹੁਕਮ ਤੋਂ ਮੂੰਹ ਨਹੀਂ ਮੋੜਿਆ।

ਭਾਈ ਦਇਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਸ਼ਹੀਦ ਹੋਏ ਸਨ। ਸ਼ਬਦ ਹਿਰਦੇ ਵਿਚ ਸੀ, ਰਜ਼ਾ ਵਰਤੀ, ਸਾਬਤ ਰਹੇ। ਭਾਈ ਭਿਖਾਰੀ ਦੇ ਹਿਰਦੇ ਵਿਚ ਸ਼ਬਦ ਸੀ, ਹੁਕਮ ਵਰਤਿਆ, ਸਾਬਤ ਰਹੇ।

ਰੱਬੀ ਹੁਕਮ ਮੰਨਣ ਵਾਲਾ ਰੱਬ ਦਾ ਰੂਪ ਹੋ ਜਾਂਦਾ ਹੈ ਪਰ ਹੁਕਮ ਦੀ ਸੋਝੀ ਦੇਣੀ ਹੈ ਸਤਿਗੁਰ ਦੇ ਹੁਕਮ ਨੇ, ਸਤਿਗੁਰੂ ਦਾ ਹੁਕਮ ਹੈ, ਸਤਿਗੁਰੂ ਦਾ ਸ਼ਬਦ ਹੈ। ਸ਼ਬਦ ਤੋਂ ਬਿਨਾਂ ਜਗਤ ਨਿਗੁਰਾ ਹੈ, ਹੰਕਾਰੀ ਹੈ। ਨਿਗੁਰਾ ਤਾਂ ਹੋਛਾ ਹੈ। ਹੰਕਾਰੀ ਤਾਂ ਪਾਗ਼ਲਾਂ ਵਾਂਗ ਫਿਰਦਾ ਹੈ। ਹੰਕਾਰੀ ਦਾ ਜੀਵਨ ਐਸਾ ਹੈ ਜਿਵੇਂ ਕਿਸੇ ਦੀਵੇ ਵਿਚੋਂ ਤੇਲ ਮੁੱਕ ਚੁੱਕਾ ਹੋਵੇ ਅਤੇ ਉਹ ਬੁੱਝਣ ਵਾਸਤੇ ਆਖਰੀ ਬੁਝੱਕੇ ਮਾਰਦਾ ਹੋਵੇ। ਕੋਈ ਟਹਿਣੀ ਰੁੱਖ ਨਾਲੋਂ ਸੰਪਰਕ ਤੋੜ ਕੇ ਰਸਭਰੀ ਰਹਿ ਸਕਦੀ ਹੈ। ਨਹੀਂ, ਜੋ ਵੀ ਆਪਣੇ ਕੇਂਦਰ ਨਾਲੋਂ ਟੁੱਟ ਜਾਂਦਾ ਹੈ ਉਹ ਨੇਸਤੋ ਨਾਬੂਦ ਹੋ

Sri Satguru Jagjit Singh Ji eLibrary NamdhariElibrary@gmail.com

ਜਾਂਦਾ ਹੈ। ਜੀਵਨ ਵਿਚ ਗੰਭੀਰਤਾ ਗਹਿਰਾਈ ਚਾਹੀਦੀ ਹੈ। ਬੁਲੰਦੀ ਗੰਭੀਰਤਾ ਤੋਂ ਹੀ ਜਨਮਦੀ ਹੈ। ਰੁੱਖ ਦੀਆਂ ਜਿੰਨੀਆਂ ਜੜ੍ਹਾਂ ਗਹਿਰੀਆਂ ਹੋਣਗੀਆਂ ਉਨੀਆਂ ਹੀ ਸ਼ਾਖਾਂ ਉੱਚੀਆਂ ਹੋਣਗੀਆਂ। ਜੀਵਨ ਦੀ ਵੇਲ ਗੁਰਸ਼ਬਦ ਦੇ ਬਿਰਖ ਨਾਲ ਜੁੜ ਕੇ ਉੱਚੀ ਹੋ ਸਕਦੀ ਹੈ।

*ਸ਼ਬਦ ਗੁਰ ਪੀਰਾ ਗਹਿਰ ਗੰਭੀਰਾ॥*
*ਬਿਨੁ ਸਬਦੈ ਜਗੁ ਬਉਰਾਨੰ॥*

—ਸੋਰਠਿ ਮਹਲਾ ੧, ਪੰਨਾ ੬੩੫

ਮਨ ਦੀ ਮਤ ਤਿਆਗਣੀ ਕਠਿਨ ਯਾਤਰਾ ਹੈ ਪਰ ਇਸ ਬਿਨਾਂ ਜੀਵਨ ਯਾਤਰਾ ਸਫ਼ਲ ਨਹੀਂ ਹੁੰਦੀ—

*ਮਨ ਕੀ ਮਤ ਤਿਆਗਹੁ ਹਰਿ ਜਨ,*
*ਏਹਾ ਬਾਤ ਕਠੈਨੀ॥*
*ਅਨਦਿਨੁ ਹਰਿ ਹਰਿ ਨਾਮੁ ਧਿਆਵਹੁ*
*ਗੁਰ ਸਤਿਗੁਰ ਕੀ ਮਤਿ ਲੈਨੀ॥*

—ਬਿਲਾਵਲੁ ਮਹਲਾ ੪, ਪੰਨਾ ੮੦੦

ਸ਼ਬਦ ਦੀ ਟੇਕ ਨਾਲ ਮਨ ਹਠ ਤੋਂ ਤੁਰ ਕੇ ਹੁਕਮ ਤੱਕ ਪਹੁੰਚਣਾ ਹੈ, ਇਹ ਧਰਮ ਦੀ ਯਾਤਰਾ ਹੈ।

**

Sri Satguru Jagjit Singh Ji eLibrary NamdhariElibrary@gmail.com

# 4 ਮਾਇਆ ਦੀ ਖਿੱਚ

ਸਤਿਗੁਰੂ ਅਮਰਦਾਸ ਜੀ ਦਾ ਬਚਨ ਹੈ—

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥*

—ਅਨੰਦ ਸਾਹਿਬ, ਪੰਨਾ ੯੨੧

ਜਦੋਂ ਮਾਇਆ ਨੇ ਆਪਣਾ ਹੁਕਮ ਵਰਤਾਇਆ ਤਾਂ ਜੀਵ ਦੀ ਜੋ ਪਰਮਾਤਮਾ ਨਾਲ ਇਕ ਰਸ ਲਿਵ ਸੀ ਉਹ ਟੁੱਟ ਗਈ ਤੇ ਤ੍ਰਿਸ਼ਨਾ ਲੱਗ ਗਈ। ਮਾਇਆ ਕੀ ਹੈ, ਜਿਸ ਨਾਲ ਹਿਰਦੇ ਵਿਚ ਸੰਸਾਰਕ ਮੋਹ ਪੈਦਾ ਹੋ ਜਾਏ ਅਤੇ ਪਰਮਾਤਮਾ ਭੁੱਲ ਜਾਏ।

ਮਨੁੱਖ ਦੇ ਮਨ ਵਿਚ ਜੋ ਮਾਇਆ ਦਾ ਨਿਵਾਸ ਹੈ ਤਾਂ ਬਾਹਰ ਮਾਇਆ ਇਕੱਠੀ ਕਰਨ ਵਾਸਤੇ ਜਿੰਨੇ ਵੀ ਹੀਲੇ ਬਹਾਨੇ ਹਨ ਉਹ ਸਾਰੇ ਹੀ ਇਹ ਕਰਦਾ ਹੈ। ਜਿਵੇਂ ਕਿ ਦੁਕਾਨਦਾਰੀ ਹੈ, ਵਪਾਰ ਹੈ, ਖੇਤੀ ਹੈ, ਨੌਕਰੀ ਹੈ। ਈਮਾਨਦਾਰੀ ਦੀ ਕਿਰਤ ਤੋਂ ਬਾਅਦ ਠੱਗੀ ਹੈ, ਚੋਰੀ ਹੈ। ਜੇਕਰ ਕਿਸੇ ਢੰਗ ਨਾਲ ਵੀ ਮਾਇਆ ਨਾ ਮਿਲੇ ਫਿਰ ਜਪ ਵੀ ਹੈ, ਤਪ ਵੀ ਹੈ, ਤਪੋ ਰਾਜ ਹੈ। ਤਪੋ ਮੋਖ ਕਹਿਣ ਦੀ ਥਾਂ ਜੋ ਤਪੋ ਰਾਜ ਕਿਹਾ ਹੈ, ਇਹ ਮਾਇਆ ਦੀ ਖਿੱਚ ਦਾ ਹੀ ਪ੍ਰਭਾਵ ਹੈ। ਅਰਦਾਸ ਹੈ, ਪਾਠ ਹੈ, ਯੱਗ ਹੈ, ਬੜੇ ਧਾਰਮਿਕ ਕੰਮ ਹਨ ਪਰ ਪਿੱਛੇ ਲਾਲਸਾ ਹੈ ਕਿ ਧਨ ਮਿਲ ਜਾਏ।

ਸਤਿਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਨੂੰ ਅਸੀਂ ਦਾਨੀ ਤੇ ਸੰਤੋਖੀ ਕਹਿੰਦੇ ਹਾਂ ਉਨ੍ਹਾਂ ਨੂੰ ਵੀ ਧਿਆਨ ਨਾਲ ਵੇਖਣ ਦੀ ਲੋੜ ਹੈ। ਜਿਵੇਂ ਕੋਈ ਗਊ ਨੂੰ ਪੱਠੇ ਪਾ ਕੇ ਉਸਦਾ ਦੁੱਧ ਚੋਅ ਲੈਂਦਾ ਹੈ। ਕੀ ਕਹੀਏ ਕਿ ਪੱਠੇ ਪਾ ਕੇ ਇਹ ਕੋਈ ਪਰਉਪਕਾਰ ਕਰ ਰਿਹਾ ਹੈ। ਫੰਡਰ ਗਊ ਨੂੰ ਕਦੀ ਕੋਈ ਖਲ ਵੜੇਵੇਂ ਪਾਉਂਦਾ ਵੇਖਿਆ ਹੈ। ਧਰਤੀ ਵਿਚ ਕੋਈ ਬੀਜ ਬੀਜ ਰਿਹਾ ਹੈ ਤਾਂ ਕੀ ਉਹ ਬੀਜ ਦਾਨ ਕਰ ਰਿਹਾ ਹੈ। ਨਹੀਂ ਉਹ ਤਾਂ ਥੋੜ੍ਹੇ ਦਾਣੇ ਬੀਜ ਕੇ ਬਹੁਤ ਵੱਡੇ ਬੋਹਲ ਦੀ ਆਸ ਲਗਾ ਕੇ ਬੈਠਾ ਹੈ। ਪੁਰਾਤਨ ਗ੍ਰੰਥਾਂ ਵਿਚ ਦਾਨ ਨੂੰ ਵੀ ਬੀਜ ਕਿਹਾ


Sri Satguru Jagjit Singh Ji eLibrary NamdhariElibrary@gmail.com

ਹੈ। ਕੁਪਾਤ੍ਰ ਨੂੰ ਦਾਨ ਦੇਣਾ ਐਸਾ ਹੈ ਜਿਵੇਂ ਕੋਈ ਕਲਰੀ ਧਰਤੀ ਵਿਚ ਬੀਜ ਪਾ ਦੇਵੇ।

*ਕੁਪਾਤ੍ਰੇ ਮਝਾਰੀ ਦੀਯੋ ਦਾਨ ਐਸੇ।*
*ਕੁਖੇਤ੍ਰੇ ਮਝਾਰੀ ਬੋਯੋ ਬੀਜ ਜੈਸੇ॥*

—ਸਾਰਕੁਤਾਵਲੀ

ਇਹ ਦਾਨ ਤਾਂ ਖਾਦ ਵਰਗਾ ਹੈ ਜਿਸ ਨਾਲ ਖੇਤੀ ਜ਼ਿਆਦਾ ਅੰਨ ਦੇਵੇ ਪਰ ਖੇਤੀ ਦਾ ਕੁਝ ਨਹੀਂ ਰਹਿ ਜਾਂਦਾ। ਇਹ ਦਾਨ ਉਸ ਟੀਕੇ ਵਰਗਾ ਹੈ ਜੋ ਮੱਝ ਨੂੰ ਲਗਾਇਆ ਤੇ ਦੁੱਧ ਚੋਅ ਲਿਆ। ਇਸ ਲਈ ਸਾਡੇ ਦੇਸ਼ ਦਾ ਦਾਨ ਪਾਤ੍ਰ ਜ਼ਲੀਲ ਮੰਗਤਾ ਬਣ ਗਿਆ ਅਤੇ ਦਾਨੀ ਹੰਕਾਰੀ ਹੋ ਗਿਆ ਹੈ। ਸਤਿਗੁਰੂ ਫ਼ਰਮਾਉਂਦੇ ਹਨ ਦਾਨੀ ਦੇ ਕੇ ਹਜ਼ਾਰਾਂ ਗੁਣਾਂ ਮੰਗਦਾ ਹੈ। ਇਕ ਰੁਪੈ ਦਾ ਸੌ ਰੁਪਿਆ ਮਿਲੇ ਅਤੇ ਫਿਰ ਸੰਸਾਰ ਸ਼ੋਭਾ ਵੀ ਕਰੇ ਕਿ ਇਸ ਨੇ ਬੜਾ ਵੱਡਾ ਪਰਉਪਕਾਰ ਕੀਤਾ ਹੈ। ਇਹ ਬਹੁਤ ਵੱਡਾ ਦਾਨੀ ਹੈ—

*ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥*
*ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ॥*

—ਵਾਰ ਆਸਾ, ਪੰਨਾ ੪੬੫

ਇਕ ਬੜੀ ਸੁੰਦਰ ਕਥਾ ਹੈ ਕਿ ਭਗਵਾਨ ਨੇ ਇਕ ਦਿਨ ਲੱਛਮੀ ਨੂੰ ਕਿਹਾ ਕਿ ਲੱਛਮੀ ਵੇਖ ਕਿੰਨੇ ਮੇਰੇ ਭਗਤ ਮੈਨੂੰ ਯਾਦ ਕਰਦੇ ਹਨ। ਸਵੇਰੇ ਸ਼ਾਮ ਮੰਦਰਾਂ ਵਿਚ ਕਿੰਨੀਆਂ ਰੌਣਕਾਂ ਹਨ। ਲੱਛਮੀ ਨੇ ਕਿਹਾ ਭਗਵਾਨ ਭੁਲੇਖਾ ਨਾ ਖਾਣਾ। ਇਹ ਰੌਣਕਾਂ ਤੁਹਾਡੇ ਕਾਰਨ ਨਹੀਂ ਮੇਰੇ ਕਾਰਨ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਮੰਦਰ ਤੁਹਾਡੇ ਕਾਰਨ ਨਹੀਂ ਬਣਿਆ ਮੇਰੇ ਕਾਰਨ ਬਣਿਆ ਹੈ। ਮੰਦਰ ਬਣਾਉਣ ਲਈ ਪ੍ਰਬੰਧਕ ਝੋਲੀ ਕਰਕੇ ਦਾਨ ਨਾਮ ਦਾ ਮੰਗਦੇ ਹਨ ਕਿ ਮਾਇਆ ਦਾ। ਮਾਇਆ ਬਿਨਾਂ ਮੰਦਰ ਕਿਥੇ? ਫਿਰ ਆਉਣ ਵਾਲੇ ਨਾਂ ਤੇਰਾ ਲੈਂਦੇ ਹਨ ਪਰ ਮਨ ਵਿਚ ਮੰਗ ਮੇਰੀ ਹੈ। ਤੇਰਾ ਨਾਂ ਤਾਂ ਮੇਰੇ ਹੀ ਕਾਰਨ ਲੈਂਦੇ ਹਨ। ਭਗਵਾਨ ਨਹੀਂ ਮੰਨੇ। ਆਖਰ ਇਕ ਭਗਤ ਦੀ ਪ੍ਰੀਖਿਆ ਤੱਕ ਨੌਬਤ ਆ ਗਈ। ਇਹ ਦੁਕਾਨਦਾਰ ਸੀ ਭਗਵਾਨ ਦੇ ਮੰਦਰ ਸਵੇਰੇ ਸ਼ਾਮ ਜਾਂਦਾ ਸੀ। ਘਰ ਵੀ ਛੋਟਾ ਜਿਹਾ ਮੂਰਤੀ ਅਸਥਾਨ ਬਣਾਇਆ ਸੀ। ਧੂਪ ਦੀਪ ਕਰਦਾ ਸੀ। ਭਗਵਾਨ ਨੇ ਕਿਹਾ ਇਹ ਮੇਰਾ ਭਗਤ ਹੈ। ਲੱਛਮੀ ਨੇ ਕਿਹਾ ਤੇਰਾ ਨਹੀਂ ਮੇਰਾ ਹੈ, ਪ੍ਰੀਖਿਆ ਕਰੋ। ਭਗਵਾਨ ਨੇ ਇਕ ਸਾਧੂ ਦਾ ਭੇਸ ਬਣਾਇਆ।

ਕਹਾਣੀ ਐਸੀ ਹੈ, ਵੈਸੇ ਭਗਵਾਨ ਵਿਅਕਤੀ ਨਹੀਂ ਪਰ ਅਸੀਂ ਗੱਲ ਸਮਝਣ ਲਈ ਕੁਝ ਚਿਰ ਲਈ ਮੰਨ ਲਈਏ। ਭਗਵਾਨ ਭਗਤ ਦੇ ਘਰ ਪੁੱਜੇ, ਉਸ ਨੇ ਬੜੀ ਆਉ ਭਗਤ ਕੀਤੀ ਅਤੇ ਰਾਤ ਘਰ ਰਹਿਣ ਲਈ ਕਿਹਾ ਪਰ ਭਗਵਾਨ

ਨੇ ਇਕ ਸ਼ਰਤ ਰੱਖੀ ਕਿ ਅਸੀਂ ਤਾਂ ਰਹਾਂਗੇ ਜੇ ਸਾਨੂੰ ਤੂੰ ਜਾਣ ਲਈ ਨਾ ਆਖੇਂ। ਅਸੀਂ ਆਪਣੀ ਮਰਜ਼ੀ ਨਾਲ ਜਾਵਾਂਗੇ। ਭਗਵਾਨ ਤੇ ਲੱਛਮੀ ਦਾ ਫ਼ੈਸਲਾ ਹੀ ਇਹ ਸੀ ਕਿ ਕਿਸ ਨੂੰ ਭਗਤ ਘਰ ਰੱਖਦਾ ਹੈ, ਕਿਸ ਨੂੰ ਘਰੋਂ ਬਾਹਰ ਕੱਢਦਾ ਹੈ। ਭਗਤ ਨੇ ਸਵੀਕਾਰ ਕਰ ਲਿਆ ਕਿ ਤੁਸੀਂ ਆਪਣੀ ਮਰਜ਼ੀ ਨਾਲ ਹੀ ਜਾਣਾ ਮੈਂ ਜਾਣ ਲਈ ਨਹੀਂ ਕਹਾਂਗਾ। ਭਗਵਾਨ ਦਾ ਕਮੰਡਲ ਰੱਖ ਦਿੱਤਾ ਅਤੇ ਆਸਣ ਵਿਛਾ ਦਿੱਤਾ ਗਿਆ। ਲੱਛਮੀ ਹੋਰੀਂ ਵੀ ਆ ਪੁੱਜੇ। ਬੜਾ ਸੁੰਦਰ ਰੱਥ ਸੀ, ਸੁੰਦਰ ਘੋੜੇ ਸਨ, ਸੋਨੇ ਦਾ ਛਤਰ, ਸੋਨਾ ਹੀ ਸੋਨਾ। ਇਸੇ ਭਗਤ ਕੋਲ ਆ ਕੇ ਆਵਾਜ਼ ਦਿੱਤੀ। ਭਗਤ ਭਗਵਾਨ ਦੀ ਸੇਵਾ ਵਿਚ ਲੱਗਾ ਸੀ। ਅਜੇ ਤਾਂ ਆਸਣ ਹੀ ਵਿਛਾਇਆ ਸੀ, ਅਜੇ ਜਲ ਪਾਣੀ ਤਾਂ ਪੁੱਛਣਾ ਸੀ ਪਰ ਜਦੋਂ ਲੱਛਮੀ ਵੱਲ ਵੇਖਿਆ, ਉਸ ਨੂੰ ਭਗਵਾਨ ਭੁਲ ਗਏ। ਕਹਿਣ ਲੱਗਾ, ਜੀ ਮੈਂ ਹੁਣੇ ਆਇਆ। ਭਗਵਾਨ ਭੁੱਲ ਗਿਆ, ਧਿਆਨ ਸਾਰਾ ਹੀ ਲੱਛਮੀ ਨੇ ਆਪਣੇ ਵੱਲ ਖਿੱਚ ਲਿਆ। ਝੁਕ ਕੇ ਜੀ ਆਇਆਂ ਆਖਿਆ, ਪਾਣੀ ਪੁੱਛਿਆ, ਲੱਛਮੀ ਜੀ ਨੇ ਹਾਂ ਵਿਚ ਸਿਰ ਹਿਲਾਇਆ।

ਪਾਣੀ ਦਾ ਲੋਟਾ ਆ ਗਿਆ, ਲੱਛਮੀ ਨੇ ਆਪਣਾ ਕੰਚਨ ਦਾ ਪਿਆਲਾ ਕੱਢਿਆ, ਪਾਣੀ ਪੀਤਾ ਤੇ ਪਿਆਲਾ ਸੁੱਟ ਦਿੱਤਾ। ਇਸ ਭਗਤ ਨੇ ਪਿਆਲਾ ਚੁੱਕਿਆ ਤੇ ਕਿਹਾ ਬੀਬੀ ਜੀ ਪਿਆਲਾ ਲੈ ਲਓ। ਲੱਛਮੀ ਨੇ ਕਿਹਾ, ਮੈਂ ਸੋਨੇ ਦੇ ਬਰਤਨਾਂ ਵਿਚ ਹੀ ਖਾਂਦੀ ਹਾਂ, ਪੀਂਦੀ ਹਾਂ, ਤੇ ਮੇਰੇ ਪਾਸ ਏਨੇ ਬਰਤਨ ਹਨ ਇਕ ਤੋਂ ਦੂਸਰੀ ਵਾਰ ਵਰਤਣ ਦੀ ਲੋੜ ਨਹੀਂ ਪੈਂਦੀ। ਜਿੱਥੇ ਮੈਂ ਠਹਿਰਦੀ ਹਾਂ ਉਨੇ ਸਮੇਂ ਵਿਚ ਜਿੰਨੇ ਵੀ ਬਰਤਨ ਵਰਤਾਂ ਅਕਸਰ ਉਸ ਥਾਂ ਰਹਿਣ ਵਾਲੇ ਲੋਕ ਉਹ ਬਰਤਨ ਸਾਂਭ ਲੈਂਦੇ ਹਨ। ਮੇਰੀ ਸੇਵਾ ਜਿਸ ਨੇ ਥੋੜ੍ਹੀ ਜਿਹੀ ਵੀ ਕੀਤੀ ਮੈਂ ਉਸ ਨੂੰ ਮਾਲੋ-ਮਾਲ ਕਰ ਦਿੱਤਾ। ਤੂੰ ਪਾਣੀ ਦਾ ਪਿਆਲਾ ਦਿੱਤਾ ਹੈ ਮੈਂ ਪਾਣੀ ਦੇ ਪਿਆਲੇ ਬਦਲੇ ਤੈਨੂੰ ਸੋਨੇ ਦਾ ਪਿਆਲਾ ਦੇਂਦੀ ਹਾਂ। ਚੰਗਾ ਮੈਂ ਚਲਦੀ ਹਾਂ।

ਸੰਸਾਰ ਵਿਚ ਕੌਣ ਹੈ ਜੋ ਆਈ ਮਾਇਆ ਘਰੋਂ ਜਾਣ ਦੇਵੇ। ਜਾਨ ਚਲੀ ਜਾਏ, ਪਰ ਮਾਇਆ ਨਾ ਜਾਏ। ਸ਼ਾਇਦ ਇੰਨੀ ਅਧੀਨਗੀ ਨਾਲ ਤਾਂ ਭਗਵਾਨ ਅੱਗੇ ਵੀ ਹੱਥ ਨਹੀਂ ਸਨ ਜੋੜੇ ਜਿੰਨੀ ਝੁਕ ਕੇ ਮਾਇਆ ਨੂੰ ਡੰਡੌਤ ਕਰਨੀ ਪਈ ਤੇ ਕਿਹਾ ਜੇ ਇਸ ਗ਼ਰੀਬ ਦੇ ਘਰ ਹੋਰ ਥੋੜ੍ਹਾ ਜਿਹਾ ਠਹਿਰ ਜਾਓ। ਘੱਟੋ-ਘੱਟ ਇਕ ਵਾਰ ਪਾਣੀ ਹੀ ਹੋਰ ਪੀ ਲਓ। ਮਾਇਆ ਦਾ ਜਾਦੂ ਚੱਲ ਗਿਆ। ਉਸਨੇ ਕਿਹਾ ਮੈਂ ਤੇਰੇ ਘਰ ਰੋਟੀ ਖਾਵਾਂਗੀ, ਰਾਤ ਰਹਾਂਗੀ ਪਤਾ ਨਹੀਂ ਰਾਤ ਕਿੰਨੀ ਵਾਰ ਪਾਣੀ ਪੀਵਾਂ ਸਭ ਸੋਨੇ ਦੇ ਬਰਤਨ ਤੇਰੇ। ਪਰ ਮੇਰੀ ਇਕ ਸ਼ਰਤ ਹੈ ਕਿ ਮੈਨੂੰ ਕੋਈ ਥਾਂ ਪਸੰਦ ਆਉਣੀ ਚਾਹੀਦੀ ਹੈ।

ਭਗਤ ਘਰ ਵਿਖਾ ਰਿਹਾ ਸੀ, ਲੱਛਮੀ ਖੁਸ਼ ਸੀ ਤੇ ਭਗਵਾਨ ਅਤੇ ਉਸਦੇ

Sri Satguru Jagjit Singh Ji eLibrary NamdhariElibrary@gmail.com

ਭਗਤ ਤੇ ਹੱਸ ਰਹੀ ਸੀ ਕਿ ਭਗਵਾਨ ਨੂੰ ਅਜੇ ਪਾਣੀ ਨਹੀਂ ਮਿਲਿਆ ਪਰ ਮੈਨੂੰ ਪਾਣੀ ਮਿਲ ਗਿਆ ਹੈ। ਜਿਹੜੇ ਕਮਰੇ ਵਿਚ ਭਗਵਾਨ ਸਨ ਉਹੋ ਹੀ ਪਸੰਦ ਕੀਤਾ। ਭਗਤ ਨੇ ਜਦੋਂ ਕਿਹਾ ਕਿ ਇਥੇ ਤਾਂ ਸੰਤ ਠਹਿਰੇ ਹਨ। ਲੱਛਮੀ ਨੇ ਬੜੇ ਰੋਅਬ ਨਾਲ ਕਿਹਾ, ਵੇਖ ਬਾਣੀਆ, ਮੇਰੇ ਪਾਸ ਸਮਾਂ ਨਹੀਂ। ਜੇਕਰ ਹੁਣੇ ਹੀ ਥਾਂ ਵਿਹਲੀ ਹੋਵੇ ਤਾਂ ਠੀਕ, ਨਹੀਂ ਤਾਂ ਮੈਂ ਤਾਂ ਜਾ ਰਹੀ ਹਾਂ। ਗੱਲ ਕੀ ਹੋਣੀ ਸੀ, ਇਸਨੇ ਨਾ ਹਾਂ ਪੁੱਛੀ ਨਾ ਨਾਂਹ, ਭਗਵਾਨ ਦਾ ਕਮੰਡਲ ਚੁੱਕਿਆ ਤੇ ਬਾਹਰ ਸੁੱਟਿਆ ਅਤੇ ਬਾਹੋਂ ਫੜਿਆ ਭਗਵਾਨ ਨੂੰ, ਆਸਣ ਚੁੱਕਿਆ ਤੇ ਬਾਹਰ ਸੁੱਟ ਦਿੱਤਾ। ਭਗਵਾਨ ਨੂੰ ਕਮਰੇ ਵਿਚੋਂ ਬਾਹਰ ਕਰਕੇ ਕਹਿਣ ਲੱਗਾ। ਬੀਬੀ ਜੀ, ਆਓ! ਤੁਸੀਂ ਆਸਣ ਲਓ, ਸੰਤਾਂ ਨਾਲ ਫਿਰ ਹੀ ਗੱਲ ਕਰਾਂਗਾ। ਲੱਛਮੀ ਨੇ ਕਿਹਾ, ਕਿਉਂ ਭਗਵਾਨ ਭਗਤ ਤੇਰਾ ਹੈ ਕਿ ਮੇਰਾ? ਮੇਰਾ ਆਸਣ ਲੱਗ ਗਿਆ ਤੈਨੂੰ ਧੱਕੇ ਪਏ ਹੁਣ ਕਹੇਂ ਤਾਂ ਤੇਰੀ ਸੇਵਾ ਕਰਵਾਵਾਂ। ਭਗਵਾਨ ਨੇ ਕਿਹਾ, ਆ ਲੱਛਮੀ ਚੱਲੀਏ। ਬਣੀਏ ਨੇ ਕਿਹਾ, ਭੈਣ ਜੀ, ਤੁਹਾਡੇ ਲਈ ਕਮਰਾ ਵਿਹਲਾ ਕਰਾਇਆ ਸੀ ਤੁਸੀਂ ਵੀ ਜਾ ਰਹੇ ਹੋ। ਲੱਛਮੀ ਨੇ ਕਿਹਾ, ਮੈਂ ਇਸਦਾ ਪ੍ਰਛਾਵਾਂ ਹਾਂ, ਜਿਧਰ ਇਹ ਜਾਵੇਗਾ ਮੈਂ ਵੀ ਉਧਰ ਹੀ ਜਾਵਾਂਗੀ।

ਮਨੁੱਖ ਹਿਰਦੇ ਵਿਚ ਮਾਇਆ ਨੂੰ ਨਿਵਾਸ ਦਿੰਦਾ ਹੈ, ਰੱਬ ਨੂੰ ਨਹੀਂ। ਹਰਨਾਕਸ਼ ਦਾ ਬੜਾ ਤਪ ਸੀ ਪਰ ਮੰਗਦਾ ਹੈ ਅਮਰ ਰਾਜ। ਰਾਵਣ ਬੜਾ ਤਪ ਕਰਕੇ ਮੰਗਦਾ ਹੈ ਸੋਨੇ ਦੀ ਲੰਕਾ। ਇੰਜ ਜਾਪਦਾ ਹੈ ਕੋਈ ਵਿਰਲਾ ਹੀ ਸੇਵਕ ਹੈ ਬਾਕੀ ਤਾਂ ਸਾਰੇ ਮਾਇਆ ਦੇ ਵਪਾਰੀ ਹੀ ਇਕੱਠੇ ਹੋਏ ਹਨ।

*ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥*

—ਗੂਜਰੀ ਮ: ੫, ਪੰਨਾ ੪੯੫

ਜਿੰਨੀਆਂ ਧਾਰਮਿਕ ਅਸਥਾਨ ਦੀਆਂ ਰੌਣਕਾਂ ਹਨ ਜ਼ਿਆਦਾਤਰ ਉਨ੍ਹਾਂ ਬੰਦਿਆਂ ਕਰਕੇ ਹਨ ਜਿਨ੍ਹਾਂ ਨੂੰ ਇਹ ਆਸ ਹੈ ਕਿ ਸੰਸਾਰਕ ਇਛਾਵਾਂ ਪੂਰੀਆਂ ਹੋਣਗੀਆਂ। ਜੇਕਰ ਇਹ ਭਰੋਸਾ ਆ ਜਾਏ ਕਿ ਇਥੇ ਸਿਰਫ਼ ਨਾਮ ਜਪਣ ਦੀ ਪ੍ਰੇਰਨਾ ਹੀ ਮਿਲਣੀ ਹੈ ਤੇ ਜਪਣਾ ਵੀ ਆਪ ਹੀ ਪੈਣਾ ਹੈ ਤਾਂ ਵੇਖੋ ਇਨ੍ਹਾਂ ਰੌਣਕਾਂ ਨੂੰ ਕਿਵੇਂ ਬੇ-ਰੌਣਕੀ ਵਿਚ ਤਬਦੀਲ ਹੁੰਦੀਆਂ ਹਨ। ਇਹ ਸੱਚ ਹੈ ਕਿ ਗੱਲ ਨਾਮ ਦੀ ਚਲਦੀ ਹੈ ਪਰ ਅੰਦਰ ਧੁਨ ਮਾਇਆ ਦੀ ਹੈ।

ਪਰ ਇਸ ਮਾਇਆ ਦਾ ਵੀ ਅਜੀਬ ਤਮਾਸ਼ਾ ਹੈ ਮਿਲ ਕੇ ਵੀ ਨਹੀਂ ਮਿਲਦੀ। ਜਿਸ ਨੂੰ ਨਹੀਂ ਮਿਲੀ ਉਹ ਵੀ ਰੋਂਦਾ ਹੈ, ਜਿਸ ਨੂੰ ਮਿਲ ਗਈ ਉਹ ਵੀ ਰੋਂਦਾ ਹੈ।

*ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥*
*ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥ ਮ: ੧*

—ਮਲਾਰ ਕੀ ਵਾਰ, ਪੰਨਾ ੧੨੮੭

ਕਿੰਨੇ ਦੁੱਖ ਸਹਾਰ ਕੇ ਬੰਦਾ ਧਨ ਪ੍ਰਾਪਤ ਕਰਦਾ ਹੈ ਫਿਰ ਜੇ ਮਾਇਆ ਚਲੀ ਜਾਏ ਤਾਂ ਕਈ ਵਾਰ ਜਿੰਦ ਜਾਨ ਵੀ ਨਾਲ ਲੈ ਜਾਂਦੀ ਹੈ। ਆਉਂਦਿਆਂ ਜੇ ਦੁੱਖ ਆਇਆ ਤਾਂ ਇਕ ਆਸ ਦੇ ਆਸਰੇ ਉਹ ਦੁੱਖ ਸਹਿ ਲਿਆ ਸੀ ਕਿ ਦੁੱਖ ਤੋਂ ਬਾਅਦ ਧਨ ਮਿਲੇਗਾ ਧਨ ਨਾਲ ਸੁਖ ਮਿਲੇਗਾ। ਪਰ ਮਾਇਆ ਦੇ ਜਾਣ ਲੱਗਿਆਂ ਤਾਂ ਇਹ ਆਸ ਵੀ ਨਹੀਂ ਰਹਿੰਦੀ। ਇਕ ਵਿਦਵਾਨ ਕਹਿੰਦੇ ਹਨ—

*ਮਨਮੁਖ ਕੋ ਦੁਖ ਦੇਤ*
*ਆਵਤੀ ਜਾਤੀ ਮਾਇਆ।*

ਸ਼ਾਂਤੀ ਕਿਸੇ ਨੂੰ ਨਹੀਂ। ਮਾਇਆ ਨੂੰ ਜਿਹੜੇ ਆਪਣਾ ਬਣਾਉਣਾ ਚਾਹੁੰਦੇ ਹਨ ਇਹ ਉਨ੍ਹਾਂ ਨੂੰ ਸਦਾ ਦੀ ਮੌਤੇ ਮਾਰ ਕੇ ਹੋਰ ਸ਼ਿਕਾਰ ਵਾਸਤੇ ਚੱਲ ਪੈਂਦੀ ਹੈ।

ਕਬੀਰ ਸਾਹਿਬ ਦਾ ਬਚਨ ਹੈ—

*ਖਸਮੁ ਮਰੈ ਤਉ ਨਾਰਿ ਨਾ ਰੋਵੈ॥*
*ਉਸ ਰਖਵਾਰਾ ਅਉਰੋ ਹੋਵੈ॥*

—ਗੋਂਡ ਕਬੀਰ ਜੀ, ਪੰਨਾ ੮੭੧

ਮਾਇਆ ਦਾ ਇਕ ਮਾਲਕ ਮਰ ਜਾਏ ਤਾਂ ਮਾਇਆ ਨਹੀਂ ਰੋਂਦੀ। ਉਸ ਦਾ ਮਾਲਕ ਹੋਰ ਬਣ ਜਾਂਦਾ ਹੈ।

ਇਸ ਪ੍ਰਥਾਇ ਇਕ ਕਥਾ ਹੈ—

ਕਬੀਰ ਸਾਹਿਬ ਨੇ ਮਾਇਆ ਦਾ ਤਮਾਸ਼ਾ ਵੇਖਿਆ ਸੀ। ਚਾਰ ਚੋਰ ਚੋਰੀ ਲਈ ਤੁਰੇ। ਅੱਗੇ ਮਾਇਆ ਦੀ ਥੈਲੀ ਪਈ ਸੀ। ਸੋਚਿਆ ਕਿ ਬਿਨਾਂ ਯਤਨ ਮਾਇਆ ਮਿਲ ਗਈ। ਭੁੱਖ ਲੱਗੀ ਸੀ ਚੌਹਾਂ ਨੇ ਕਿਹਾ ਅਸੀਂ ਬਾਹਰ ਧਨ ਦੀ ਰਾਖੀ ਕਰਦੇ ਹਾਂ। ਸ਼ਹਿਰ ਵਿਚ ਏਨੀ ਮਾਇਆ ਲੈ ਜਾਣੀ ਖਤਰੇ ਤੋਂ ਖਾਲੀ ਨਹੀਂ। ਤੁਸੀਂ ਦੋ ਜਣੇ ਖਾਣੇ ਦਾ ਪ੍ਰਬੰਧ ਕਰਕੇ ਲਿਆਓ। ਦੋ ਚਲੇ ਗਏ, ਦੋ ਰਹਿ ਗਏ। ਜਿਹੜੇ ਦੋ ਚਲੇ ਗਏ ਉਨ੍ਹਾਂ ਦੇ ਮਨ ਵਿਚ ਆਈ ਅੱਜ ਕਿਤੇ ਅਸੀਂ ਦੋ ਹੀ ਹੁੰਦੇ ਤਾਂ ਚੰਗਾ ਸੀ, ਧਨ ਜ਼ਿਆਦਾ ਮਿਲਦਾ। ਇਹ ਖ਼ਿਆਲ ਇੰਨਾ ਪ੍ਰਬਲ ਹੋਇਆ ਕਿ ਉਨ੍ਹਾਂ ਖਾਣੇ ਵਿਚ ਜ਼ਹਿਰ ਮਿਲਾ ਲਿਆ। ਦੂਸਰਿਆਂ ਦੇ ਮਨ ਵਿਚ ਵੀ ਐਸਾ ਖ਼ਿਆਲ ਆਇਆ। ਉਨ੍ਹਾਂ ਇਨ੍ਹਾਂ ਦੋਹਾਂ ਨੂੰ ਆਉਂਦਿਆਂ ਹੀ ਕਤਲ ਕਰ ਦਿੱਤਾ। ਪਰ ਦੁਰਭਾਗ ਵਸ ਆਪ ਭੋਜਨ ਖਾ ਬੈਠੇ। ਚਾਰੇ ਹੀ ਮਰ ਗਏ। ਹੁਣ ਮਾਇਆ ਉਡੀਕ ਰਹੀ ਹੈ ਹੋਰ ਸ਼ਿਕਾਰ ਕਿਹੜਾ ਆਉਂਦਾ ਹੈ। ਕਬੀਰ ਸਾਹਿਬ ਕੋਲ ਵੀ ਮਾਇਆ ਇਸ ਰੂਪ ਵਿਚ ਆਉਂਦੀ ਹੈ ਕਿ ਕਬੀਰ ਜੀ ਨਾਮ ਦੀ ਗੱਲ ਛੱਡੋ, ਪੈਸੇ ਵੱਧ ਲੈ ਲਓ, ਤਾਣਾ ਤਣੋ। ਉਹ ਕਹਿੰਦੇ ਹਨ ਨਹੀਂ,

*ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ॥*
*ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ॥*

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ॥
ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ॥

—ਆਸਾ ਕਬੀਰ ਜੀ, ਪੰਨਾ ੪੭੬

ਜੇਕਰ ਕੋਈ ਕਹਿੰਦਾ ਹੈ, ਮੇਰਾ ਕੱਪੜਾ ਪਹਿਲਾਂ ਬਣਾਓ, ਮਜ਼ਦੂਰੀ ਦੂਣੀ ਲੈ ਲਓ। ਉਹ ਕਹਿੰਦੇ ਹਨ ਇਥੇ ਮਾਇਆ ਦਾ ਡੰਗ ਨਹੀਂ ਚਲਦਾ—

ਮਾਰੁ ਮਾਰੁ ਸਰਪਨੀ ਨਿਰਮਲ ਜਲਿ ਪੈਠੀ॥
ਜਿਨਿ ਤ੍ਰਿਭਵਣੁ ਡਸੀਅਲੇ ਗੁਰਪ੍ਰਸਾਦਿ ਡੀਠੀ। ਰਹਾਉ॥
ਸ੍ਰਪਨੀ ਸ੍ਰਪਨੀ ਕਿਆ ਕਹਉ ਭਾਈ॥
ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥

—ਆਸਾ ਕਬੀਰ ਜੀ, ਪੰਨਾ ੪੮੦

ਇਸ ਸਤਸੰਗ ਵਿਚ ਇਹ ਸਰਪਨੀ ਸ਼ਾਂਤ ਹੋ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸੋਨੇ ਦੇ ਕੀਮਤੀ ਕੰਗਨ ਗੰਗਾ ਵਿਚ ਸੁੱਟ ਦਿੱਤੇ ਸਨ ਅਤੇ ਕਾਫੀ ਧਨ ਸਤਲੁਜ ਵਿਚ ਸੁਟਵਾ ਦਿੱਤਾ ਸੀ। ਇਸੇ ਸਿੱਖਿਆ ਸਦਕਾ ਸਿੱਖ ਚੌਧਰ ਨੂੰ ਠੋਕਰ ਮਾਰਦੇ ਸਨ। ਨਵਾਬੀ ਅਗਰ ਪੱਖਾ ਝੱਲਣ ਵਾਲੇ ਕਪੂਰ ਸਿੰਘ ਨੇ ਪ੍ਰਵਾਨ ਕੀਤੀ ਤਾਂ ਉਹ ਪੰਜਾਂ ਪਿਆਰਿਆਂ ਦੇ ਚਰਨਾਂ ਨੂੰ ਛੁਹਾ ਕੇ ਦਿੱਤੀ ਗਈ ਸੀ। ਸਿੱਖ ਹਮੇਸ਼ਾ ਧਿਆਨ ਰੱਖਦਾ ਹੈ ਕਿ ਮੈਂ ਸੁਚੇਤ ਰਹਿਣਾ ਹੈ ਕਿ ਕਿਤੇ ਮੈਨੂੰ ਰੱਬ ਨਾ ਭੁੱਲ ਜਾਏ।

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥
ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ ਰਹਾਉ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤਿ ਦੇਖ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥
ਸੁਲਤਾਨੁ ਹੋਵਾਂ ਮੇਲ ਲਸਕਰ ਤਖਤਿ ਰਾਖਾ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤਿ ਦੇਖ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥

—ਸਿਰੀ ਰਾਗ ਮਹਲਾ ੧, ਪੰਨਾ ੧੪

Sri Satguru Jagjit Singh Ji eLibrary NamdhariElibrary@gmail.com

ਇਕ ਬੜੀ ਸੁੰਦਰ ਕਥਾ ਹੈ :

ਇਕ ਸੱਜਣ ਗਾਂ ਖਰੀਦ ਕੇ ਲਿਆਇਆ ਸੀ। ਇਕ ਸਾਧੂ ਨੇ ਕਿਹਾ, ਨਗਰ ਨਿਵਾਸੀਓ, ਦੱਸੋ ਗਾਂ ਗ਼ੁਲਾਮ ਹੈ ਕਿ ਮਨੁੱਖ? ਲੋਕਾਂ ਕਿਹਾ ਗਾਂ ਗ਼ੁਲਾਮ ਹੈ, ਮਨੁੱਖ ਮਾਲਕ ਹੈ। ਸਾਧੂ ਨੇ ਕਿਹਾ ਜੇਕਰ ਗਾਂ ਦੌੜ ਜਾਏ ਤਾਂ ਬੰਦਾ ਮਗਰ ਦੌੜੇਗਾ, ਲੋਕਾਂ ਕਿਹਾ ਹਾਂ ਦੌੜੇਗਾ। ਪਰ ਜੇ ਬੰਦਾ ਦੌੜ ਜਾਏ ਤਾਂ ਗਾਂ ਮਗਰ ਦੌੜੇਗੀ? ਲੋਕਾਂ ਕਿਹਾ, ਨਹੀਂ। ਫਿਰ ਸਾਧੂ ਨੇ ਕਿਹਾ, ਗ਼ੁਲਾਮ ਉਹ ਹੈ ਜੋ ਮਗਰ ਦੌੜਦਾ ਹੈ। ਸਾਧੂ ਇਸੇ ਵਾਸਤੇ ਮਾਲਕ ਹੈ ਪਦਾਰਥ ਉਸਦੇ ਮਗਰ ਆਪੇ ਹੀ ਦੌੜਦੇ ਆਉਂਦੇ ਹਨ। ਉਹ ਪਦਾਰਥਾਂ ਦੇ ਮਗਰ ਨਹੀਂ ਦੌੜਦਾ।

ਜਦੋਂ ਮਨੁੱਖ ਮਾਇਆ ਦੀ ਖਿੱਚ ਤੋਂ ਉੱਪਰ ਹੁੰਦਾ ਹੈ ਤਾਂ ਮਾਇਆ ਚਰਨਾਂ ਵਿਚ ਆ ਜਾਂਦੀ ਹੈ ਜਦੋਂ ਮਾਇਆ ਪੈਰਾਂ ਦਾ ਸਹਾਰਾ ਬਣੇ ਤਾਂ ਮਨੁੱਖ ਸੌਖਾ ਚਲਦਾ ਹੈ। ਪਰ ਜਦੋਂ ਮਾਇਆ ਸਿਰ ਦਾ ਬੋਝ ਬਣੇ ਤਾਂ ਜਿਊਣ ਔਖਾ ਹੋ ਜਾਂਦਾ ਹੈ। ਸਿੱਖ ਦੀ ਸਾਧਨਾ ਹੀ ਇਹ ਹੈ ਕਿ ਮਾਇਆ ਗੁਜ਼ਰਾਨ ਹੋਵੇ। ਗੁਜ਼ਰਾਨ ਦੀ ਹਰ ਵਕਤ ਖਿੱਚ ਨਾ ਹੋਵੇ। ਗੁਜ਼ਰਾਨ ਈਮਾਨ ਨਾ ਬਣੇ। ਖਿੱਚ ਜੀਵਨ ਆਧਾਰ ਦੀ ਹੋਵੇ ਤੇ ਜੀਵਨ ਆਧਾਰ ਪਰਮਾਤਮਾ ਹੀ ਹੋਵੇ।

*ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥*
*ਚਰਨੀ ਲਾਗੈ ਤਾਂ ਮਹਲੁ ਪਾਵੈ ॥*

—ਗਉੜੀ ਮ: ੩, ਪੰਨਾ ੨੩੧

ਮਾਇਆ ਨੂੰ ਗੁਜ਼ਰਾਨ ਬਣਾ ਕੇ ਪਦਾਰਥ ਤੋਂ ਤੁਰ ਕੇ ਪਰਮਾਤਮਾ ਤੱਕ ਪਹੁੰਚਣਾ ਇਹੀ ਹੈ ਧਰਮ ਦੀ ਯਾਤਰਾ।

**

Sri Satguru Jagjit Singh Ji eLibrary NamdhariElibrary@gmail.com

# 5 ਕਰਨੀ ਪ੍ਰਧਾਨ

ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਜੇ ਕਥਨੀ ਦੇ ਬੂਟੇ ਨੂੰ ਕਰਨੀ ਦਾ ਫਲ ਲੱਗ ਜਾਏ ਤਾਂ ਕਥਨੀ ਮੁਬਾਰਕ ਹੈ ਨਹੀਂ ਤਾਂ ਕਥਨੀ ਸਿਰਫ਼ ਭਰਮ ਪੈਦਾ ਕਰਦੀ ਹੈ। ਭਰਮ ਮੁੱਕਦਾ ਨਹੀਂ। ਅਨੇਕਾਂ ਨੂੰ ਭਰਮ ਬਣਦਾ ਹੈ ਕਿ ਜਿਹੜਾ ਮਨੁੱਖ ਕੁਝ ਕਹਿ ਰਿਹਾ ਹੈ ਇਸ ਨੂੰ ਕੁਛ ਪਤਾ ਹੋਵੇਗਾ। ਲੋਕਾਂ ਵੱਲ ਵੇਖ ਕੇ ਆਪ ਨੂੰ ਵੀ ਭਰਮ ਬਣ ਜਾਂਦਾ ਹੈ ਕਿ ਸ਼ਾਇਦ ਮੈਂ ਕੁਝ ਹੋਵਾਂਗਾ ਹੀ ਨਹੀਂ ਤਾਂ ਲੋਕ ਮੇਰੇ ਪਿੱਛੇ ਕਿਉਂ ਹਨ। ਇਸ ਭਰਮ ਜਾਲ ਵਿਚ ਜਿਹੜਾ ਫਸ ਜਾਏ ਉਸ ਨੂੰ ਸਤਿਗੁਰੂ ਹੀ ਬਚਾਏ ਤਾਂ ਹੀ ਬਚ ਸਕਦਾ ਹੈ।

*ਕਥਨੀ ਕਹਿ ਭਰਮੁ ਨਾ ਜਾਈ॥*
*ਸਭ ਕਥਿ ਕਥਿ ਰਹੀ ਲੋਕਾਈ॥*
*ਜਾਕਉ ਗੁਰਮੁਖ ਆਪਿ ਬੁਝਾਈ॥*
*ਤਾਕੇ ਹਿਰਦੈ ਰਹਿਆ ਸਮਾਈ॥*

—ਸੋਰਠਿ ਕਬੀਰ ਜੀ, ਪੰਨਾ ੬੫੫

ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ ਕਿ ਮਰਦ ਉਹ ਹੁੰਦਾ ਹੈ ਜਿਸਦਾ ਦਿਲ ਤੇ ਜ਼ੁਬਾਨ ਇਕ ਹੋਵੇ ਐਸਾ ਨਾ ਹੋਵੇ ਕਿ ਦਿਲ ਵਿਚ ਕੁਝ ਹੋਰ ਤੇ ਮੂੰਹ ਤੋਂ ਕੁਝ ਹੋਰ ਹੋਵੇ।

*ਹਮੂ ਮਰਦ ਬਾਇਦ ਸ਼ਵੱਦ ਸੁਖਨਵਰ॥*
*ਨਾ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ॥*

—ਜ਼ਫਰਨਾਮਾ

ਇਕ ਕਥਾ ਹੈ ਕਿ ਇਕ ਸੱਜਣ ਬੇੜੀ ਵਿਚ ਸਵਾਰ ਸੀ। ਵਿਦਵਾਨ ਸੀ ਅਤੇ ਪ੍ਰਸ਼ਨ-ਉੱਤਰਾਂ ਵਿਚੋਂ ਇਸ ਨੂੰ ਬੜਾ ਅਨੰਦ ਆਉਂਦਾ ਸੀ। ਯਤਨ ਇਸਦਾ ਇਹ ਹੀ ਹੁੰਦਾ ਸੀ ਕਿ ਐਸੇ ਪ੍ਰਸ਼ਨ ਪੈਦਾ ਕਰਾਂ ਜਿਸ ਦਾ ਉੱਤਰ ਕੋਈ ਨਾ ਦੇ ਸਕੇ। ਪ੍ਰਸ਼ਨ ਵੀ ਮੇਰਾ ਹੀ ਹੋਵੇ, ਉੱਤਰ ਵੀ ਮੇਰਾ ਹੀ ਹੋਵੇ। ਦੂਸਰੇ ਦੀ ਹਾਰ ਤੇ ਆਪਣੀ ਜਿੱਤ ਉੱਤੇ ਇਸ ਨੂੰ ਬੜਾ ਸਵਾਦ ਆਉਂਦਾ ਸੀ। ਐਸਾ ਨਾ ਸਮਝਣਾ ਕਿ ਹਾਰ

ਜਿੱਤ ਤਲਵਾਰਾਂ ਵਾਲਿਆਂ ਦੀ ਹੀ ਹੁੰਦੀ ਹੈ। ਨਹੀਂ, ਗਿਆਨ ਵਾਲਿਆਂ ਦੀ ਜਿੱਤ ਦਾ, ਹਾਰ ਦਾ ਸਿਲਸਲਾ ਇਸ ਤੋਂ ਵੀ ਖਤਰਨਾਕ ਹੈ। ਤੁਸੀਂ ਅੱਜ ਤੱਕ ਐਸਾ ਨਹੀਂ ਵੇਖਿਆ ਹੋਵੇਗਾ ਕਿ ਕੋਈ ਯੋਧਾ ਸੌ ਸਾਲ ਪਹਿਲਾਂ ਮਰ ਗਿਆ ਹੋਵੇ ਉਸ ਨਾਲ ਕੋਈ ਸੂਰਮਾ ਤਲਵਾਰ ਫੜ ਕੇ ਯੁੱਧ ਕਰਦਾ ਹੋਵੇ। ਪਰ ਵਿਦਵਾਨਾਂ ਦਾ ਤਾਂ ਐਸਾ ਵੇਖਣ ਵਿਚ ਆਉਂਦਾ ਹੈ ਕਿ ਜੋ ਕਈ ਯੁਗਾਂ ਪਹਿਲਾਂ ਹੋ ਕੇ ਵਿਦਵਾਨ ਮਰ ਚੁੱਕੇ ਹਨ ਉਨ੍ਹਾਂ ਦੀਆਂ ਲਿਖਤਾਂ ਨੂੰ ਗ਼ਲਤ ਕਰਕੇ ਬੜਾ ਅਨੰਦ ਆਉਂਦਾ ਹੈ। ਆਪੇ ਹੀ ਲਿਖ ਦੇਣਾ ਹੈ ਇਸਦੀ ਵਿਚਾਰ ਗ਼ਲਤ ਸੀ, ਕਿਹੜਾ ਕੋਈ ਉੱਤਰ ਦੇਣ ਵਾਲਾ ਹੈ। ਪਰ ਵਿਦਵਾਨ ਤਾਂ ਮੁੱਦਤਾਂ ਪਹਿਲਾਂ ਮਰਿਆਂ ਸੂਰਮਿਆਂ ਨੂੰ ਉਠਾਉਣਗੇ, ਉਨ੍ਹਾਂ ਦੀ ਫਿਰ ਜੰਗ ਕਰਾਉਣਗੇ, ਫਿਰ ਹਾਰ ਜਿੱਤ ਕਰਾ ਕੇ ਆਪਣੇ ਸਰੋਤਿਆਂ ਨੂੰ ਅਨੰਦ ਦੇਣਗੇ।

ਇਸ ਵਿਦਵਾਨ ਨੂੰ ਵੀ ਐਸਾ ਚਸਕਾ ਸੀ। ਇਸ ਨੇ ਬੇੜੀ ਵਿਚ ਚਲਦਿਆਂ ਮਲਾਹ ਨੂੰ ਪੁੱਛਿਆ, 'ਤੈਨੂੰ ਸੰਸਕ੍ਰਿਤ ਆਉਂਦੀ ਹੈ?' ਉਸ ਮਲਾਹ ਨੇ ਕਿਹਾ ਨਹੀਂ। ਇਸ ਨੇ ਕਿਹਾ ਤੇਰਾ ਚਾਰ ਆਨੇ ਜੀਵਨ ਬੇਕਾਰ ਹੈ। ਹਿੰਦੀ, ਉਰਦੂ, ਫਾਰਸੀ ਕੋਈ ਭਾਸ਼ਾ? ਮਲਾਹ ਨੇ ਕਿਹਾ, ਨਹੀਂ। ਤੇਰਾ ਅੱਠ ਆਨੇ ਜੀਵਨ ਬੇਕਾਰ ਗਿਆ। ਅੱਛਾ, ਅੱਗੋਂ ਪੜ੍ਹਨ ਦੀ ਮਰਜ਼ੀ ਹੈ? ਮਲਾਹ ਨੇ ਕਿਹਾ, ਸਮਾਂ ਨਹੀਂ। ਵਿਦਵਾਨ ਨੇ ਕਿਹਾ ਤੇਰਾ ਬਾਰਾਂ ਆਨੇ ਜੀਵਨ ਬੇਕਾਰ ਗਿਆ। ਇੰਨੇ ਚਿਰ ਨੂੰ ਤੂਫਾਨ ਆ ਗਿਆ। ਆਇਆ ਵੀ ਬੜਾ ਭਿਆਨਕ। ਸੁਭਾਵਕ ਹੀ ਮਲਾਹ ਨੇ ਕਿਹਾ, ਪੰਡਤ ਜੀ ਤੁਹਾਨੂੰ ਤਰਨਾ ਆਉਂਦਾ ਹੈ? ਪੰਡਤ ਨੇ ਕਿਹਾ, ਨਹੀਂ। ਮਲਾਹ ਨੇ ਕਿਹਾ ਤੇਰਾ ਸੋਲਾਂ ਆਨੇ ਹੀ ਜੀਵਨ ਬੇਕਾਰ ਗਿਆ। ਤੈਨੂੰ ਗੱਲਾਂ ਬਹੁਤ ਆਉਂਦੀਆਂ ਹਨ ਤਰਨਾ ਨਹੀਂ ਆਉਂਦਾ। ਏਸੇ ਤਰ੍ਹਾਂ ਕਈ ਬੰਦਿਆਂ ਨੂੰ ਵੇਖੋਗੇ ਭਵਜਲ ਤਰਨ ਦੀਆਂ ਗੱਲਾਂ ਬਹੁਤ ਆਉਂਦੀਆਂ ਹਨ ਪਰ ਭਵਜਲ ਤਰਨਾ ਨਹੀਂ ਆਉਂਦਾ। ਸੱਤ ਦੀਆਂ ਗੱਲਾਂ ਹਨ, ਸਤ ਨਹੀਂ, ਸੰਤੋਖ ਦੀਆਂ ਗੱਲਾਂ ਹਨ, ਸੰਤੋਖ ਨਹੀਂ। ਦਇਆ ਦੀਆਂ ਗੱਲਾਂ ਹਨ, ਦਇਆ ਨਹੀਂ, ਪ੍ਰੇਮ ਦੀਆਂ ਗੱਲਾਂ ਹਨ, ਪ੍ਰੇਮ ਨਹੀਂ।

ਭਾਈ ਗੁਰਦਾਸ ਜੀ ਐਸੇ ਬੰਦਿਆਂ ਨੂੰ ਸੁਚੇਤ ਕਰਦੇ ਹਨ ਕਿ ਖੰਡ ਆਖਿਆਂ ਜ਼ਬਾਨ ਮਿੱਠੀ ਨਹੀਂ ਹੁੰਦੀ। ਅੱਗ ਆਖਿਆਂ ਪਾਲਾ ਨਹੀਂ ਲਹਿੰਦਾ। ਚੰਦਨ ਆਖਿਆਂ ਸੁਗੰਧੀ ਨਹੀਂ ਆਉਂਦੀ। ਚੰਦ ਆਖਿਆਂ ਚਾਂਦਨੀ ਦਾ ਪ੍ਰਕਾਸ਼ ਨਹੀਂ ਹੁੰਦਾ। ਵੈਦ ਆਖਿਆਂ ਰੋਗ ਨਹੀਂ ਮੁੱਕਦਾ। ਧਨ ਆਖਿਆਂ ਕੋਈ ਧਨਵਾਨ ਨਹੀਂ ਬਣ ਜਾਂਦਾ। ਗਿਆਨ ਗੋਸ਼ਟੀ ਨਾਲ ਰਹਿਤ ਪ੍ਰਾਪਤ ਨਹੀਂ ਹੁੰਦੀ। ਕਰਨੀ ਨਾਲ ਹੀ ਰੱਬੀ ਸੂਝ ਦਾ ਸੂਰਜ ਚੜ੍ਹਦਾ ਹੈ।

*ਖਾਂਡ ਖਾਂਡ ਕਹੈ ਜਿਹਵਾ ਨਾ ਸੁਆਦ ਮੀਠੋ ਆਵੈ।*
*ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ।*

Sri Satguru Jagjit Singh Ji eLibrary NamdhariElibrary@gmail.com

ਚੰਦਨ ਚੰਦਨ ਕਹੈ ਪ੍ਰਗਟੇ ਨਾ ਸੁਬਾਸ ਬਾਸ।
ਚੰਦ ਚੰਦ ਕਹੈ ਉਜੀਆਰੋ ਨਾ ਪ੍ਰਗਾਸ ਹੈ।
ਬੈਦ ਬੈਦ ਕਹੈ ਰੋਗ ਮਿਟਤ ਨਾ ਕਾਹੂ ਕੋ।
ਦ੍ਰਬ ਦ੍ਰਬ ਕਹੈ ਕੋਊ ਦ੍ਰਬਹ ਨਾ ਬਿਲਾਸ ਹੈ।
ਤੈਸੇ ਗਿਆਨ ਗੋਸਟ ਕਰਤ ਨਾ ਰਹਿਤ ਆਵੈ।
ਕਰਨੀ ਪ੍ਰਧਾਨ ਭਾਨ ਉਦਤ ਅਕਾਸੁ ਹੈ।

—ਭਾਈ ਗੁਰਦਾਸ ਜੀ

ਮਨੁੱਖ ਜੋ ਕੁਝ ਕਹਿੰਦਾ ਹੈ ਅਗਰ ਉਹ ਸਭ ਕੁਝ ਇਸ ਨੂੰ ਕਰਨਾ ਪਵੇ ਤਾਂ ਇਸ ਪਾਸ ਕਹਿਣ ਲਈ ਬਹੁਤ ਥੋੜ੍ਹਾ ਰਹੇਗਾ। ਇਹ ਕਹੀ ਇਸ ਲਈ ਜਾ ਰਿਹਾ ਹੈ ਕਿ ਕਿਹੜਾ ਕਰਨਾ ਹੈ, ਮੈਂ ਸਿਰਫ਼ ਕਹਿਣਾ ਹੀ ਹੈ। ਮਹਾਂਪੁਰਖਾਂ ਬਾਰੇ ਇਹ ਪ੍ਰਚੱਲਤ ਹੈ ਕਿ ਘੱਟ ਬੋਲਦੇ ਹਨ, ਉਸ ਦਾ ਕਾਰਨ ਇਹੀ ਹੈ ਕਿ ਜੋ ਕਰਨਾ ਨਹੀਂ ਉਸ ਦੇ ਕਹਿਣ ਦਾ ਕੀ ਲਾਭ ਹੈ। ਅਜੋਕੇ ਮਨੁੱਖ ਦੀ ਕਥਨੀ ਤੇ ਕਰਨੀ ਬਿਲਕੁਲ ਉਲਟ ਹੋ ਚੁੱਕੀ ਹੈ। ਹਰ ਅਵਗੁਣਿਆਰਾ ਆਪਣੇ ਆਪ ਨੂੰ ਗੁਣਵਾਨ ਸਿੱਧ ਕਰਨ ਦਾ ਯਤਨ ਕਰ ਰਿਹਾ ਹੈ। ਧਨ ਦੀ ਦੁਨੀਆਂ ਵਿਚ ਐਸਾ ਹੈ ਕਿ ਕਰੋੜਪਤੀ ਪੂਰਾ ਤਾਨ ਲਗਾ ਰਿਹਾ ਹੈ ਕਿ ਸਿੱਧ ਕਰਾਂ ਮੈਂ ਲੱਖਪਤੀ ਹਾਂ। ਰਿਸ਼ਤੇ ਵੇਲੇ ਕੁੜਮਾਂ ਨੂੰ ਭਾਵੇਂ ਦੱਸੋ ਪਰ ਇਨਕਮ ਟੈਕਸ ਵਾਲਿਆਂ ਨੂੰ ਦੱਸਣਾ ਮੁਸ਼ਕਿਲ ਹੈ ਪਰ ਧਰਮ ਦੀ ਦੁਨੀਆਂ ਵਿਚ ਤਾਂ ਇੰਨਾ ਹਨੇਰ ਹੈ ਕਿ ਪਾਪੀ ਤੋਂ ਪਾਪੀ ਆਪਣੇ ਆਪ ਨੂੰ ਪੁੰਨ ਆਤਮਾ ਸਿੱਧ ਕਰਨ ਲਈ ਜ਼ੁਬਾਨ ਚਲਾ ਰਿਹਾ ਹੈ।

ਕਿਤੇ-ਕਿਤੇ ਕਥਨੀ ਦੇ ਸੂਰਿਆਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਇਕ ਕਵੀ ਇਕ ਰਾਜੇ ਨੂੰ ਸਾਰੀ ਰਾਤ ਕਵਿਤਾ ਸੁਣਾਉਂਦਾ ਰਿਹਾ। ਰਾਜਾ ਜਾਣਦਾ ਸੀ ਇਸ ਦਾ ਜੀਵਨ ਕੋਈ ਨਹੀਂ। ਇਹ ਬੰਦਾ ਆਮ ਪੱਧਰ ਦੇ ਬੰਦਿਆਂ ਤੋਂ ਨੀਵਾਂ ਹੈ ਪਰ ਇਹ ਕਵਿਤਾ ਸੁਣਾਉਣ ਵੇਲੇ ਰੱਬ ਬਣਿਆ ਪਿਆ ਹੈ। ਉਹ ਰਾਜਾ ਵੀ ਆਖੇ, ਇਕ ਹਜ਼ਾਰ ਰੁਪੈ ਇਨਾਮ ਦਿੱਤੇ।

ਆਖ਼ਰ ਇਨਾਮ ਦੇ ਦਸ ਹਜ਼ਾਰ ਰੁਪੈ ਬਣ ਗਏ। ਰਾਤ ਨੂੰ ਰਾਜੇ ਦੀ ਮਹਿਫ਼ਲ ਖ਼ਤਮ ਹੋਣ ਤੇ ਕਵੀ ਚਲਾ ਗਿਆ। ਸਵੇਰੇ ਆ ਹਾਜ਼ਰ ਹੋਇਆ ਤੇ ਅਰਜ਼ ਕੀਤੀ ਕਿ ਮਹਾਰਾਜ ਕ੍ਰਿਪਾ ਕਰਕੇ ਰਾਤ ਦਾ ਇਨਾਮ ਦਿੱਤਾ ਜਾਵੇ। ਰਾਜੇ ਨੇ ਕਿਹਾ ਰਾਤ ਦੀ ਗੱਲ ਰਾਤ ਹੀ ਮੁੱਕ ਗਈ, ਤੂੰ ਮੈਨੂੰ ਖੁਸ਼ ਕੀਤਾ ਸੀ ਮੈਂ ਤੈਨੂੰ। ਆਖਰ ਕਵੀ ਸੀ, ਗੱਲ ਕਰਨੀ ਤਾਂ ਆਉਂਦੀ ਸੀ। ਕਹਿਣ ਲੱਗਾ ਕਿ ਮਹਾਰਾਜ ਤੁਹਾਡੇ ਵਰਗਾ ਬੰਦਾ ਮੂੰਹ ਵਿਚੋਂ ਬਚਨ ਕੱਢੇ ਅਤੇ ਉਹ ਪੂਰਾ ਨਾ ਕਰੇ ਇਹ ਸ਼ੋਭਾ ਨਹੀਂ ਦਿੰਦਾ। ਰਾਜੇ ਨੇ ਉੱਤਰ ਦਿੱਤਾ, ਕਵੀ ਮੈਂ ਸਿਰਫ਼ ਇਕ ਬਚਨ ਕਰਕੇ ਪੂਰਾ ਨਾ ਉਤਰਿਆ, ਤਾਂ ਤੂੰ ਏਨਾ ਬੁਰਾ ਮਨਾਇਆ ਪਰ ਤੂੰ ਤਾਂ ਹਜ਼ਾਰਾਂ ਗੱਲਾਂ ਕੀਤੀਆਂ ਜਿਨ੍ਹਾਂ ਵਿਚੋਂ ਤੇਰਾ ਜੀਵਨ ਇਕ ਗੱਲ ਨਾਲ ਵੀ ਮੇਲ ਨਹੀਂ ਖਾਂਦਾ। ਦੱਸੋ ਇਕ ਗੱਲ ਦੀ ਉਲੰਘਣਾ ਕਰਨ ਵਾਲਾ ਜ਼ਿਆਦਾ ਦੋਸ਼ੀ ਹੈ ਜਾਂ ਹਜ਼ਾਰਾਂ ਗੱਲਾਂ ਕਰਕੇ ਉਨ੍ਹਾਂ ਦਾ

Sri Satguru Jagjit Singh Ji eLibrary NamdhariElibrary@gmail.com

ਉਲੰਘਣ ਕਰਨ ਵਾਲਾ ਜ਼ਿਆਦਾ ਦੋਸ਼ੀ ਹੈ। ਤੇਰੀਆਂ ਗੱਲਾਂ ਨੂੰ ਕੀ ਕਰਾਂ। ਇਹ ਤਾਂ ਮੈਂ ਸੁਣੀਆਂ ਵੀ ਇਸ ਲਈ ਹਨ ਕਿ ਸ਼ਾਇਦ ਤੈਨੂੰ ਮੱਤ ਆ ਜਾਏ। ਚੰਗੀ ਗੱਲ ਦੀ ਤਾਂ ਹੀ ਕੀਮਤ ਹੈ ਜੇ ਉਹ ਚੰਗਾ ਕਰਮ ਬਣ ਜਾਏ। ਚੰਗੀ ਗੱਲ ਬੀਜ ਹੈ ਚੰਗੇ ਕਰਮ ਦਾ ਪਰ ਬੀਜ ਪਿਆ ਹੀ ਸੜ ਜਾਂਦਾ ਹੈ ਜੇ ਉਸ ਨੂੰ ਬੀਜਿਆ ਨਾ ਜਾਏ।

*ਕਥਨੈ ਕਹਣਿ ਨਾ ਛੁਟੀਐ ਨਾ ਪੜਿ ਪੁਸਤਕ ਭਾਰ॥*

—ਸਿਰੀ ਰਾਗ ਮ: ੧, ਪੰਨਾ ੫੯

*ਜਹ ਕਰਨੀ ਤਹ ਪੂਰੀ ਮਤਿ॥*
*ਕਰਣੀ ਬਾਝਹੁ ਘਟੇ ਘਟਿ॥*

—ਸਿਰੀ ਰਾਗ ਮ: ੧, ਪੰਨਾ ੨੫

*ਸਚੁ ਕਰਨੀ ਸਚ ਤਾ ਕੀ ਰਹਤ॥*
*ਸਚੁ ਹਿਰਦੈ ਸਤਿ ਮੁਖਿ ਕਹਤ॥*

—ਗਉੜੀ ਸੁਖਮਨੀ ਮ: ੫, ਪੰਨਾ ੨੮੩

*ਗਾਵਨ ਹਾਰੀ ਗਾਵੈ ਗੀਤ॥ ਤੇ ਉਧਰੇ ਬਸੇ ਜਿਹ ਚੀਤ॥*

—ਕਾਨੜਾ ਮ: ੫, ਪੰਨਾ ੧੨੯੯

ਇਕ ਵਾਰ ਇਕ ਬਹੁਤ ਵੱਡਾ ਗਾਇਕ ਜਾ ਰਿਹਾ ਸੀ। ਉਸ ਨੇ ਜਾ ਕੇ ਸੰਗੀਤ ਸੁਣਾਉਣਾ ਸੀ ਪਰ ਉਸ ਦਾ ਤਬਲੇ ਵਾਲਾ ਬੀਮਾਰ ਸੀ। ਤਾਲ ਬਿਨਾਂ ਰਾਗ ਵਿਚ ਕਿਵੇਂ ਰੰਗ ਪੈਦਾ ਹੋਵੇਗਾ, ਉਹ ਚਿੰਤਾਤੁਰ ਸੀ। ਅਚਾਨਕ ਵੇਖਿਆ ਕਿ ਇਕ ਘਾਹ ਖੋਤਣ ਵਾਲਾ ਸੱਜਣ ਉਠ ਕੇ ਆਇਆ ਤੇ ਕਿਹਾ ਜਿਹੜਾ ਬੰਦਾ ਛੇ ਘੰਟੇ ਰੋਜ਼ ਦੀ ਮਿਹਨਤ ਨਾ ਕਰੇ ਉਸ ਨੇ ਤਬਲਾ ਕੀ ਵਜਾਉਣਾ ਹੈ, ਅਤੇ ਫਿਰ ਹੱਥਾਂ ਦੀ ਚੋਣ ਵੀ ਸਹੀ ਚਾਹੀਦੀ ਹੈ। ਰੱਬ ਨੇ ਹੱਥ ਵੀ ਤਬਲਾ ਵਜਾਉਣ ਲਈ ਹੀ ਬਣਾਏ ਹੋਣ। ਜਿਸ ਤਬਲੇ ਵਾਲੇ ਦਾ ਲਗਾਇਆ ਆਟਾ ਧਾਮੇ ਤੋਂ ਉਡ ਜਾਏ ਐਸੇ ਤਬਲੇ ਵਾਲੇ ਦੇ ਹੱਥ ਕੱਟ ਦੇਣੇ ਚਾਹੀਦੇ ਹਨ। ਫਿਰ ਗਾਉਣ ਵਾਲੇ ਗਾਇਕ ਦੀ ਮਰਜ਼ੀ ਅਨੁਸਾਰ ਲੈਅ ਰੱਖਣੀ ਚਾਹੀਦੀ ਹੈ ਐਸਾ ਨਾ ਹੋਵੇ ਕਿ ਤਬਲੇ ਵਾਲਾ ਆਪਣੀ ਮਨਮਰਜ਼ੀ ਨਾਲ ਹੀ ਵਜਾਈ ਜਾਵੇ। ਤਬਲੇ ਵਾਲਾ ਇਹ ਨਾ ਸਮਝੇ ਕਿ ਲੋਕ ਮੈਨੂੰ ਹੀ ਸ਼ਾਬਾਸ਼ ਦੇਣ। ਜਤਨ ਕਰੇ ਕਿ ਸਾਨੂੰ ਸਾਰਿਆਂ ਨੂੰ ਲੋਕ ਕਹਿਣ ਕਿ ਤੁਸੀਂ ਸਾਰੇ ਕਮਾਲ ਹੋ।

ਗਾਇਕ ਬੜਾ ਪ੍ਰਭਾਵਿਤ ਹੋਇਆ ਤੇ ਉਸ ਨੂੰ ਨਾਲ ਹੀ ਲੈ ਲਿਆ। ਰਾਤ ਪਈ ਗਾਣਾ ਸ਼ੁਰੂ ਕਰਨ ਲੱਗਿਆਂ ਸਾਜ਼ ਰੱਖੇ ਗਏ। ਗਾਇਕ ਬੈਠਾ, ਤਬਲੇ ਦੀਆਂ ਗੱਲਾਂ ਕਰਨ ਵਾਲੇ ਨੂੰ ਕਿਹਾ, ਲਉ ਉਸਤਾਦ ਜੀ ਵਜਾਉ। ਕਹਿਣ ਲੱਗਾ ਤਬਲਾ ਵਜਾਉਣਾ ਹੁੰਦਾ ਤਾਂ ਮੈਂ ਘਾਹ ਹੀ ਖੋਦਣਾ ਸੀ। ਇਹ ਤਾਂ ਨਗਰ ਵਿਚ ਇਕ ਵਾਰ ਰਾਸਧਾਰੀਏ ਆਏ ਸਨ ਉਹ ਗੱਲਾਂ ਕਰਦੇ ਸਨ ਮੈਂ ਸੁਣਦਾ ਰਿਹਾ। ਮੈਨੂੰ ਜਿੰਨੀਆਂ ਆਉਂਦੀਆਂ

Sri Satguru Jagjit Singh Ji eLibrary NamdhariElibrary@gmail.com

ਸਨ ਮੈਂ ਤੁਹਾਨੂੰ ਸੁਣਾ ਦਿੱਤੀਆਂ, ਬਾਕੀ ਮੈਂ ਤਬਲਾ ਨਹੀਂ ਵਜਾ ਸਕਦਾ। ਕਈ ਵਾਰ ਐਸੇ ਗੁਰੂ ਮਿਲ ਜਾਂਦੇ ਹਨ ਜੋ ਬ੍ਰਹਮ ਗਿਆਨ ਦੀਆਂ ਸੁਣੀਆਂ ਸੁਣਾਈਆਂ ਗੱਲਾਂ ਕਰਦੇ ਹਨ, ਆਪ ਤਾਂ ਡੁਬਦੇ ਹਨ ਨਾਲ ਚੇਲਿਆਂ ਨੂੰ ਵੀ ਡੋਬਦੇ ਹਨ।

ਇਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਸਰਪ ਨੂੰ ਵੇਖਿਆ ਸੀ ਜਿਸ ਨੂੰ ਬਹੁਤ ਕੀੜੇ ਪਏ ਹੋਏ ਸਨ। ਸਤਿਗੁਰਾਂ ਨੇ ਸਿੱਖਾਂ ਨੂੰ ਕਿਹਾ ਸੀ ਇਹ ਕਥਨੀ ਦਾ ਯੋਧਾ ਸੀ, ਤਰਨਾ ਨਹੀਂ ਸੀ ਆਉਂਦਾ। ਤਰਨ ਦੀਆਂ ਗੱਲਾਂ ਕਰਦਾ ਸੀ ਤੇ ਤਾਰੂ ਨਾਲੋਂ ਕਈ ਵਾਰ ਤਰਨ ਦੀਆਂ ਗੱਲਾਂ ਕਰਨ ਵਾਲੇ ਜ਼ਿਆਦਾ ਪ੍ਰਭਾਵਿਤ ਕਰਦੇ ਹਨ। ਇਹ ਗੱਲਾਂ ਕਰਨ ਵਾਲਾ ਗੁਰੂ ਹੈ ਤੇ ਕੀੜੇ ਇਹਦੀਆਂ ਨਿਰੀਆਂ ਗੱਲਾਂ ਸੁਣਨ ਵਾਲੇ ਚੇਲੇ ਹਨ।

ਕਰਨੀ ਹੀਣ ਮਨੁੱਖ ਦਾ ਪਾਜ ਬੜੀ ਛੇਤੀ ਖੁਲ੍ਹ ਜਾਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਨੀਲਾਰੀ ਦੇ ਮਟ ਵਿਚ ਇਕ ਗਿੱਦੜ ਡਿੱਗ ਪਿਆ। ਰੰਗਿਆ ਗਿਆ ਬਿਨਾਂ ਪੈਸੇ ਦਿੱਤਿਆਂ ਤੋਂ ਹੀ। ਪਾਣੀ ਵਿਚੋਂ ਮੂੰਹ ਵੇਖਿਆ। ਗਿੱਦੜ ਲਗਭਗ ਅੱਜਕਲ੍ਹ ਦੇ ਫਰੇਬੀ ਗੁਰੂਆਂ ਨਾਲ ਮਿਲਦੀ-ਜੁਲਦੀ ਚੀਜ਼ ਹੈ। ਜਿਹੜਾ ਬੜਾ ਫਰੇਬ ਕਰੇ ਕਹਿੰਦੇ ਹਾਂ ਗਿੱਦੜ ਚਾਲ ਚੱਲ ਰਿਹਾ ਹੈ। ਜੰਗਲ ਵਿਚ ਜਾ ਕੇ ਸ਼ੇਰਨੀ ਨੂੰ ਕਹਿਣ ਲੱਗਾ ਕਿ ਮੈਂ ਨੀਲਮ ਸ਼ੇਰ ਹਾਂ। ਸਾਰੇ ਜਾਨਵਰ ਸੇਵਾ ਕਰਦੇ ਹਨ। ਆਕੜ ਕੇ ਬੈਠਣ ਲੱਗਾ। ਇਕ ਦਿਨ ਉਸਦਾ ਪਾਜ ਇੰਜ ਉਘੜਿਆ ਜਿਵੇਂ ਮੂਲੀ ਖਾ ਕੇ ਡਕਾਰ ਆਉਣ ਤੇ ਪਤਾ ਲਗਦਾ ਹੈ। ਗਿੱਦੜ ਬੋਲ ਪਏ ਤੇ ਕਹਿੰਦੇ ਹਨ ਜਦੋਂ ਇਕ ਗਿੱਦੜ ਬੋਲੇ ਸਾਰੇ ਹੀ ਬੋਲਦੇ ਹਨ। ਇਹ ਵੀ ਬੋਲਿਆ। ਸ਼ੇਰਨੀ ਨੇ ਵੇਖਿਆ ਰੰਗ ਹੀ ਨੀਲਾ ਹੈ ਬੋਲੀ ਗਿੱਦੜ ਦੀ ਹੈ। ਉਸ ਨੇ ਮਾਰ ਦਿੱਤਾ। ਭਾਈ ਗੁਰਦਾਸ ਜੀ ਕਹਿੰਦੇ ਹਨ, ਮੀਣਾ ਜੋ ਕਰਨੀ ਹੀਨ ਹੈ ਉਸ ਨੂੰ ਦਰਗਾਹ ਵਿਚ ਝੂਠਾ ਤੇ ਖੋਟੀ ਮੱਤ ਵਾਲਾ ਬਣਾ ਕੇ ਮਾਰਿਆ ਜਾਂਦਾ ਹੈ।

*ਨੀਲਾਰੀ ਦੇ ਮਟ ਵਿਚ ਪੈ ਗਿੱਦੜ ਰਤਾ।*
*ਜੰਗਲ ਅੰਦਰ ਜਾਇਕੈ ਪਾਖੰਡ ਕਮੰਤਾ।*
*ਦਰ ਸੇਵੇ ਮਿਰਗਾਵਲੀ ਹੋਇ ਬਹੇ ਅਵਤਾ।*
*ਬੋਲਣ ਪਾਜ ਉਘਾੜਿਆ ਜਿਉਂ ਮੂਲੀ ਬਤਾ।*
*ਤਿਉਂ ਦਰਗਹ ਮੀਣਾ ਮਾਰੀਐ ਕਰ ਕੂੜ ਕੁਪਤਾ।*

ਕਈ ਵਾਰ ਸਤਸੰਗ ਦੀ ਮੱਟੀ ਵਿਚ ਪੈ ਕੇ ਉਪਰੋਂ ਗੱਲਾਂ ਦਾ ਰੰਗ ਚੜ੍ਹਦਾ ਹੈ। ਬੰਦਾ ਕਥਾਵਾਂ ਯਾਦ ਕਰ ਲੈਂਦਾ ਹੈ। ਪਰ ਜਦੋਂ ਅੰਦਰੋਂ ਕਦੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਗਿੱਦੜ ਬੋਲਣ ਲੱਗ ਪੈਂਦਾ ਹੈ, ਰੱਬੀ ਸ਼ਕਤੀ ਉਸਦਾ ਪਾਜ ਉਘਾੜ ਦਿੰਦੀ ਹੈ, ਝੂਠਾ ਸਾਬਤ ਹੁੰਦਾ ਹੈ, ਬੇਇੱਜ਼ਤ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕ ਵਾਰ ਸਿੱਖਾਂ ਨੂੰ ਉਪਦੇਸ਼ ਦਿੱਤਾ ਸੀ ਕਿ–

*ਔ ਮੂਢ ਜੀਵ ਜੋ ਰਹਤ ਤਯਾਗ।*
*ਨਿਜ ਧਸਿਓ ਮੱਧ ਸੰਸਾਰ ਭਾਗ।*

ਗੁਰ ਵਾਕ ਨੀਕੇ ਸ਼ੁਧ ਵਿਸਾਰ।
ਸੋ ਲਖੋ ਸੁ ਖਰ ਤਵਨੈ ਕੁਮਾਰ।

—ਗੁਰਬਿਲਾਸ ਪਾ: ੧੦

ਗੁਰੂ ਦੇ ਸ਼ੁਭ ਬਚਨਾਂ ਨੂੰ ਜੋ ਭੁਲਾ ਦਿੰਦਾ ਹੈ ਉਸ ਬੰਦੇ ਨੂੰ ਉਸ ਘੁਮਿਆਰ ਦੇ ਖੋਤੇ ਵਰਗਾ ਸਮਝੋ। ਜਿਸ ਖੋਤੇ ਉੱਤੇ ਸ਼ੇਰ ਦੀ ਖੱਲ ਪਾ ਦਿੱਤੀ ਸੀ ਅਤੇ ਉਹ ਖੇਤੀਆਂ ਚਰਦਾ ਫਿਰਦਾ ਸੀ। ਆਖਰ ਇਕ ਦਿਨ ਖੋਤਿਆਂ ਨੂੰ ਵੇਖ ਕੇ ਹੀਂਗਣ ਲੱਗ ਪਿਆ। ਘੁਮਿਆਰ ਨੇ ਪਛਾਣਿਆ ਕਿ ਸ਼ਕਲ ਸ਼ੇਰ ਦੀ ਹੈ ਅਤੇ ਬੋਲੀ ਗਧੇ ਦੀ ਹੈ। ਉਸ ਨੇ ਖੱਲ ਲਾਹ ਦਿੱਤੀ। ਵਿਚੋਂ ਖੋਤਾ ਨਿਕਲ ਆਇਆ। ਇਸੇ ਤਰ੍ਹਾਂ ਸ਼ਕਲ ਬੰਦੇ ਦੀ ਹੁੰਦੀ ਹੈ ਪਰ ਬੋਲੀ ਜਾਨਵਰਾਂ ਦੀ ਹੁੰਦੀ ਹੈ। ਗੱਲ ਸ਼ਕਲ ਦੀ ਨਹੀਂ, ਅਕਲ ਦੀ ਹੈ। ਅਕਲ ਤੋਂ ਬਿਨਾਂ ਸ਼ਕਲ ਕਿਸ ਕੰਮ ਦੀ ਹੈ। ਪਾਗ਼ਲ ਬੰਦਾ ਕਿੰਨਾ ਵੀ ਸੁੰਦਰ ਹੋਵੇ ਕਰੂਪ ਹੀ ਲਗੇਗਾ ਤੇ ਜੇ ਕਿਤੇ ਭਾਗਾਂ ਨਾਲ ਅਕਲ ਵੀ ਆ ਜਾਵੇ ਤੇ ਸ਼ਕਲ ਵੀ ਹੋਵੇ ਫਿਰ ਤਾਂ ਪਰਮਾਤਮਾ ਦੀਆਂ ਮਿਹਰਾਂ ਹੀ ਮਿਹਰਾਂ ਹਨ।

ਇਕ ਬੰਦੇ ਦੀ ਕਰਨੀ ਤੇ ਹੈ ਪਰ ਕਥਨੀ ਨਹੀਂ। ਉਸ ਜੀਵਨ ਵਿਚ ਵੀ ਇਕ ਘਾਟ ਹੈ ਉਹ ਕਰਨੀ ਦੀ ਗੱਲ ਬਹੁਤੇ ਲੋਕਾਂ ਤੱਕ ਨਹੀਂ ਪਹੁੰਚਾ ਸਕੇਗਾ। ਗੁਰੂ ਨਾਨਕ ਦੇਵ ਪਾਤਸ਼ਾਹ ਦੀ ਕਰਨੀ ਕਿੰਨੀ ਪਵਿੱਤਰ ਸੀ ਪਰ ਨਾਲ ਕਥਨੀ ਕਰਕੇ ਸੱਚ ਨੂੰ ਘਰ-ਘਰ ਤੱਕ ਪਹੁੰਚਾਇਆ।

ਕਥਨੀ ਰੱਬ ਦੀ ਅਮੁੱਲ ਦਾਤ ਹੈ ਪਰ ਜੇ ਕਥਨੀ ਨੂੰ ਕਰਨੀ ਰੂਪੀ ਫਲ ਲੱਗ ਜਾਏ, ਨਹੀਂ ਤਾਂ ਬੂਟਾ ਕਿੰਨਾ ਸੋਹਣਾ ਹੋਵੇ, ਫੁੱਲਹੀਨ ਹੋਵੇ, ਫਲਾਂ ਤੋਂ ਸੱਖਣਾ ਹੋਵੇ ਸੁੰਦਰ ਨਹੀਂ ਲਗਦਾ। ਹਾਂ, ਜਦੋਂ ਕਥਨੀ ਵੀ ਹੋਵੇ, ਕਰਨੀ ਵੀ ਹੋਵੇ ਬੰਦਾ ਸੁਘੜ ਸਰੂਪ ਹੁੰਦਾ ਹੈ।

ਰੁੱਖ ਦੀ ਕਦਰ ਫਲਾਂ ਕਰਕੇ ਹੈ, ਕਥਨੀ ਦੀ ਕਦਰ ਕਰਨੀ ਕਰਕੇ ਹੈ। ਕਥਨੀ ਨੇ ਮਨੁੱਖ ਨੂੰ ਬੜਾ ਹੀ ਪ੍ਰਭਾਵਿਤ ਕੀਤਾ ਹੈ। ਅਨੇਕਾਂ ਪਾਖੰਡੀਆਂ ਦਾ ਵੀ ਕੰਮ ਕਥਨੀ ਕਰਕੇ ਚੱਲ ਜਾਂਦਾ ਹੈ ਅਤੇ ਅਨੇਕਾਂ ਕਰਨੀ ਵਾਲਿਆਂ ਨੂੰ ਕਥਨੀ ਹੀਣ ਹੋਣ ਕਰਕੇ ਕੋਈ ਪੁੱਛਦਾ ਨਹੀਂ। ਪਹਿਲਾ ਪ੍ਰਭਾਵ ਤਾਂ ਕਥਨੀ ਦਾ ਹੀ ਪੈਣਾ ਹੈ। ਕਥਨੀ ਬੜੀ ਜ਼ਰੂਰੀ ਹੈ ਪਰ ਇਸ ਦਾ ਸਦੀਵੀ ਪ੍ਰਭਾਵ ਤਾਂ ਹੀ ਟਿਕਿਆ ਰਹੇਗਾ ਜੇ ਕਰਨੀ ਹੋਵੇਗੀ।

ਇਸੇ ਲਈ ਗੁਰਮਤਿ ਵਿਚ ਕਰਨੀ ਨੂੰ ਹੀ ਪ੍ਰਧਾਨ ਕਿਹਾ ਹੈ।

ਕਥਨੀ ਕਰਨੀ ਨੂੰ ਇਕ ਕਰਨਾ, ਕਥਨੀ ਨੂੰ ਕਰਨੀ ਦੇ ਫਲ ਤੱਕ ਪਹੁੰਚਾਉਣਾ, ਇਹੀ ਹੈ ਧਰਮ ਦੀ ਯਾਤਰਾ।

**

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# 6 ਪਰਾਈ ਤਾਤ

ਗੁਰਬਾਣੀ ਵਿਚ ਕਿਸੇ ਨਾਲ ਈਰਖਾ ਕਰਨ ਵਾਲੇ ਨੂੰ ਮੂਰਖ ਕਿਹਾ ਹੈ। ਕਿ ਹੇ ਮੂਰਖ ਪਰਾਈ ਈਰਖਾ ਛੱਡ ਦੇ ਜਦੋਂ ਇਸ ਜੀਵਨ ਵਿਚ ਇਕ ਰਾਤ ਹੀ ਰਹਿਣਾ ਹੈ ਤਾਂ ਮੁਸਾਫ਼ਰੀ ਵਿਚ ਕੀ ਈਰਖਾ ਕਰਦਾ ਬੰਦਾ ਚੰਗਾ ਲਗਦਾ ਹੈ। ਗੁਰਵਾਕ ਹੈ—

*ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ।*

ਅਥਵਾ—

*ਸਰੁ ਸੰਧੇ ਅਗਾਸ ਕਉ ਕਿਉ ਪਹੁਚੈ ਬਾਣੁ।*

—ਵਾਰ ਮਾਝ ਮ: ੨, ਪੰਨਾ ੧੪੮

*ਛਾਡਿ ਵਿਡਾਣੀ ਤਾਤ ਮੂੜੇ। ਈਹਾਂ ਬਸਨਾ ਰਾਤਿ ਮੂੜੇ।*

—ਰਾਮਕਲੀ ਮ: ੫, ਪੰਨਾ ੮੯੯

ਫਿਰ ਜਿਸਦੇ ਅੰਦਰ ਪਰਾਈ ਈਰਖਾ ਹੋਵੇ ਸਤਿਗੁਰੂ ਕਹਿੰਦੇ ਹਨ ਉਸਦਾ ਕਦੀ ਵੀ ਭਲਾ ਨਹੀਂ ਹੋ ਸਕਦਾ। ਉਹ ਤਾਂ ਜਿਵੇਂ ਜੰਗਲ ਵਿਚ ਭੁੱਲਿਆ ਬੰਦਾ ਉੱਚੀ ਹੋ ਕੇ ਪੁਕਾਰਦਾ ਹੈ, ਇੰਜ ਜੀਵਨ ਭਰ ਰੋਂਦਾ ਹੈ। ਉਸਦਾ ਸਾਰਾ ਕੀਤਾ ਕਰਮ ਬਿਰਥਾ ਚਲਾ ਜਾਂਦਾ ਹੈ ਭਾਵੇਂ ਉਸਨੇ ਆਪਣੇ ਵਲੋਂ ਧਾਰਮਿਕ ਕੰਮ ਹੀ ਕੀਤੇ ਹੋਣ।

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸੁ ਦਾ ਕਦੇ ਨਾ ਹੋਵੀ ਭਲਾ॥*
*ਉਸਦੈ ਆਖਿਐ ਕੋਈ ਨ ਲਗੈ*
*ਨਿਤ ਓਜਾੜੀ ਪੂਕਾਰੇ ਖਲਾ॥*

—ਗਉੜੀ ਕੀ ਵਾਰ, ਪੰਨਾ ੩੦੮

ਇਕ ਬੜੀ ਸੁੰਦਰ ਕਥਾ ਹੈ ਕਿ ਇਕ ਬਾਂਦਰ ਸਰਦੀ ਦੀ ਰੁੱਤ ਵਿਚ ਬੜਾ ਬੇਹਾਲ ਸੀ। ਇਕ ਚਿੜੀ ਨੇ ਬਾਂਦਰ ਨੂੰ ਵੇਖਿਆ ਤੇ ਕਹਿ ਦਿੱਤਾ ਕਿ ਐ ਬਾਂਦਰ ਵੇਖ ਮੈਂ ਪੰਛੀਆਂ ਵਿਚੋਂ ਛੋਟਾ ਪੰਛੀ ਚਿੜੀ ਹਾਂ। ਮੈਂ ਆਪਣਾ ਘਰ ਬਣਾਇਆ


Sri Satguru Jagjit Singh Ji eLibrary NamdhariElibrary@gmail.com

ਹੈ ਜੋ ਮੈਨੂੰ ਸਰਦੀ ਗਰਮੀ ਤੋਂ, ਹਨੇਰੀ ਬਰਸਾਤ ਤੋਂ ਬਚਾਉਂਦਾ ਹੈ। ਏਸੇ ਤਰ੍ਹਾਂ ਹੋਰ ਜਾਨਵਰਾਂ ਨੇ ਵੀ ਆਪਣੇ ਘਰ ਬਣਾਏ ਹਨ ਪਰ ਤੂੰ ਵੇਖ ਤੇਰੇ ਹੱਥ ਪੈਰ ਹਨ, ਮੇਰੇ ਹੱਥ ਨਹੀਂ। ਮੈਂ ਹੱਥਾਂ ਦਾ ਕੰਮ ਆਪਣੀ ਚੁੰਝ ਤੋਂ ਲਿਆ ਹੈ, ਤੀਲੇ ਇਕੱਠੇ ਕਰਕੇ ਆਪਣੇ ਘਰ ਨੂੰ ਕਿੰਨਾ ਸੋਹਣਾ ਬਣਾਇਆ ਹੈ। ਪਰ ਤੂੰ ਮਨੁੱਖ ਦੀ ਸ਼ਕਲ ਦਾ ਹੋ ਕੇ ਵੀ ਇਸ ਹਾਲਤ ਵਿਚ ਭਟਕ ਰਿਹਾ ਹੈਂ। ਤੈਨੂੰ ਆਪਣਾ ਘਰ ਬਣਾਉਣਾ ਚਾਹੀਦਾ ਹੈ। ਬਾਂਦਰ ਸੁਣ ਕੇ ਗੁੱਸੇ ਵਿਚ ਆ ਗਿਆ ਅਤੇ ਕਹਿਣ ਲੱਗਾ ਮੈਂ ਆਪਣਾ ਘਰ ਨਾ ਬਣਾਇਆ ਹੈ ਅਤੇ ਨਾ ਹੀ ਅੱਗੋਂ ਬਣਾਵਾਂਗਾ ਅਤੇ ਨਾ ਹੀ ਮੇਰੀ ਸੰਤਾਨ ਵਿਚੋਂ ਕੋਈ ਐਸਾ ਕਰੇਗਾ। ਅਸੀਂ ਵਿਰੱਕਤ ਬਿਰਤੀ ਵਾਲੇ ਘਰਾਂ ਦੇ ਮੋਹ ਤੋਂ ਉੱਚੇ ਮਹਾਂ ਪੁਰਖ ਹਾਂ। ਤੂੰ ਕੌਣ ਹੋਵੇਂ ਸਾਨੂੰ ਉਪਦੇਸ਼ ਕਰਨ ਵਾਲੀ। ਕੀ ਹੈ ਤੇਰਾ ਇਖਲਾਕ, ਫਿਰ ਸੂਈ ਵਰਗੀ ਤੇਰੀ ਚੁੰਝ ਹੈ, ਤੂੰ ਆਪਣੀ ਸ਼ਕਲ ਨਹੀਂ ਵੇਖਦੀ। ਮੈਂ ਆਪਣਾ ਘਰ ਤਾਂ ਨਹੀਂ ਬਣਾਵਾਂਗਾ ਪਰ ਤੇਰਾ ਜ਼ਰੂਰ ਢਾਹ ਕੇ ਜਾਵਾਂਗਾ। ਇੰਨਾ ਕਹਿ ਕੇ ਮੂਰਖ ਬਾਂਦਰ ਨੇ ਚਿੜੀ ਦਾ ਘਰ ਢਾਹ ਦਿੱਤਾ। ਕਿੰਨਾ ਸੁੰਦਰ ਕਿਹਾ ਹੈ—

*ਦੁਇ ਕਰ ਦੁਇ ਪਗ ਅਹਿ, ਤਵ, ਦ੍ਰਿਸੀਅਤ, ਪੁਰਖ ਅਕਾਰ॥*
*ਸੀਤ ਵਾਤ ਕੇ ਘਾਤ ਹਿਤ ਕਿਉਂ ਨਹਿ ਕਰੋ ਅਗਾਰ।*
*ਸੂਈ ਮੁੱਖ ਵਿਭਚਾਰਨੀ ਰੰਡੇ ਪੰਡਤ ਰਾਰ॥*
*ਨਹਿ ਬਲ ਨਿਜ ਗ੍ਰਿਹ ਰਚਨ ਮਹਿ ਸਮਰੱਥ ਹਤ ਤਵ ਦੁਵਾਰ॥*
*ਜੈਸੇ ਕੈਸੇ ਪੁਰਖ ਕਉ ਦੇਇ ਉਪਦੇਸ਼ ਨਾ ਸੰਤ॥*
*ਮੂਰਖ ਕਪਿ ਬਿਨ ਗ੍ਰਿਹ ਕਰੀ ਚਟਕਾ ਜੋ ਗ੍ਰਿਹ ਵੰਤ॥*

—'ਸਾਰਕੁਤਾਵਲੀ'

ਅਕਸਰ ਜਿਹੜੇ ਲੋਕ ਆਪਣਾ ਘਰ ਨਹੀਂ ਬਣਾ ਸਕਦੇ ਉਹ ਦੂਸਰਿਆਂ ਦੇ ਘਰਾਂ ਨੂੰ ਢਾਹੁਣ ਵਾਸਤੇ ਚੱਲ ਪੈਂਦੇ ਹਨ। ਜਿਹੜੇ ਬੰਦੇ ਆਪਣੇ ਵਿਚ ਕੋਈ ਗੁਣ ਨਹੀਂ ਪੈਦਾ ਕਰ ਸਕਦੇ ਉਹ ਦੂਜਿਆਂ ਦੇ ਗੁਣਾਂ ਨੂੰ ਵੇਖ ਕੇ ਈਰਖਾ ਕਰਨ ਲੱਗ ਪੈਂਦੇ ਹਨ। ਜਿਹੜੇ ਜੀਵਨ ਵਿਚ ਆਪ ਅਸਫ਼ਲ ਰਹਿ ਜਾਂਦੇ ਹਨ ਉਹ ਆਲੋਚਕ ਬਣ ਜਾਂਦੇ ਹਨ। ਕਿਸੇ ਦੀ ਆਲੋਚਨਾ ਕਰਨੀ ਸੌਖਾ ਕੰਮ ਹੈ ਪਰ ਆਪਣਾ ਜੀਵਨ ਸਵਾਰਨਾ ਮੁਸ਼ਕਿਲ ਹੈ।

*ਅਪਨੇ ਹਿਤ ਨਾਸ ਕਰੇ ਪਰ ਕੇ ਹਿਤ ਉਤਮ ਤੇ ਨਰ ਹੈਂ ਜਗ ਮਾਹੀ।*
*ਅਪਨੇ ਹਿਤ ਸੰਗ ਕਰੇ ਪਰ ਕੇ ਹਿਤ, ਆਹਿ ਸਮਾਨ ਵਹੀ ਭਵ ਮਾਹੀ।*
*ਅਪਨੇ ਹਿਤ, ਨਾਸ ਕਰੇ ਪਰ ਕੋ ਹਿਤ, ਰਾਕਸ਼ ਤੇ ਨਰ ਹੈਂ ਜਗ ਮਾਹੀ।*
*ਬਿਨ ਹੀ ਅਪਨੇ ਹਿਤ ਨਾਸ ਕਰੇਂ ਪਰ ਕੋ ਹਿਤ ਤੇ ਨਰ ਕੌਣ ਕਰਾਹੀਂ।*

—ਭਾਵਰਸਾਮ੍ਰਿਤ

ਪੰਡਤ ਗੁਲਾਬ ਸਿੰਘ ਜੀ ਲਿਖਦੇ ਹਨ ਕਿ ਕੁਝ ਲੋਕ ਅਜਿਹੇ ਹਨ ਜਿਹੜੇ ਈਰਖਾ ਰਹਿਤ ਹਨ ਅਤੇ ਆਪਣੀ ਹਾਨੀ ਕਰਕੇ ਵੀ ਕਿਸੇ ਦਾ ਲਾਭ ਕਰਦੇ ਹਨ। ਉਹ ਉੱਤਮ ਪੁਰਖ ਹਨ। ਕੁਝ ਆਪਣੇ ਲਾਭ ਲਈ ਕਿਸੇ ਦਾ ਲਾਭ ਕਰਦੇ ਹਨ, ਉਹ ਸਮਾਨ ਹਨ। ਕੁਝ ਆਪਣੇ ਹਿਤ ਲਈ ਦੂਜੇ ਦੀ ਹਾਨੀ ਕਰਦੇ ਹਨ, ਉਹ ਰਾਕਸ਼ ਹਨ। ਪਰ ਕੁਝ ਈਰਖਾਲੂ ਐਸੇ ਹਨ ਜੋ ਬਿਨਾਂ ਕਿਸੇ ਲਾਭ ਤੋਂ ਦੂਜੇ ਦਾ ਨੁਕਸਾਨ ਕਰਦੇ ਹਨ। ਉਨ੍ਹਾਂ ਨੂੰ ਕੀ ਆਖੀਏ ਉਹ ਰਾਕਸ਼ਾਂ ਤੋਂ ਵੀ ਥੱਲੇ ਹਨ।

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸਰਬੱਤ ਦਾ ਭਲਾ ਮੰਗਣਾ ਸਿਖਾਇਆ ਹੈ। ਜੇਕਰ ਜਗਤ ਦਾ ਬੁਰਾ ਹੋ ਰਿਹਾ ਹੈ ਤਾਂ ਇਕ ਗੱਲ ਸਪੱਸ਼ਟ ਹੈ ਕਿ ਜਗਤ ਦੇ ਲੋਕ ਇਕ ਦੂਸਰੇ ਦਾ ਬੁਰਾ ਮੰਗ ਰਹੇ ਹਨ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਸਤਿਗੁਰ ਕਲਗੀਧਰ ਨੇ ਇਕ ਵਾਰ ਕਿਹਾ ਸੀ ਪਰਾਇਆ ਸੁਖ ਵੇਖ ਕੇ ਈਰਖਾ ਨਾ ਕਰੋ। ਸਿਰਫ਼ ਤੁਹਾਡਾ ਹਿਰਦਾ ਤਪੇਗਾ ਅਤੇ ਮਿਲੇਗਾ ਵੀ ਕੁਝ ਨਹੀਂ। ਫਿਰ ਅਜਿਹੇ ਬੰਦੇ ਤੋਂ ਰੱਬ ਵੀ ਨਰਾਜ਼ ਹੁੰਦਾ ਹੈ ਕਿ ਮੇਰੇ ਦਿੱਤੇ ਨੂੰ ਵੇਖ ਕੇ ਇਹ ਕਿਉਂ ਜਲਦਾ ਹੈ।

*ਪਰ ਸੁਖ ਪਿਖ ਉਰ ਤਪਤਹੁ ਨਾਹੀਂ॥*
*ਪਾਪ ਵਿਅਰਥ ਹੋਤ ਸਿਰ ਤਾਹੀਂ॥*
*ਇਕ ਤਓ ਰਿਦਾ ਤਪੈ ਦੁਖ ਪਾਵੈ॥*
*ਪਿਖਹੁ ਭਲੇ ਕੁਛ ਹੱਥ ਨਾ ਆਵੈ॥*
*ਪੁੰਨ ਪ੍ਰਮੇਸੁਰ ਕੋਪ ਕਰੰਤਾ॥*
*ਮੋਹਿ ਦਯੋ ਤਕਿ ਇਹ ਜਰੰਤਾ॥*

—ਗੁ. ਪ੍ਰ. ਸੂ., ਰੁਤ ੫, ਅੰਸੂ ੪੬

ਜਿਵੇਂ ਕਿਸੇ ਬੂਟੇ ਦੀਆਂ ਜੜ੍ਹਾਂ ਨੂੰ ਬੀਮਾਰੀ ਲੱਗ ਜਾਵੇ ਤਾਂ ਉਸ ਦੇ ਪੱਤਿਆਂ ਨੂੰ ਭਾਵੇਂ ਕਿੰਨਾ ਸਾਫ ਕਰੀਏ ਬੂਟਾ ਕੁਝ ਦਿਨਾਂ ਤੱਕ ਤਬਾਹ ਹੋ ਜਾਏਗਾ। ਇਸੇ ਤਰ੍ਹਾਂ ਕੁਝ ਮਨੁੱਖਤਾ ਦਾ ਹਾਲ ਹੈ। ਬਾਹਰੋਂ ਅਨੇਕਾਂ ਪ੍ਰਬੰਧ ਕਰਦਿਆਂ ਵੀ ਮਨੁੱਖਤਾ ਤਬਾਹ ਹੋ ਰਹੀ ਹੈ ਤਾਂ ਇਸ ਦੀ ਜੜ੍ਹ ਨੂੰ ਵੀ ਕੋਈ ਰੋਗ ਹੈ, ਉਹ ਰੋਗ ਹੈ ਈਰਖਾ ਦਾ। ਈਰਖਾਲੂ ਬਿਰਤੀ ਦੇ ਬੰਦਿਆਂ ਨੇ ਸੰਸਾਰ ਦੇ ਵਿਕਾਸ ਵਿਚ ਰੋਕ ਪਾ ਰੱਖੀ ਹੈ। ਕੋਈ ਵੀ ਮਹੱਤਵਪੂਰਨ ਕੰਮ ਇਹ ਸਿਰੇ ਨਹੀਂ ਚੜ੍ਹਨ ਦਿੰਦੇ। ਤੁਲਸੀ ਨੇ ਤਾਂ ਐਸੇ ਈਰਖਾਲੂਆਂ ਨੂੰ ਮੂਰਖਾਂ ਦਾ ਟੋਲਾ ਕਿਹਾ ਹੈ ਜੋ ਹਰ ਚੰਗੇ ਕੰਮ ਵਿਚ ਰੋਕ ਪਾਉਂਦੇ ਹਨ। ਤੁਲਸੀ ਦਾਸ ਰਮਾਇਣ ਲਿਖਣ ਲੱਗੇ, ਦੇਵਤਿਆਂ ਦਾ ਮੰਗਲ ਕਰਕੇ ਕਹਿੰਦੇ ਹਨ ਮੇਰੀ ਮੂਰਖਾਂ ਨੂੰ ਵੀ ਨਮਸਕਾਰ ਹੈ ਜੋ ਹਰ ਚੰਗੇ ਕੰਮ ਵਿਚ ਰੋਕ ਪਾਉਂਦੇ ਹਨ। ਉਹ ਲਿਖਦੇ ਹਨ—

Sri Satguru Jagjit Singh Ji eLibrary NamdhariElibrary@gmail.com

*ਬਹੁਰ ਬੰਦੌਂ ਖਲ ਗਨ ਸਤ ਭਾਏ॥*
*ਜੋ ਬਿਨ ਕਾਜ ਦਾਹਨੇ ਬਾਇ॥*
*ਪਰਹਿਤ ਹਾਨ ਲਾਭ ਜਿਨ ਕੇਰੇ॥*
*ਉਜਰੇ ਹਰਸ਼ ਵਿਸ਼ਾਦ ਬਸੇਰੇ॥*

—ਤੁਲਸੀ ਰਮਾਇਣ

ਉਨ੍ਹਾਂ ਮੂਰਖਾਂ ਨੂੰ ਨਮਸਕਾਰ ਹੈ ਜੋ ਬਿਨਾਂ ਕੰਮ ਤੋਂ ਹੀ ਸੱਜੇ ਖੱਬੇ ਤੁਰੇ ਫਿਰਦੇ ਹਨ। ਪਰਾਇਆ ਫਾਇਦਾ ਹੋਵੇ ਤਾਂ ਇਹਨਾਂ ਦੀ ਹਾਨੀ ਹੁੰਦੀ ਹੈ। ਕੋਈ ਉੱਜੜ ਜਾਏ ਤਾਂ ਇਹ ਖੁਸ਼ ਹੁੰਦੇ ਹਨ। ਕੋਈ ਵੱਸ ਜਾਏ ਤਾਂ ਇਨ੍ਹਾਂ ਨੂੰ ਦੁੱਖ ਹੁੰਦਾ ਹੈ।

ਈਰਖਾ ਉਸ ਵੇਲੇ ਜਨਮ ਲੈਂਦੀ ਹੈ ਜਦੋਂ ਕੋਈ ਆਪਣੇ ਬਰਾਬਰ ਤੇ ਆ ਜਾਵੇ ਜਾਂ ਕੋਈ ਆਪਣੇ ਤੋਂ ਅੱਗੇ ਲੰਘ ਜਾਵੇ। ਇਕ ਖ਼ੂਨ ਹੁੰਦਿਆਂ ਵੀ ਮਨੁੱਖ ਈਰਖਾ ਤੋਂ ਨਹੀਂ ਬਚ ਸਕਿਆ। ਭਰਾ-ਭਰਾ ਨਾਲ ਈਰਖਾ ਕਰਦਾ ਹੈ, ਭੈਣ-ਭੈਣ ਨਾਲ ਈਰਖਾ ਕਰਦੀ ਹੈ। ਬਾਬਾ ਪ੍ਰਿਥੀ ਚੰਦ ਜੀ ਨੇ ਗੁਰੂ ਅਰਜਨ ਦੇਵ ਜੀ ਨਾਲ ਕਿੰਨੀ ਈਰਖਾ ਕੀਤੀ ਸੀ, ਨਜ਼ਦੀਕੀ ਤੋਂ ਨਜ਼ਦੀਕੀ ਰਿਸ਼ਤੇਦਾਰ ਵੀ ਈਰਖਾ ਕਰਦੇ ਹਨ। ਜਦੋਂ ਸਤਿਗੁਰੂ ਦੀ ਮਤਿ ਆ ਜਾਵੇ ਫਿਰ ਈਰਖਾ ਨਹੀਂ ਹੁੰਦੀ। ਫਿਰ ਸਾਰਿਆਂ ਵਿਚੋਂ ਪ੍ਰਮਾਤਮਾ ਦੀ ਜੋਤ ਦਿੱਸਦੀ ਹੈ। ਮਨੁੱਖ ਦੇ ਅਵਗੁਣ ਮੁਕਦੇ ਹੀ ਤਾਂ ਹਨ ਜੇ ਜੋਤ ਦਾ ਨਾਤਾ ਬਣੇ। ਖ਼ੂਨ ਦੇ ਨਾਤੇ ਜਾਂ ਜਾਤ ਦੇ ਨਾਤੇ ਤਾਂ ਨਾਲ ਈਰਖਾ ਨਹੀਂ ਮੁਕਦੀ। ਜੋਤਿ ਦੇ ਨਾਤੇ ਨਾਲ ਮੁੱਕਦੀ ਹੈ। ਜਿਸ ਦੇ ਅੰਦਰ ਗੁਰੂ ਦੀ ਜੁਗਤਿ ਆ ਜਾਵੇ, ਜੋਤਿ ਆ ਜਾਏ, ਉਹ ਈਰਖਾ ਨਹੀਂ ਕਰੇਗਾ।

ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ ਕਿ ਜਦੋਂ ਤੋਂ ਮੈਨੂੰ ਗੁਰੂ ਦੀ ਸੰਗਤ ਦੀ ਪ੍ਰਾਪਤੀ ਹੋਈ ਹੈ ਮੇਰੇ ਅੰਦਰੋਂ ਪਰਾਈ ਈਰਖਾ ਮੁੱਕ ਗਈ ਹੈ—

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧ ਸੰਗਤਿ ਮੋਹਿ ਪਾਈ॥*

—ਕਾਨੜਾ ਮਹਲਾ ੫, ਪੰਨਾ ੧੨੯੯

ਇਕ ਪਰਮਾਤਮਾ ਨਾਲ ਮਨ ਰੰਗਿਆ ਜਾਏ ਤਾਂ ਪਰਾਈ ਈਰਖਾ ਭੁੱਲ ਜਾਂਦੀ ਹੈ।

*ਏਕਸ ਸਿਉ ਜਾਕਾ ਮਨ ਰਾਤਾ॥*
*ਵਿਸਰੀ ਤਿਸੈ ਪਰਾਈ ਤਾਤਾ॥*

—ਗਉੜੀ ਮਹਲਾ ੫, ਪੰਨਾ ੧੯੯

*ਅਚਰਜ ਏਕ ਸੁਨਹੁ ਰੇ ਭਾਈ ਗੁਰ ਐਸੀ ਬੂਝ ਬੁਝਾਈ॥*
*ਲਾਹਿ ਪਰਦਾ ਜਉ ਠਾਕੁਰ ਭੇਟਿਓ ਤਉ ਬਿਸਰੀ ਤਾਤਿ ਪਰਾਈ॥*

—ਗਉੜੀ ਮਹਲਾ ੫, ਪੰਨਾ ੨੭੫

Sri Satguru Jagjit Singh Ji eLibrary NamdhariElibrary@gmail.com

ਸੁਆਦ ਬਾਦ ਈਰਖ ਮਦ ਮਾਇਆ॥
ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥

—ਸੂਹੀ ਮਹਲਾ ੫, ਪੰਨਾ ੭੪੧

ਸਰੁਚੀ ਤੇ ਸੁਨੀਤੀ ਦੋ ਭੈਣਾਂ ਰਾਜੇ ਉਤਾਨਪਾਦ ਦੀਆਂ ਰਾਣੀਆਂ ਸਨ। ਸੁਨੀਤੀ ਦਾ ਪੁੱਤਰ ਧ੍ਰੂ ਸੀ। ਸਰੁਚੀ ਦੀ ਈਰਖਾ ਕਾਰਨ ਧ੍ਰੂ ਵਰਗੇ ਪੁੱਤਰ ਨੂੰ ਚਪੇੜਾਂ ਪਈਆਂ ਤੇ ਜੰਗਲ ਵਾਸ ਲੈਣਾ ਪਿਆ।

ਕੈਕੇਈ ਦੀ ਈਰਖਾ ਕਾਰਨ ਰਾਮ ਨੂੰ ਬਨਵਾਸ ਮਿਲਿਆ ਸੀ। ਰਾਜਿਆਂ ਦੀ ਦੁਨੀਆਂ ਵਿਚ ਈਰਖਾ ਤਾਂ ਹੈ ਹੀ, ਵਿਦਵਾਨਾਂ ਦੀ ਦੁਨੀਆਂ ਵਿਚ ਵੀ ਈਰਖਾ ਹੈ। ਪੰਡਤ ਗੁਲਾਬ ਸਿੰਘ ਦੇ ਲਿਖੇ ਬੜੇ ਕੀਮਤੀ ਗ੍ਰੰਥ ਈਰਖਾ ਵਸ ਤਬਾਹ ਹੋ ਗਏ। ਪੰਡਤਾਂ ਨੇ ਗੁਲਾਬ ਸਿੰਘ ਦੇ ਗੁਰੂ ਮਾਨ ਸਿੰਘ ਨੂੰ ਕਿਹਾ ਇਸ ਪੇਂਡੂ ਜੱਟ ਨੂੰ ਤੂੰ ਵਿੱਦਿਆ ਦੇ ਦਿੱਤੀ ਹੈ, ਇਹ ਠੀਕ ਨਹੀਂ। ਇਸ ਕੋਲੋਂ ਗੁਰੂ ਭੇਟਾ ਤੇ ਦੱਛਣਾ ਲਵੋ। ਪਹਿਲੀ ਭੇਟ ਕਿ ਗ੍ਰੰਥ ਸਾਰੇ ਭੇਟ ਕਰ ਦਿਉ ਜੋ ਤੁਸੀਂ ਲਿਖੇ ਹਨ। ਦੱਛਣਾ ਇਹ ਕਿ ਅੱਗੇ ਲਿਖਣਾ ਬੰਦ ਕਰ ਦਿਉ। ਏਸੇ ਤਰ੍ਹਾਂ ਹੀ ਹੋਇਆ। ਜੋ ਬਾਹਰ ਚਾਰ ਗ੍ਰੰਥ ਪੜ੍ਹਨ ਲਈ ਗਏ ਸਨ ਉਹ ਬਚ ਗਏ ਬਾਕੀ ਸਭ ਜਲ ਪ੍ਰਵਾਹ ਕਰ ਦਿੱਤੇ ਗਏ।

ਸੇਵਾਦਾਰਾਂ ਦੀ ਦੁਨੀਆਂ ਵਿਚ ਵੀ ਈਰਖਾ ਆ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਕ ਸਿੱਖ ਹੋਏ ਹਨ, ਭਾਈ ਜੱਗਾ ਸਿੰਘ ਜੀ। ਬੜੀ ਸੇਵਾ ਕਰਦੇ ਸਨ। ਸਤਿਗੁਰਾਂ ਵਲੋਂ ਬੜਾ ਪਿਆਰ ਮਿਲਿਆ। ਕੁਝ ਸਿੱਖਾਂ ਈਰਖਾ ਕੀਤੀ। ਇਥੋਂ ਤੱਕ ਕਿ ਇਕ ਦਿਨ ਬਾਹਰ ਸੇਵਾ ਕਰਦੇ ਨੂੰ ਬੜੀ ਮਾਰ ਕੁਟਾਈ ਕੀਤੀ। ਸਤਿਗੁਰਾਂ ਨੂੰ ਪਤਾ ਲੱਗਾ, ਇਸ ਦਾ ਇਲਾਜ ਕਰਾਇਆ। ਹੋਸ਼ ਆਈ ਤਾਂ ਕਲਗੀਧਰ ਪਿਤਾ ਜੀ ਨੇ ਪੁੱਛਿਆ ਭਾਈ ਜੱਗਾ ਸਿੰਘ ਤੈਨੂੰ ਕਿਸ ਨੇ ਮਾਰਿਆ ਹੈ। ਜੱਗਾ ਸਿੰਘ ਕਹਿਣ ਲੱਗਾ ਪਾਤਸ਼ਾਹੋ ਤੁਸੀਂ ਹੀ ਮਾਰਿਆ ਹੈ, ਮਾਰਿਆ ਨਹੀਂ ਤਾਰਿਆ ਹੈ। ਕੋਈ ਭੁੱਲ ਹੋਈ ਹੋਵੇਗੀ। ਤੁਹਾਡੇ ਵਿਚ ਤੇ ਤੁਹਾਡੇ ਸਿੰਘਾਂ ਵਿਚ ਮੈਨੂੰ ਕੋਈ ਫ਼ਰਕ ਨਜ਼ਰ ਨਹੀਂ ਆਉਂਦਾ। ਗੁਰੂ ਜੀ ਨੇ ਉਸੇ ਵੇਲੇ ਸਿੱਖਾਂ ਨੂੰ ਤਾੜਨਾ ਕੀਤੀ ਤੇ ਸਮਝਾਇਆ ਕਿ ਵੇਖੋ ਉਸ ਨੂੰ ਮਾਰਨ ਵਾਲਿਆਂ ਵਿਚੋਂ ਵੀ ਗੁਰੂ ਨਜ਼ਰ ਆਇਆ ਹੈ। ਤੁਹਾਨੂੰ ਸੇਵਾਦਾਰ ਵਿਚੋਂ ਵੀ ਗੁਰੂ ਨਜ਼ਰ ਨਹੀਂ ਆਇਆ, ਇਹ ਤੁਹਾਡੀ ਬਦਕਿਸਮਤੀ ਹੈ।

ਜੇ ਸਾਰੇ ਸਿੱਖਾਂ ਵਿਚੋਂ ਗੁਰੂ ਨਜ਼ਰ ਆ ਜਾਏ ਤਾਂ ਫਿਰ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਇਹ ਸੇਵਾ ਭਾਵ ਤਾਰੇਗਾ—

ਪੰਚ ਬਾਰ ਗੰਗ ਜਾਏ ਬਾਰ ਪੰਚ ਪ੍ਰਾਗ ਨਾਇ॥
ਤੈਸੋ ਪੁੰਨ ਇਕ ਗੁਰਸਿੱਖ ਕੇ ਨਵਾਇ ਕਾ॥

Sri Satguru Jagjit Singh Ji eLibrary NamdhariElibrary@gmail.com

*ਸਿਖ ਕਉ ਪਿਲਾਇ ਪਾਣੀ ਭਾਉ ਕਰ ਕੁਰੁਖੇਤ॥*
*ਅਸਮੇਧ ਯਗ ਫਲ, ਸਿਖ ਕਉ ਜਿਵਾਇ ਕਾ॥*
*ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ॥*
*ਤੈਸੋ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥*
*ਜੈਸੇ ਬੀਸ ਬਾਰ ਦਰਸ਼ਨ ਸਾਧ ਕੀਆ ਕਾਹੂ॥*
*ਤੈਸੋ ਪੁੰਨ ਸਿਖ ਕਉ ਚਾਂਪ ਪਗ ਸੁਵਾਇ ਕਾ॥*

ਜੇਕਰ ਅੰਦਰੋਂ ਪ੍ਰੇਮ ਭਾਵਨਾ ਨਾ ਬਣੇ ਤਾਂ ਸੇਵਾ ਉਪਕਾਰ ਦੀ ਬਜਾਏ ਈਰਖਾ ਆਧਾਰਿਤ, ਵਿਨਾਸ਼ ਦੀ ਭਾਵਨਾ ਮਨੁੱਖ ਦੇ ਅੰਦਰ ਜਾਗ ਪੈਂਦੀ ਹੈ।

ਇਕ ਬੜੀ ਸੁੰਦਰ ਕਥਾ ਹੈ ਕਿ ਦੋ ਭਿਖਾਰੀ ਇਕ ਅੰਨ੍ਹਾ ਤੇ ਇਕ ਲੰਗੜਾ ਰਲ ਕੇ ਭਿਖਿਆ ਮੰਗਦੇ ਸਨ। ਇਕ ਦਿਨ ਕਿਸੇ ਗੱਲ ਤੋਂ ਦੋਹਾਂ ਦਾ ਝਗੜਾ ਹੋ ਗਿਆ। ਅੰਨ੍ਹੇ ਨੂੰ ਦਿੱਸਦਾ ਨਹੀਂ ਅਤੇ ਲੰਗੜਾ ਚੱਲ ਨਹੀਂ ਸਕਦਾ। ਅੱਜ ਮੰਗਣ ਨਹੀਂ ਜਾ ਸਕੇ, ਦੋਵੇਂ ਭੁੱਖੇ ਬੈਠੇ ਸਨ। ਇਕ ਦੇਵਤੇ ਨੂੰ ਤਰਸ ਆ ਗਿਆ। ਦੇਵਤੇ ਨੇ ਆ ਕੇ ਕਿਹਾ ਐ ਅੰਧੇ ਕੁਝ ਮੰਗ ਮੈਂ ਦੇਵਤਾ ਹਾਂ। ਅੰਨ੍ਹੇ ਨੇ ਕਿਹਾ ਮੇਰੀ ਮੰਗ ਇਹ ਹੈ ਕਿ ਮੇਰੇ ਸਾਥੀ ਲੰਗੜੇ ਨੂੰ ਵੀ ਅੰਨ੍ਹਾ ਕਰ ਦਿਉ। ਦੇਵਤਾ ਇਹ ਵਰ ਪੂਰਾ ਕਰਕੇ ਲੰਗੜੇ ਦੇ ਪਾਸ ਗਿਆ ਤੇ ਕਿਹਾ ਤੂੰ ਵੀ ਕੁਝ ਮੰਗ ਉਸ ਨੇ ਕਿਹਾ ਅੰਨ੍ਹੇ ਨੂੰ ਵੀ ਮੇਰੇ ਵਾਂਗੂੰ ਲੰਗੜਾ ਕਰ ਦਿਉ। ਦੇਵਤੇ ਨੇ ਕਿਹਾ ਕਿ ਮੈਂ ਤਾਂ ਤੁਹਾਨੂੰ ਅੱਖਾਂ ਤੇ ਲੱਤਾਂ ਦੇਣ ਆਇਆ ਸਾਂ, ਤੁਹਾਨੂੰ ਪੂਰਾ ਕਰਨ ਆਇਆਂ ਸਾਂ। ਤੁਸੀਂ ਮੰਦੇ ਭਾਗਾਂ ਨਾਲ ਅੱਗੇ ਨਾਲੋਂ ਵੀ ਅਧੂਰੇ ਹੋ ਗਏ ਹੋ, ਅੱਗੇ ਨਾਲੋਂ ਵੀ ਦੁਖੀ ਹੋ ਗਏ ਹੋ। ਈਰਖਾਲੂਆਂ ਦੇ ਕੋਲ ਪਰਮਾਤਮਾ ਵੀ ਆ ਜਾਏ ਤਾਂ ਇਹ ਦੁੱਖ ਹੀ ਮੰਗਣਗੇ, ਸੁਖ ਨਹੀਂ। ਪਰ ਜਿਥੇ ਪ੍ਰੇਮ ਹੋਵੇ ਉਥੇ ਈਰਖਾ ਵਰਗੀ ਬੀਮਾਰੀ ਨਹੀਂ ਆ ਸਕਦੀ।

ਇਕ ਵਾਰੀ ਭਾਈ ਮਰਦਾਨੇ ਨੇ ਕਿਹਾ ਸੀ, ਪਾਤਸ਼ਾਹੋ! ਵੇਖੋ ਇਕ ਕ੍ਰਿਸਾਨ ਦੂਸਰੇ ਦੀ ਚੋਰੀ ਕਰ ਰਿਹਾ ਹੈ। ਇਕ ਦੇ ਖੇਤ ਵਿਚੋਂ ਦਾਣੇ ਚੁਕ ਕੇ ਆਪਣੇ ਖੇਤ ਦੇ ਢੇਰ ਤੇ ਸੁੱਟੀ ਜਾ ਰਿਹਾ ਹੈ। ਇਹ ਚਲਾ ਗਿਆ ਮਗਰੋਂ ਕੁਝ ਚਿਰ ਬਾਅਦ ਦੂਸਰਾ ਆ ਗਿਆ। ਉਸ ਨੇ ਜਿਥੇ ਦਾਣੇ ਸੁੱਟੇ ਸਨ ਉਥੋਂ ਚੁੱਕ ਕੇ ਫਿਰ ਜਿੱਥੋਂ ਪਹਿਲੇ ਨੇ ਚੁੱਕੇ ਸਨ ਉਥੇ ਹੀ ਸੁੱਟ ਦਿਤੇ। ਭਾਈ ਮਰਦਾਨੇ ਨੇ ਕਿਹਾ ਪਾਤਸ਼ਾਹੋ ਦੋਵੇਂ ਹੀ ਚੋਰ ਹਨ। ਧੰਨ ਗੁਰੂ ਨਾਨਕ ਦੇਵ ਬੋਲੇ, ਨਹੀਂ ਮਰਦਾਨਿਆ ਚੋਰ ਨਹੀਂ ਅਸਲ ਭਰਾ ਹਨ, ਪ੍ਰੇਮੀ ਹਨ। ਈਰਖਾ ਤੋਂ ਰਹਿਤ ਹਨ। ਪਹਿਲਾ ਆਪਣਾ ਅਨਾਜ ਵੱਡੇ ਭਰਾ ਦੇ ਬੋਹਲ 'ਤੇ ਸੁੱਟ ਗਿਆ ਸੀ ਕਿ ਭਰਾ ਦੀ ਕੁਝ ਸਹਾਇਤਾ ਕਰ ਜਾਵਾਂ। ਫਿਰ ਵੱਡਾ ਭਰਾ, ਛੋਟੇ ਭਰਾ ਦੀ ਸਹਾਇਤਾ ਕਰਨ ਲਈ ਆਪਣੇ ਬੋਹਲ ਤੋਂ ਦਾਣੇ ਚੁੱਕ ਕੇ ਛੋਟੇ ਭਰਾ ਦੇ ਬੋਹਲ 'ਤੇ ਸੁੱਟ ਆਇਆ। ਵੇਖ ਮਰਦਾਨਿਆ

Sri Satguru Jagjit Singh Ji eLibrary NamdhariElibrary@gmail.com

ਘਟਿਆ ਕਿਸੇ ਦਾ ਵੀ ਕੁਝ ਨਹੀਂ। ਦਾਣੇ ਵੀ ਬਰਾਬਰ ਹੀ ਰਹੇ ਪਰ ਅੰਦਰ ਇਕ ਪ੍ਰੇਮ ਭਾਵਨਾ ਪੈਦਾ ਹੋ ਗਈ ਕਿ ਮੈਂ ਭਰਾ ਦੀ ਸਹਾਇਤਾ ਕੀਤੀ ਹੈ, ਈਰਖਾ ਤੋਂ ਤਾਂ ਬਚ ਗਏ।

ਈਰਖਾ ਇਕ ਐਸੀ ਅਗਨੀ ਹੈ ਜਿਸ ਵਿਚ ਸ਼ੁਭ ਗੁਣ ਸੜ ਜਾਂਦੇ ਹਨ। ਕਿੰਨਾ ਵੀ ਕੋਈ ਗੁਣੀ ਪੁਰਸ਼ ਹੋਵੇ ਜੇ ਮੈਂ ਉਸ ਨਾਲ ਈਰਖਾ ਕਰਦਾ ਹਾਂ ਤਾਂ ਉਸ ਦੇ ਗੁਣਾਂ ਦਾ ਮੇਰੇ ਤੇ ਪ੍ਰਭਾਵ ਨਹੀਂ ਪਵੇਗਾ ਅਤੇ ਉਹ ਗੁਣ ਮੈਂ ਲੈ ਵੀ ਨਹੀਂ ਸਕਾਂਗਾ। ਇਕ ਵਾਰ ਗੁਰੂ ਅਰਜਨ ਦੇਵ ਜੀ ਨੇ ਆਗਰੇ ਤੋਂ ਆਈਆਂ ਸੰਗਤਾਂ ਨੂੰ ਇਸੇ ਸੰਦਰਭ ਵਿਚ ਕੁਝ ਬਚਨ ਕਹੇ ਸਨ ਕਿ ਈਰਖਾ ਦੀ ਬਜਾਏ ਤੁਸੀਂ ਪ੍ਰਸੰਨ ਹੋਵੋ। ਇਹ ਜਲਨ ਬੁਝਦੀ ਹੈ ਗੁਰੂ ਦੀ ਸੰਗਤ ਵਿਚ ਆ ਕੇ। ਗੁਰੂ ਸਾਹਿਬਾਂ ਦਾ ਫ਼ੁਰਮਾਨ ਹੈ–

*ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧ ਸੰਗਿ ਮੇਰੀ ਜਲਨਿ ਬੁਝਾਈ॥*

—ਰਾਗ ਗਉੜੀ ਪੂਰਬੀ ਮਹਲਾ ੫, ਪੰਨਾ ੨੦੪

ਜਦੋਂ ਪ੍ਰਭੂ ਵਿਛੋੜੇ ਦੀ ਜਲਨ ਬੁਝ ਜਾਂਦੀ ਹੈ ਤਾਂ ਈਰਖਾ ਦੀ ਜਲਨ ਵੀ ਬੁਝ ਜਾਂਦੀ ਹੈ। ਜਿਨ੍ਹਾਂ ਨੂੰ ਪ੍ਰਭੂ ਮਿਲਿਆ ਹੈ ਪ੍ਰਭੂ ਦੀ ਸੰਗਤ ਮਿਲੀ ਹੈ ਉਹ ਕਦੇ ਕਿਸੇ ਨਾਲ ਈਰਖਾ ਨਹੀਂ ਕਰਦੇ। ਅਗਰ ਕੋਈ ਆਪਣੇ ਤੋਂ ਕਮਜ਼ੋਰ ਮਿਲਿਆ ਹੈ ਤਾਂ ਦਇਆ ਕਰਦੇ ਹਨ। ਬਰਾਬਰ ਦਾ ਮਿਲਿਆ ਹੈ ਤਾਂ ਮਿੱਤਰਤਾ ਕਰਦੇ ਹਨ। ਵੱਡਾ ਮਿਲਿਆ ਹੈ ਤਾਂ ਵੇਖ ਕੇ ਪ੍ਰਸੰਨ ਹੁੰਦੇ ਹਨ, ਈਰਖਾ ਨਹੀਂ ਹੁੰਦੀ। ਹਿਰਦੇ ਵਿਚ ਈਸ਼ਵਰ ਹੁੰਦਾ ਹੈ। ਜਿਸ ਹਿਰਦੇ ਵਿਚ ਈਸ਼ਵਰ ਨਹੀਂ ਉਥੇ ਈਰਖਾ ਅਵੱਸ਼ ਹੋਵੇਗੀ। ਜਿਸ ਹਿਰਦੇ ਵਿਚ ਈਸ਼ਵਰ ਹੈ ਉਥੇ ਈਰਖਾ ਨਹੀਂ ਹੁੰਦੀ। ਉਹ ਭਲੀ ਭਾਂਤੀ ਸਮਝਦਾ ਹੈ ਕਿ ਜੇ ਈਰਖਾ ਦੀ ਅੱਗ ਵਿਚ ਮੈਂ ਕਿਸੇ ਨੂੰ ਸਾੜਾਂਗਾ ਤਾਂ ਮੈਂ ਉਸ ਤੋਂ ਵਧੀਕ ਚਿਰ ਸੜਦਾ ਰਹਾਂਗਾ। ਇਕ ਅਦੀਬ ਕਹਿੰਦੇ ਹਨ–

*ਜੋ ਜਲਾਤਾ ਹੈ ਕਿਸੀ ਕੋ ਖੁਦ ਭੀ ਜਲਤਾ ਹੈ ਜ਼ਰੂਰ,*
*ਸ਼ਮਾ ਜਲਤੀ ਰਹਿ ਗਈ ਪ੍ਰਵਾਨਾ ਜਲ ਜਾਨੇ ਕੇ ਬਾਦ।*

ਈਰਖਾ ਤੋਂ ਤੁਰ ਕੇ ਸਰਬੱਤ ਦੇ ਭਲੇ ਤੱਕ ਪਹੁੰਚਣਾ, ਇਹੀ ਹੈ ਧਰਮ ਦੀ ਯਾਤਰਾ।

**

Sri Satguru Jagjit Singh Ji eLibrary NamdhariElibrary@gmail.com

# 7 ਆਲਸੀ

ਇਕ ਬੜੀ ਸੁੰਦਰ ਕਥਾ ਹੈ ਕਿ ਇਕ ਰਾਜੇ ਨੇ ਵੇਖਿਆ ਕਿ ਮੇਰੇ ਰਾਜ ਵਿਚ ਬਹੁਤ ਹੀ ਆਲਸੀ ਹੋ ਗਏ ਹਨ। ਕੰਮ ਕਰਨ ਵਾਲੇ ਉਦਮੀ ਘਟਦੇ ਜਾਂਦੇ ਹਨ ਅਤੇ ਆਲਸੀ ਵਧਦੇ ਜਾਂਦੇ ਹਨ। ਮੇਰੇ ਦੇਸ਼ ਦਾ ਕੀ ਹਾਲ ਹੋਵੇਗਾ। ਉਸ ਨੇ ਆਲਸ ਮੁਕਾਉਣ ਵਾਸਤੇ ਇਕ ਤਰਕੀਬ ਸੋਚੀ। ਉਸ ਨੇ ਆਪਣੇ ਰਾਜ ਵਿਚ ਡੌਂਡੀ ਪਿਟਵਾ ਦਿੱਤੀ ਕਿ ਜਿੰਨੇ ਵੀ ਆਲਸੀ ਹਨ ਉਹ ਆ ਜਾਣ ਇਨ੍ਹਾਂ ਦਾ ਹਰ ਤਰ੍ਹਾਂ ਦਾ ਪ੍ਰਬੰਧ ਮੇਰੇ ਵਲੋਂ ਹੋਵੇਗਾ। ਖਾਣ ਦਾ, ਪੀਣ ਦਾ, ਪਹਿਨਣ ਦਾ, ਰਿਹਾਇਸ਼ ਦਾ। ਆਲਸੀ ਇਨ੍ਹਾਂ ਨੂੰ ਰੱਬ ਨੇ ਬਣਾਇਆ ਹੈ, ਇਨ੍ਹਾਂ ਦਾ ਕੀ ਦੋਸ਼ ਹੈ। ਸਾਰੇ ਆਲਸੀ ਇਕੱਠੇ ਹੋ ਕੇ ਆ ਗਏ। ਆਲਸੀ ਬਣ ਕੇ ਮੁਫ਼ਤ ਰਿਹਾਇਸ਼, ਖਾਣਾ, ਪੀਣਾ ਮਿਲੇ, ਕੌਣ ਆਲਸੀ ਨਹੀਂ ਹੋਵੇਗਾ। ਕਾਫੀ ਵੱਡੀ ਗਿਣਤੀ ਵਿਚ ਆਲਸੀ ਆ ਗਏ। ਰਾਜੇ ਨੇ ਖੁੱਲ੍ਹੇ ਮੈਦਾਨ ਵਿਚ ਝੌਂਪੜੀਆਂ ਬਣਾਈਆਂ ਸਨ। ਇਕ-ਇਕ ਬੰਦੇ ਨੂੰ ਉਹ ਝੌਂਪੜੀ ਦੇ ਦਿੱਤੀ ਗਈ ਅਤੇ ਕਿਹਾ ਕਿ ਆਰਾਮ ਕਰੋ ਅਤੇ ਇਕ ਪ੍ਰੀਖਿਆ ਹੋਵੇਗੀ ਕਿ ਜਿਹੜਾ ਅਸਲ ਆਲਸੀ ਹੋਵੇਗਾ ਉਹ ਉਠੇਗਾ ਨਹੀਂ। ਨਾ ਭੁੱਖ ਲਈ, ਨਾ ਪਿਆਸ ਲਈ, ਬੇਸ਼ੱਕ ਝੌਂਪੜੀਆਂ ਸੜ ਵੀ ਜਾਣ। ਆਲਸੀ ਕੀ ਤੇ ਬਚਾਅ ਲਈ ਦੌੜ ਕੀ। ਬਾਦਸ਼ਾਹ ਦੇ ਇਸ਼ਾਰੇ ਤੇ ਝੌਂਪੜੀਆਂ ਨੂੰ ਅੱਗ ਲਗਾ ਦਿੱਤੀ ਗਈ। ਆਲਸੀ ਦੌੜ ਕੇ ਬਾਹਰ ਆ ਗਏ। ਰਾਜੇ ਨੇ ਕਿਹਾ ਤੁਸੀਂ ਆਲਸੀ ਨਹੀਂ ਤੁਸੀਂ ਆਪਣੇ ਬਚਾਅ ਲਈ ਉਦਮ ਕਰ ਸਕਦੇ ਹੋ ਜਿਹੜਾ ਬੰਦਾ ਮੌਤ ਤੋਂ ਬਚਣ ਲਈ ਉੱਦਮ ਕਰ ਸਕਦਾ ਹੈ ਉਹ ਰੋਟੀ ਕਮਾਉਣ ਲਈ ਉੱਦਮ ਕਿਉਂ ਨਹੀਂ ਕਰ ਸਕਦਾ। ਪਰ ਫਿਰ ਵੀ ਕੁਝ ਬੰਦਿਆਂ ਨੇ ਆਲਸੀਆਂ ਦੀ ਲਾਜ ਰੱਖ ਲਈ। ਤਿੰਨ ਬੰਦੇ ਸੜ ਕੇ ਮਰ ਗਏ ਉਹ ਨਹੀਂ ਉਠੇ।

ਆਲਸੀਆਂ ਦੀਆਂ ਬੜੀਆਂ ਕਥਾਵਾਂ ਹਨ। ਇਕ ਬੈਲ ਗੱਡੀ ਵਾਲਾ ਜਾ ਰਿਹਾ ਸੀ। ਅਚਾਨਕ ਦੇਖਿਆ ਕਿ ਦੋ ਬੰਦੇ ਰਾਹ ਵਿਚ ਲੇਟੇ ਹਨ। ਉਸ ਬੈਲ ਗੱਡੀ ਵਾਲੇ ਨੇ ਕਿਹਾ ਕਿ ਭਾਈ ਉਠੋ, ਰਸਤਾ ਛੱਡੋ, ਮੈਂ ਗੱਡੀ ਲੰਘਾਉਣੀ ਹੈ। ਇਕ ਆਲਸੀ ਨੇ ਪਾਸਾ ਪਰਤਿਆ ਤੇ ਕਹਿਣ ਲੱਗਾ ਭਾਈ ਇਸ ਦੂਸਰੇ ਆਲਸੀ ਨੇ ਤਾਂ ਉਠਣਾ

ਨਹੀਂ ਤੂੰ ਮੇਰੀਆਂ ਲੱਤਾਂ ਦੂਸਰੇ ਪਾਸੇ ਕਰ ਕੇ ਗੱਡੀ ਲੰਘਾ ਲੈ। ਬੈਲ ਗੱਡੀ ਵਾਲੇ ਨੇ ਕਿਹਾ, ਮੈਂ ਤੇਰੇ ਉੱਦਮ ਨੂੰ ਪ੍ਰਣਾਮ ਕਰਦਾ ਹਾਂ।

ਮੈਂ ਸੁਣਿਆ ਹੈ ਕਿ ਇਕ ਪਤੀ ਪਤਨੀ ਜੋ ਬਹੁਤ ਵੱਡੇ ਆਲਸੀ ਸਨ ਦੀਵਾ ਵੀ ਵਾਰੀ ਨਾਲ ਹੀ ਬੁਝਾਉਂਦੇ ਸਨ। ਪਤਨੀ ਨੇ ਅੱਜ ਰਾਤ ਕਹਿ ਦਿੱਤਾ ਕਿ ਮਹਾਰਾਜ ਪਤੀ ਪ੍ਰਮੇਸ਼ਰ ਜੀਉ ਅੱਜ ਦੀਵਾ ਬੁਝਾਉਣ ਦੀ ਤੁਹਾਡੀ ਵਾਰੀ ਹੈ। ਪਤੀ ਨੇ ਕਿਹਾ ਅੱਛਾ ਉਠਣਾ ਤੇ ਬੜਾ ਮੁਸ਼ਕਿਲ ਹੈ ਪਰ ਮੈਂ ਵਾਰੀ ਭੁਗਤਾਉਣ ਲਈ ਕੋਈ ਉਪਰਾਲਾ ਕਰਦਾ ਹਾਂ। ਲੰਮੇ ਪਏ ਨੇ ਹੀ ਹੱਥ ਜੋੜੇ ਤੇ ਕਿਹਾ ਹੇ ਦੇਵੀ ਮਾਂ ਜੇਕਰ ਦੀਵਾ ਆਪਣੇ ਆਪ ਬੁਝ ਜਾਵੇ ਤਾਂ ਮੈਂ ਤੇਰੀ ਯਾਤਰਾ ਕਰਨ ਵਾਸਤੇ ਆਵਾਂਗਾ। ਕਰਨਾ ਕਰਤਾਰ ਦਾ ਇਕ ਪਤੰਗਾ ਆਇਆ ਦੀਵੇ ਤੇ ਬੈਠਾ ਆਪ ਸੜ ਗਿਆ ਪਰ ਦੀਵਾ ਬੁਝ ਗਿਆ। ਪਤਨੀ ਹੈਰਾਨ ਹੋ ਗਈ ਤੇ ਕਹਿਣ ਲੱਗੀ, ਹੁਣ ਪਹਾੜਾਂ ਵਿਚ ਦੇਵੀ ਦੀ ਯਾਤਰਾ ਤੇ ਮੈਨੂੰ ਵੀ ਘਸੀਟੋਗੇ। ਤੁਸੀਂ ਸੁਖਣਾ ਸੁੱਖੀ ਸੀ, ਦੀਵਾ ਤਾਂ ਬੁਝ ਗਿਆ ਹੈ। ਪਤੀ ਬੋਲਿਆ, ਤੂੰ ਬਿਲਕੁਲ ਪਾਗਲ ਹੈਂ ਪਰ ਦੇਵੀ ਮਾਂ ਬੜੀ ਸਿਆਣੀ ਹੈ, ਉਸ ਨੂੰ ਪਤਾ ਹੈ ਕਿ ਜਿਹੜਾ ਦੀਵਾ ਬੁਝਾਉਣ ਲਈ ਨਹੀਂ ਉਠਿਆ ਇਹ ਯਾਤਰਾ ਲਈ ਕਦੋਂ ਆਵੇਗਾ। ਇਹ ਤਾਂ ਪਤੰਗੇ ਦੀ ਮਿਹਰਬਾਨੀ ਹੈ ਆਪਾਂ ਦੇਵੀ ਨਾਲੋਂ ਪਤੰਗੇ ਦੀ ਯਾਤਰਾ ਕਰ ਲਵਾਂਗੇ, ਵਿਚਾਰਾ ਸੜ ਕੇ ਮੇਰੀ ਮੰਜੀ ਦੇ ਨੇੜੇ ਹੀ ਡਿੱਗਾ ਹੋਵੇਗਾ।

ਤਿੰਨ ਪਾਪ ਬੜੇ ਮਹਾਨ ਹਨ ਇਨ੍ਹਾਂ ਤੋਂ ਬੱਚ ਕੇ ਰਹਿਣਾ ਚਾਹੀਦਾ ਹੈ, ਇਕ ਤਾਂ ਹੈ ਪਰਮਾਤਮਾ ਤੋਂ ਬੇਮੁਖ ਹੋਣਾ, ਗੁਰੂ ਤੋਂ ਬੇਮੁਖ ਹੋਣਾ, ਪਰਮਾਤਮਾ ਦੀ ਹਸਤੀ ਤੋਂ ਇਨਕਾਰ ਕਰਨਾ ਅਤੇ ਨਿਗੁਰਾ ਰਹਿਣਾ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸਾਰੀ ਦੁਨੀਆਂ ਦੇ ਪਾਪੀ ਤੇ ਪਾਪ ਜੋੜਾਂ ਤਾਂ ਉਸ ਮਨੁੱਖ ਦੇ ਇਕ ਰੋਮ ਦੇ ਬਰਾਬਰ ਨਹੀਂ ਜਿਹੜਾ ਗੁਰੂ ਤੋਂ ਬੇਮੁਖ ਹੈ।

*ਲਖ ਕਰੋੜੀ ਜੋੜੀਐ ਅਨਗਿਨਤ ਅਪਾਰੇ॥*
*ਇਕਤ ਲੁਇ ਨਾ ਪੁਜਨੀ ਬੇਮੁਖ ਗੁਰਦਵਾਰੇ॥*

—ਭਾਈ ਗੁਰਦਾਸ ਜੀ

ਦੂਸਰਾ ਪਾਪ ਹੈ ਕਿਸੇ ਦਾ ਦਿਲ ਤੋੜਨਾ।

ਮਨਸੂਰ ਨੇ ਸ਼ਿਵਲੀ ਨੂੰ ਕਿਹਾ ਸੀ ਲੋਕਾਂ ਮੇਰਾ ਸਰੀਰ ਤੋੜਿਆ ਹੈ ਪਰ ਤੂੰ ਮੇਰਾ ਦਿਲ ਤੋੜਿਆ ਹੈ, ਤੂੰ ਬਹੁਤ ਵੱਡਾ ਗੁਨਾਹ ਕੀਤਾ ਹੈ।

ਬਾਬਾ ਫ਼ਰੀਦ ਜੀ ਕਹਿੰਦੇ ਹਨ—

*ਸਭਨਾ ਮਨ ਮਾਣਿਕ ਠਾਹਣੁ ਮੂਲ ਮਚਾਂਗਵਾ॥*
*ਜੇ ਤਉ ਪਿਰੀਆ ਦੀ ਸਿਕ ਹਿਆਉ ਨਾ ਠਾਹੇ ਕਹੀਦਾ॥*

—ਸਲੋਕ ਫ਼ਰੀਦ ਜੀ, ਪੰਨਾ ੧੩੮੪

Sri Satguru Jagjit Singh Ji eLibrary NamdhariElibrary@gmail.com

ਭਾਵ ਸਾਰਿਆਂ ਦੇ ਮਨ ਵਿਚ ਮਾਨਕ ਰੂਪ ਪ੍ਰਭੂ ਹੈ। ਕਿਸੇ ਦਾ ਦਿਲ ਢਾਹੁਣਾ ਚੰਗਾ ਨਹੀਂ। ਜੇ ਤੈਨੂੰ ਪਿਆਰੇ ਦੇਂ ਮਿਲਣ ਦੀ ਤਾਂਘ ਹੈ ਤਾਂ ਕਿਸੇ ਦਾ ਦਿਲ ਨਾ ਤੋੜ।

ਤੀਸਰਾ ਵੱਡਾ ਪਾਪ ਹੈ ਆਲਸੀ ਹੋਣਾ।

ਆਲਸੀ ਲੁਟਿਆ ਜਾਂਦਾ ਹੈ ਉਸ ਦੇ ਪੱਲੇ ਕੁਝ ਨਹੀਂ ਪੈਂਦਾ। ਉਸ ਦਾ ਅੰਮ੍ਰਿਤ ਵੇਲਾ ਲੁਟਿਆ ਜਾਂਦਾ ਹੈ। ਉਸ ਦੀ ਸੇਵਾ ਲੁਟੀ ਜਾਂਦੀ ਹੈ। ਉਸ ਦਾ ਸਿਮਰਨ ਲੁਟਿਆ ਜਾਂਦਾ ਹੈ। ਸਾਰੇ ਸ਼ੁਭ ਗੁਣਾਂ ਤੋਂ ਸੱਖਣਾ ਰਹਿ ਜਾਂਦਾ ਹੈ, ਆਲਸੀ।

ਇੰਜ ਜਾਪਦਾ ਹੈ ਕਿ ਸਵਰਗਾਂ ਜਾਂ ਬਹਿਸ਼ਤਾਂ ਦੀ ਕਲਪਨਾ ਆਲਸੀਆਂ ਨੇ ਹੀ ਕੀਤੀ ਹੈ। ਆਲਸੀ ਦਾ ਸੁਭਾਅ ਹੈ ਕਿ ਬਿਸਤਰਾ ਕੋਈ ਵਿਛਾਏ, ਸੌਂਵਾਂਗਾ ਮੈਂ। ਭੋਜਨ ਕੋਈ ਪਕਾਏ, ਕੋਈ ਕਮਾਏ, ਖਾਵਾਂਗਾ ਮੈਂ। ਬੰਦਗੀ ਕੋਈ ਕਰੇ ਫਲ ਮੈਨੂੰ ਮਿਲੇ। ਮੈਨੂੰ ਕੁਝ ਵੀ ਨਾ ਕਰਨਾ ਪਵੇ ਸਭ ਕੁਝ ਮਿਲ ਜਾਵੇ। ਸਵਰਗ ਦਾ ਐਸਾ ਹੀ ਹਾਲ ਹੈ। ਕਰਨਾ ਕੁਝ ਵੀ ਨਾ ਪਵੇ ਬਸ ਫੁਰਨਾ ਉਠੇ ਭੋਜਨ ਚਾਹੀਦਾ ਹੈ ਉਸੇ ਵੇਲੇ ਪਰੋਸਿਆ ਹੋਇਆ ਥਾਲ ਸਾਹਮਣੇ ਆ ਜਾਵੇ। ਫਿਰ ਜੋ ਚਿਤਵਾਂ ਉਹੋ ਸਬਜ਼ੀਆਂ, ਹਰ ਤਰ੍ਹਾਂ ਦਾ ਪਕਵਾਨ। ਕੋਈ ਘਰ ਭੋਜਨ ਲਵੇ ਜਾਂ ਹੋਟਲ ਵਿਚ ਆਖ਼ਿਰ ਬਣਾਉਂਦਿਆਂ ਮੰਗਾਉਂਦਿਆਂ ਕੁਝ ਦੇਰੀ ਤਾਂ ਲੱਗ ਹੀ ਜਾਂਦੀ ਹੈ ਪਰ ਸਵਰਗਾਂ ਵਿਚ ਤਾਂ ਕੁਝ ਵੀ ਨਹੀਂ ਕਰਨਾ ਪੈਣਾ। ਸਿਰਫ਼ ਕਲਪਨਾ ਨਾਲ ਹੀ ਸਭ ਕੁਝ ਆ ਜਾਵੇਗਾ। ਅਸਲ ਵਿਚ ਕਲਪਨਾ ਦਾ ਇਹ ਪਸਾਰਾ ਹੈ। ਵਾਸਤਵ ਵਿਚ ਐਸਾ ਸਵਰਗ ਕੋਈ ਨਹੀਂ। ਸਗੋਂ ਐਸਾ ਸੋਚਣ ਵਾਲੇ ਇਹ ਮਿਲੀ ਹੋਈ ਅਮੁੱਲ ਜ਼ਿੰਦਗੀ ਵੀ ਨਰਕ ਬਣਾ ਬੈਠਦੇ ਹਨ।

ਇੰਜ ਜਾਪਦਾ ਹੈ ਕਿ ਸਵਰਗ ਦੀ ਕਲਪਨਾ ਆਲਸੀ ਲੋਭੀਆਂ ਦੀ ਹੈ ਅਤੇ ਨਰਕ ਦੀ ਕਲਪਨਾ ਪਖੰਡੀ ਪੁਜਾਰੀਆਂ ਦੀ ਹੈ। ਮਨੁੱਖ ਨੂੰ ਇਨਾ ਡਰਾ ਦਿੱਤਾ ਕਿ ਉਹ ਸਭ ਕੁਝ ਦੇ ਕੇ ਸਵਰਗਾਂ ਦੀ ਟਿਕਟ ਲੈ ਲਵੇ।

ਕਬੀਰ ਸਾਹਿਬ ਜੀ ਨੇ ਇਕ ਸਲੋਕ ਵਿਚ ਬੜਾ ਸੁੰਦਰ ਫ਼ੁਰਮਾਇਆ ਹੈ–

*ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪ੍ਰਸਾਦਿ॥*
*ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥ ੧੨੦॥*

ਗੁਰਮਤਿ ਨੇ ਪ੍ਰੇਰਨਾ ਦਿੱਤੀ ਹੈ ਕਿ ਜੀਵਨ ਸਵਰਗ ਬਣਾਉਣਾ ਹੈ ਤਾਂ ਫਿਰ ਉੱਦਮ ਕਰ–

*ਉਦਮ ਕਰੇਦਿਆ ਜੀਉ ਤੂੰ ਕਮਾਵਦਿਆਂ ਸੁਖ ਭੁੰਚੁ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥*

–ਗੁਜਰੀ ਵਾਰ ਮਹਲਾ ੫, ਪੰਨਾ ੪੨੨

Sri Satguru Jagjit Singh Ji eLibrary NamdhariElibrary@gmail.com

ਆਲਸ ਤੇ ਮਨਮੁਖਤਾ ਦਾ ਬੜਾ ਪੱਕਾ ਸਬੰਧ ਹੈ। ਮਨਮੁਖ ਨੂੰ ਬਹੁਤ ਆਲਸ ਹੁੰਦਾ ਹੈ। ਐਸੇ ਬੰਦੇ ਦਾ ਜੀਵਨ ਹਰ ਪਾਸਿਉਂ ਉਜੜਿਆ ਹੁੰਦਾ ਹੈ। ਉਹ ਉਜਾੜ ਵਿਚ ਹੀ ਫਸਿਆ ਹੁੰਦਾ ਹੈ ਜਿਸ ਵਿਚੋਂ ਮੋਖ ਦਾ ਦਰਵਾਜ਼ਾ ਲੱਭਣਾ ਔਖਾ ਹੁੰਦਾ ਹੈ।

*ਮਨਮੁਖ ਕਉ ਆਲਸ ਘਣੋ ਫਾਥੇ ਓਜਾੜੀ।*

—ਮਾਰੂ ਮਹਲਾ ੧, ਪੰਨਾ ੧੦੧੧

ਆਮ ਕਰਕੇ ਤਾਂ ਬੰਦਾ ਆਲਸੀ ਹੈ ਹਾਂ ਜੇ ਕਿਤੇ ਉੱਦਮੀ ਬਣਦਾ ਹੈ ਤਾਂ ਸਿਰਫ ਬੁਰਿਆਈ ਵਾਸਤੇ ਉੱਦਮੀ ਬਣਦਾ ਹੈ। ਭਲੇ ਕੰਮ ਲਈ ਇਹ ਆਲਸੀ ਹੀ ਰਹਿੰਦਾ ਹੈ। ਸ਼ੇਰ ਬਣਦਾ ਹੈ ਤਾਂ ਸਿਰਫ਼ ਬੁਰਿਆਈ ਵਾਸਤੇ—

*ਚੰਗਿਆਈ ਆਲਕ ਕਰੇ ਬੁਰਿਆਈ ਹੋਇ ਸੇਰ॥*

—ਗੁਜਰੀ ਵਾਰ ਮਹਲਾ ੫, ਪੰਨਾ ੫੧੮

ਪਰ ਕੁਝ ਤਾਂ ਐਸੇ ਹਨ ਚੰਗਿਆਈ ਲਈ ਵੀ ਆਲਸੀ ਹਨ ਬੁਰਿਆਈਆਂ ਲਈ ਵੀ ਆਲਸੀ ਹਨ। ਬਿਲਕੁਲ ਹੀ ਮੁਰਦਾ ਹਨ। ਜਿਹੜਾ ਬੰਦਾ ਬੁਰਿਆਈਆਂ ਲਈ ਸ਼ੇਰ ਹੈ ਇਸ ਵਿਚ ਕੁਝ ਸ਼ੇਰਪੁਣਾ ਹੈ। ਉਸ ਨੂੰ ਜੇਕਰ ਬਦਲਿਆ ਜਾਵੇ ਤਾਂ ਇਹ ਬੁਰਿਆਈ ਛੱਡ ਕੇ ਚੰਗਿਆਈਆਂ ਲਈ ਆਪਣਾ ਸ਼ੇਰਪਣਾ ਵਰਤੇਗਾ। ਕੌਡੇ ਰਾਕਸ਼ ਦੇ ਅੰਦਰ ਸ਼ੇਰਪਣਾ ਸੀ, ਸ਼ਕਤੀ ਸੀ। ਸੱਜਣ ਠੱਗ ਦੇ ਅੰਦਰ ਸ਼ਕਤੀ ਸੀ। ਭੂਮੀਏ ਚੋਰ ਦੇ ਅੰਦਰ ਸ਼ਕਤੀ ਸੀ। ਭਾਈ ਬਿਧੀ ਚੰਦ ਦੇ ਅੰਦਰ ਸ਼ਕਤੀ ਸੀ। ਇਨ੍ਹਾਂ ਦੇ ਅੰਦਰ ਸ਼ੇਰਪਣ ਸੀ, ਪਰ ਬੁਰਿਆਈ ਵਾਸਤੇ ਸੀ। ਸਤਿਗੁਰਾਂ ਨੇ ਦਿਸ਼ਾ ਬਦਲ ਦਿੱਤੀ, ਸਤਸੰਗੀ ਬਣਾ ਦਿਤਾ, ਵਿਵੇਕੀ ਬਣਾ ਦਿੱਤਾ। ਉਹੀ ਬੰਦੇ ਜੋ ਬੰਦੇ ਨੂੰ ਖਾ ਜਾਂਦੇ ਸਨ ਹੁਣ ਉਹੀ ਸ਼ੇਰਪਣ ਸੇਵਾ ਵਿਚ ਲੱਗ ਗਿਆ ਉਹ ਮਹਾਨ ਪਰਉਪਕਾਰੀ ਸਿੱਧ ਹੋਏ ਸਨ। ਪਰ ਜਿਹੜਾ ਬਿਲਕੁਲ ਮੁਰਦਾ ਹੈ ਉਹ ਤਾਂ ਕਿਸੇ ਪਾਸੇ ਚੱਲਣ ਜੋਗਾ ਨਹੀਂ, ਆਲਸੀ ਹੈ। ਅਗਰ ਸਤਿਸੰਗਤ ਪ੍ਰਾਪਤ ਹੋ ਜਾਏ ਤਾਂ ਆਲਸ ਰੂਪੀ ਰੋਗ ਮੁਕ ਸਕਦਾ ਹੈ। ਸਤਿਸੰਗ ਵਿਚ ਉਦਮ ਨਾਲ ਪੁਜੇਗਾ। ਪਰਮਾਤਮਾ ਦਾ ਨਾਮ ਜਪਣ ਲਈ ਆਲਸ ਮਾਰਨਾ ਹੀ ਪਵੇਗਾ। ਅੰਮ੍ਰਿਤ ਵੇਲੇ ਉਠਣਾ, ਨਾਮ ਜਪਣਾ ਤੇ ਸੰਗਤ ਵਿਚ ਪੁਜਣਾ ਇਹ ਆਲਸੀ ਬੰਦੇ ਦਾ ਕੰਮ ਨਹੀਂ। ਜਦੋਂ ਕੋਈ ਸੇਵਕ ਜੁੜ ਜਾਂਦਾ ਹੈ ਤਾਂ ਵੇਖਣ ਵਾਲੇ ਹੈਰਾਨ ਹੋ ਜਾਂਦੇ ਹਨ ਤੇ ਕਹਿਣਾ ਪੈਂਦਾ ਹੈ—

*ਮੋਹ ਮਲਨ ਨੀਂਦ ਤੇ ਛੁਟਕੀ ਕਉਨੁ ਅਨਗ੍ਰਹੁ ਭਇਓ ਰੀ॥*
*ਮਹਾ ਮੋਹਨੀ ਤੁਧੁ ਨਾ ਵਿਆਪੈ ਤੇਰਾ ਆਲਸ ਕਹਾ ਗਇਓ ਰੀ॥ ਰਹਾਉ॥*

—ਆਸਾ ਮਹਲਾ ੫, ਪੰਨਾ ੩੮੩

ਜੀਵਨ ਦਾ ਲਕਸ਼ ਸਿਰਫ਼ ਰੋਟੀ ਹੋਵੇ। ਫਿਰ ਬੰਦਾ ਉਦਮੀ ਹੋਵੇ, ਸਦਾ ਉਦਮੀ

Sri Satguru Jagjit Singh Ji eLibrary NamdhariElibrary@gmail.com

ਰਹੇ ਇਹ ਕਠਿਨ ਹੈ। ਜਦੋਂ ਘਰ ਵਿਚ ਧਨ ਖੁੱਲ੍ਹਾ ਹੋ ਜਾਵੇ ਫਿਰ ਬੰਦਾ ਆਲਸੀ ਹੋ ਜਾਂਦਾ ਹੈ। ਇਕ ਸਮਾਂ ਮਨੁੱਖ ਤੇ ਐਸਾ ਆਉਂਦਾ ਹੈ ਜਦੋਂ ਮਨੁੱਖ ਪੈਸਾ ਕਮਾਉਂਦਾ ਹੈ ਪਰ ਫਿਰ ਇਕ ਸਮਾਂ ਐਸਾ ਆ ਜਾਂਦਾ ਹੈ ਜਦੋਂ ਪੈਸੇ ਨੂੰ ਪੈਸਾ ਕਮਾਉਂਦਾ ਹੈ। ਫਿਰ ਮਨੁੱਖ ਚਾਹੁੰਦਾ ਹੈ ਥੋੜ੍ਹੇ ਪੈਸੇ ਖਰਚ ਕਰਾਂ ਅਤੇ ਕੰਮ ਕਿਸੇ ਹੋਰ ਕੋਲੋਂ ਕਰਵਾ ਲਵਾਂ। ਘਰ ਦੀਆਂ ਸਫਾਈਆਂ, ਰਸੋਈ ਦਾ ਕੰਮ, ਕੱਪੜੇ ਧੋਣਾ, ਸਭ ਨੌਕਰਾਂ ਪਾਸੋਂ ਕਰਾਉਂਦਾ ਹੈ। ਸੱਚ ਤਾਂ ਇਹ ਹੈ ਕਿ ਕਦੀ ਪੇਟ ਦੀ ਮਜਬੂਰੀ ਨਾ ਹੁੰਦੀ ਤਾਂ ਇਸੇ ਨੇ ਜ਼ਰੂਰ ਕਹਿਣਾ ਸੀ ਕਿ ਖਾਣਾ ਵੀ ਮੇਰੀ ਥਾਂ ਨੌਕਰ ਹੀ ਖਾ ਲਵੇ। ਪਰ ਮਜਬੂਰੀ ਹੈ ਖਾਧਿਆਂ ਬਿਨਾਂ ਗੁਜ਼ਾਰਾ ਨਹੀਂ ਹੁੰਦਾ।

ਜਦੋਂ ਰੋਟੀ ਬੇਫ਼ਿਕਰੀ ਨਾਲ ਚੱਲ ਰਹੀ ਹੈ, ਪੈਸਾ ਘਰ ਵਿਚ ਬਹੁਤ ਹੈ, ਹੁਣ ਉੱਦਮ ਮਨੁੱਖ ਕਿਉਂ ਕਰੇ ਤੇ ਕਾਹਦੇ ਵਾਸਤੇ ਕਰੇ। ਥੋੜ੍ਹੀ ਬਹੁਤ ਮਿਹਨਤ ਕਰਨੀ ਵੀ ਪਈ ਤਾਂ ਟੈਲੀਫ਼ੋਨ ਤੇ ਵੀ ਗੱਲ ਕਰਨ ਲਈ ਨੌਕਰ ਨੂੰ ਹੀ ਕਹਿ ਦਿੱਤਾ ਕਿ ਮੇਰੇ ਕੋਲ ਹੀ ਲੈ ਆ। ਉੱਦਮ ਹੁਣ ਕਿਵੇਂ ਹੋਵੇ। ਗਰੀਬ ਹੋ ਕੇ ਅਜੇ ਕੋਈ ਉੱਦਮੀ ਹੈ ਤਾਂ ਰੋਟੀ ਦੀ ਮਜਬੂਰੀ ਹੈ। ਧੰਨਵਾਨ ਹੋ ਕੇ ਵੀ ਕੋਈ ਉੱਦਮੀ ਹੈ ਤਾਂ ਇਹ ਰੋਟੀ ਤੋਂ ਅੱਗੇ ਦੀ ਗੱਲ ਸ਼ੁਰੂ ਹੋ ਗਈ ਹੈ। ਹੁਣ ਇਹ ਰਿਜ਼ਕ ਵਾਸਤੇ ਨਹੀਂ ਅੰਮ੍ਰਿਤ ਵੇਲੇ ਉਠ ਰਿਹਾ, ਰਾਜ਼ਕ ਵਾਸਤੇ ਉਠ ਰਿਹਾ ਹੈ। ਹੁਣ ਇਹ ਮਾਇਆ ਵਾਸਤੇ ਨਹੀਂ ਮਾਲਕ ਵਾਸਤੇ ਘਾਲਣਾ ਘਾਲ ਰਿਹਾ ਹੈ। ਅੱਗੇ ਧਨ ਵਾਸਤੇ ਕਈ ਰਾਤਾਂ ਉਨੀਂਦਰਾ ਰਹਿੰਦਾ ਸੀ ਹੁਣ ਪਰਮਾਤਮਾ ਵਾਸਤੇ ਜਾਗਦਾ ਹੈ। ਜੀਵਨ ਵਿਚ ਉਦਮ ਹੈ ਆਲਸ ਨਹੀਂ। ਉਦਮ ਰਹਿ ਹੀ ਤਾਂ ਸਕਦਾ ਹੈ ਜੇ ਪ੍ਰਭੂ ਪਿਆਰ ਹੋਵੇ। ਪ੍ਰਭੂ ਦੀ ਇੰਤਜ਼ਾਰ ਹੋਵੇ ਕਿ ਇਸ ਜਨਮ ਵਿਚ ਹੀ ਉਸ ਨੇ ਮਿਲਣਾ ਹੈ। ਮੈਂ ਕਿਤੇ ਸੌਂ ਨਾ ਜਾਵਾਂ ਮੈਂ ਸੁਚੇਤ ਹੋ ਕੇ ਜਾਗ ਕੇ ਰਹਾਂ। ਆਲਸ ਵਿਚ ਕਿਤੇ ਸੌਂ ਨਾ ਜਾਵਾਂ ਲੁਟਿਆ ਨਾ ਜਾਵਾਂ।

*ਮਨ ਮੇਰੇ ਅਨਦਿਨੁ ਜਾਗ ਹਰਿ ਚੇਤਿ॥*
*ਅਪਨੀ ਖੇਤੀ ਰਖਿ ਲੈ ਕੂੰਜ ਪੜੇਗੀ ਖੇਤਿ॥*

—ਸਿਰੀ ਰਾਗ ਮਹਲਾ ੩, ਪੰਨਾ ੩੪

ਗੁਰਮੁਖ ਨੇ ਜੋ ਸੇਵਾ ਵੀ ਕਰਨੀ ਹੈ ਉਸ ਵਿਚ ਆਲਸ ਨੂੰ ਨੇੜੇ ਨਹੀਂ ਆਉਣ ਦੇਣਾ। ਜਿਵੇਂ ਹਾਥੀ ਸਿਰ ਤੇ ਅੰਕੁਸ ਸਹਾਰਦਾ ਹੈ, ਇਸ ਤਰ੍ਹਾਂ ਗੁਰੂ ਦੀਆਂ ਚੋਟਾਂ ਸਹਾਰਨੀਆਂ ਹਨ। ਮਨ ਤਨ ਗੁਰੂ ਦੇ ਅੱਗੇ ਰੱਖ ਕੇ ਸੁਚੇਤ ਹੋ ਕੇ ਸੇਵਾ ਕਰਦਾ ਹੈ।

*ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥*
*ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥*
*ਇਉ ਗੁਰਮੁਖਿ ਆਪੁ ਨਿਵਾਰੀਐ ਸਭ ਰਾਜ ਸ੍ਰਿਸਟਿ ਕਾ ਲੇਇ॥*

—ਸੋਰਠਿ ਵਾਰ ਮਹਲਾ ੫, ਪੰਨਾ ੬੪੭

Sri Satguru Jagjit Singh Ji eLibrary NamdhariElibrary@gmail.com

ਬਾਰਹ ਮਾਹ ਮਾਂਝ ਵਿਚ ਸਤਿਗੁਰਾਂ ਦਾ ਬਚਨ ਹੈ–

*ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥*

—ਮਾਝ ਮਹਲਾ ੫, ਪੰਨਾ ੧੩੫

ਪ੍ਰਭੂ ਦਾ ਪਿਆਰ ਤੇ ਇੰਤਜ਼ਾਰ ਹੀ ਮਨੁੱਖ ਨੂੰ ਆਲਸ ਤੋਂ ਉੱਪਰ ਰੱਖਦਾ ਹੈ, ਸੁਚੇਤ ਕਰਦਾ ਹੈ। ਜਿਵੇਂ ਕਿਸੇ ਸੁਹਾਗਣ ਨੂੰ ਖ਼ਬਰ ਮਿਲੀ ਕਿ ਅੱਜ ਠੀਕ ਰਾਤ ਦੇ ਬਾਰਾਂ ਵਜੇ ਮੇਰੇ ਪਤੀ ਨੇ ਗੱਡੀ ਤੋਂ ਉਤਰ ਕੇ ਆਉਣਾ ਹੈ। ਬਿਸਤਰਾ ਬੜਾ ਸੁੰਦਰ ਹੈ, ਘਰ ਸੁੰਦਰ ਹੈ, ਭੋਜਨ ਚੰਗੇ ਹਨ ਪਰ ਅੱਜ ਨਾ ਭੋਜਨ ਛਕਿਆ ਹੈ, ਨਾ ਨੀਂਦ ਆਉਂਦੀ ਹੈ। ਉਡੀਕ ਵਿਚ ਬੈਠੀ ਹੈ। ਜੇਕਰ ਕੋਈ ਪੁਛੇ ਸਾਰਾ ਪ੍ਰਬੰਧ ਅੱਛਾ ਹੈ, ਤੈਨੂੰ ਘਾਟ ਕੋਈ ਨਹੀਂ, ਤੂੰ ਕਿਉਂ ਨਹੀਂ ਸੌਂਦੀ ਤਾਂ ਉਸ ਵਲੋਂ ਉੱਤਰ ਇਹੀ ਮਿਲੇਗਾ ਕਿ ਮੇਰੇ ਪਤੀ ਨੇ ਅੱਜ ਆਉਣਾ ਹੈ, ਮੈਂ ਉਡੀਕ ਵਿਚ ਹਾਂ। ਪਤੀ ਚਿਰ ਮਗਰੋਂ ਘਰ ਆਵੇ ਤਾਂ ਮੈਂ ਘਰ ਸੁੱਤੀ ਮਿਲਾਂ। ਇਹ ਪਤੀ ਦਾ ਆਦਰ ਨਹੀਂ, ਨਿਰਾਦਰ ਹੈ। ਮੈਂ ਸੁਚੇਤ ਮਿਲਾਂਗੀ, ਦਰਵਾਜ਼ੇ ਵਿਚ ਉਸ ਦਾ ਰਾਹ ਉਡੀਕਦੀ ਮਿਲਾਂਗੀ। ਸੰਤ ਜਨ ਇਸੇ ਤਰ੍ਹਾਂ ਸੁਚੇਤ ਹੋ ਕੇ ਰੱਬ ਦਾ ਰਾਹ ਉਡੀਕਦੇ ਹਨ, ਪਤਾ ਨਹੀਂ ਕਦੋਂ ਆ ਜਾਵੇ, ਯਾਦ ਕਰਦੇ ਹਨ। ਕਬੀਰ ਸਾਹਿਬ ਜੀ ਇਸ ਅਵਸਥਾ ਦਾ ਇਉਂ ਵਰਨਣ ਕਰਦੇ ਹਨ–

*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥*
*ਉਰ ਨਾ ਭੀਜੈ ਪਗੁ ਨਾ ਖਿਸੈ ਹਰਿ ਦਰਸਨੁ ਕੀ ਆਸਾ ॥*
*ਉਡਹੁ ਨਾ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੈ ਰਾਮ ਪਿਆਰੇ ॥ ਰਹਾਉ ॥*
*ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥*
*ਏਕ ਅਧਾਰੁ ਨਾਮੁ ਨਰਾਇਨ ਰਸਨਾ ਰਾਮ ਰਵੀਜੈ ॥*

—ਗਉੜੀ ਕਬੀਰ ਜੀ ਪੰਨਾ ੩੩੭

ਪ੍ਰਭੂ ਪਿਆਰ ਵਿਚ ਇਕ ਚਾਅ ਹੁੰਦਾ ਹੈ, ਉਤਸ਼ਾਹ ਹੁੰਦਾ ਹੈ, ਜੀਵਨ ਦਾ ਮੰਗਲ ਹੁੰਦਾ ਹੈ। ਫਿਰ ਐਸੇ ਹਿਰਦੇ ਵਿਚ, ਐਸੇ ਮਨ ਵਿਚ ਆਲਸ ਲਈ ਥਾਂ ਕਿਥੇ ਹੈ।

ਇਕ ਗੱਲ ਸਪੱਸ਼ਟ ਹੈ ਕਿ ਜਿਹੜਾ ਮਨੁੱਖ ਆਲਸੀ ਹੈ ਉਹ ਪ੍ਰਭੂ ਪਿਆਰ ਤੋਂ ਸੱਖਣਾ ਹੈ। ਪਰਮਾਤਮਾ ਨਾਲ ਉਸਦਾ ਕੋਈ ਵਾਹ ਨਹੀਂ ਬਣਿਆ ਅਤੇ ਆਲਸੀ ਤਮੋ ਗੁਣੀ ਹੈ।

ਕਪਲ ਰਿਸ਼ੀ ਅਨੁਸਾਰ ਆਲਸ ਅਗਨੀ ਦਾ ਗੁਣ ਹੈ। ਆਲਸੀ ਕ੍ਰੋਧੀ ਹੋਵੇਗਾ। ਉਹ ਕਰਦਾ ਕੁਝ ਵੀ ਨਹੀਂ ਮੰਗਦਾ ਬਹੁਤ ਕੁਝ ਹੈ। ਆਪ ਤਾਂ ਕੁਝ ਕਰਨਾ ਨਹੀਂ, ਦੂਸਰਿਆਂ ਵੱਲ ਵੇਖ ਕੇ ਸੜੇਗਾ, ਈਰਖਾ ਕਰੇਗਾ। ਅਕਸਰ ਤਾਮਸੀ ਬੰਦੇ ਆਲਸੀ ਹੁੰਦੇ ਹਨ ਅਤੇ ਈਰਖਾਲੂ ਹੁੰਦੇ ਹਨ ਅਤੇ ਦਿਨ-ਰਾਤ ਇਕ ਕੰਮ ਹੁੰਦਾ ਹੈ ਕਿ

Sri Satguru Jagjit Singh Ji eLibrary NamdhariElibrary@gmail.com

ਦੂਸਰਿਆਂ ਦੀ ਆਲੋਚਨਾ ਕਿਵੇਂ ਕਰਨੀ ਹੈ। ਆਲਸੀ ਪਾਪਾਂ ਦਾ ਭੰਡਾਰ ਬਣ ਜਾਂਦਾ ਹੈ। ਉੱਦਮੀ ਬੰਦਾ ਅਗਰ ਰੋਟੀ ਕਮਾਉਣ ਤੋਂ ਬਾਅਦ ਸੇਵਾ ਵਿਚ ਜੁਟ ਜਾਏ ਮਨ ਸਿਮਰਨ ਵਿਚ, ਤਨ ਸੇਵਾ ਵਿਚ ਲੱਗ ਜਾਏ ਤਾਂ ਆਪ ਤਾਂ ਤਰਦਾ ਹੀ ਹੈ ਸੰਸਾਰ ਨੂੰ ਵੀ ਤਾਰ ਲੈਂਦਾ ਹੈ। ਪਰ ਇਸਦੇ ਉਲਟ ਆਲਸੀ ਬੰਦਾ ਆਪ ਤਾਂ ਡੁਬਦਾ ਹੀ ਹੈ ਅਨੇਕਾਂ ਨੂੰ ਨਾਲ ਲੈ ਕੇ ਡੁਬਦਾ ਹੈ।

ਇਸੇ ਲਈ ਭਾਈ ਗੁਰਦਾਸ ਜੀ ਆਲਸ 'ਤੇ ਗਹਿਰੀ ਚੋਟ ਕਰਦੇ ਹੋਏ ਸਿੱਖ ਦਾ ਨਿਤਾਪ੍ਰਤੀ ਨੇਮ ਲਿਖਦੇ ਹਨ–

*ਕੁਰਬਾਨੀ ਤਿਨਾਂ ਗੁਰਸਿਖਾਂ ਪਿਛਲ ਰਾਤੀ ਉਠ ਬਹੰਦੇ॥*
*ਕੁਰਬਾਨੀ ਤਿਨਾਂ ਗੁਰਸਿਖਾਂ ਅੰਮ੍ਰਿਤ ਵੇਲੇ ਸਰ ਨਾਵੰਦੇ॥*
*ਕੁਰਬਾਨੀ ਤਿਨਾਂ ਗੁਰਸਿਖਾਂ ਇਕ ਮਨ ਹੋਇ ਗੁਰ ਜਾਪ ਜਪੰਦੇ॥*
*ਕੁਰਬਾਨੀ ਤਿਨਾਂ ਗੁਰਸਿਖਾਂ ਸਾਧ ਸੰਗਤਿ ਚਲ ਜਾਇ ਜੁੜੰਦੇ॥*
*ਕੁਰਬਾਨੀ ਤਿਨਾਂ ਗੁਰਸਿਖਾਂ ਗੁਰਬਾਣੀ ਨਿਤ ਗਾਇ ਸੁਣੰਦੇ॥*
*ਕੁਰਬਾਨੀ ਤਿਨਾਂ ਗੁਰਸਿਖਾਂ ਮਨਮੇਲੀ ਕਰ ਮੇਲ ਮਿਲੰਦੇ॥*
*ਕੁਰਬਾਨੀ ਤਿਨਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥*
*ਗੁਰ ਸੇਵਾ ਫਲੋ ਸੁਫ਼ਲ ਫਲੰਦੇ॥*

ਸਤਿਗੁਰੂ ਅਮਰਦਾਸ ਜੀ ਰਾਤ ਨੂੰ ਕਿੱਲੀ ਫੜ ਕੇ ਖੜ੍ਹੇ ਰਹਿੰਦੇ ਸਨ ਅਤੇ ਬਾਣੀ ਪੜ੍ਹਦੇ ਰਹਿੰਦੇ ਸਨ। ਸਿਮਰਨ ਕਰਦੇ ਰਹਿੰਦੇ ਸਨ। ਜਦੋਂ ਕੁਝ ਸਿੱਖਾਂ ਨੇ ਪੁੱਛਿਆ ਕਿ ਸਤਿਗੁਰੂ ਜੀ ਹੁਣ ਤੁਹਾਨੂੰ ਇਸ ਘਾਲਣਾ ਦੀ ਕੀ ਜ਼ਰੂਰਤ ਹੈ ਤਾਂ ਸਤਿਗੁਰਾਂ ਨੇ ਕਿਹਾ ਕਿ ਪਹਿਲਾਂ ਇਹ ਘਾਲ ਇਸ ਲਈ ਸੀ ਕੁਝ ਪ੍ਰਾਪਤ ਹੋਵੇ। ਪਰ ਪ੍ਰਾਪਤੀ ਤੋਂ ਬਾਅਦ ਪਤਾ ਲੱਗਾ ਹੈ ਕਿ ਸਿਮਰਨ ਦਾ ਉੱਦਮ ਹੀ ਪ੍ਰਾਪਤੀ ਹੈ। ਇਸ ਦਾ ਐਸਾ ਰਸ ਆ ਗਿਆ ਹੈ ਹੁਣ ਇਹ ਛੱਡਿਆ ਨਹੀਂ ਜਾਂਦਾ। ਮੈਂ ਚਾਹੁੰਦਾ ਹਾਂ ਜੇ ਕਿੱਲੀ ਫੜਿਆਂ ਹੀ ਆਲਸ ਦੂਰ ਰਹੇ ਤੇ ਪ੍ਰਭੂ ਸਿਮਰਨ ਦਾ ਉਦਮ ਬਣਿਆ ਰਹੇ ਤਾਂ ਮੈਨੂੰ ਇਹ ਵੀ ਪ੍ਰਵਾਨ ਹੈ। ਮੈਂ ਚਾਹੁੰਦਾ ਹਾਂ ਜਦੋਂ ਤੱਕ ਸਵਾਸ ਚੱਲ ਰਿਹਾ ਹੈ ਮੇਰੇ ਨੇੜੇ ਆਲਸ ਨਾ ਆਵੇ। ਤਮੋਗੁਣੀ ਆਲਸ ਦੀ ਘੋਰ ਨਿੰਦ੍ਰਾ ਵਿਚੋਂ ਜਾਗ ਕੇ ਸੇਵਾ ਸਿਮਰਨ ਦੇ ਉੱਦਮ ਤੱਕ ਪੁੱਜਣਾ, ਇਹੀ ਹੈ ਧਰਮ ਦੀ ਯਾਤਰਾ।

**

Sri Satguru Jagjit Singh Ji eLibrary NamdhariElibrary@gmail.com

# 8 ਜੈਸੀ ਦ੍ਰਿਸ਼ਟੀ ਤੈਸੀ ਸ੍ਰਿਸ਼ਟੀ

ਭਾਈ ਗੁਰਦਾਸ ਜੀ ਨੇ ਇਕ ਬੜੀ ਸੁੰਦਰ ਕਥਾ ਲਿਖੀ ਹੈ ਕਿ ਕ੍ਰਿਸ਼ਨ ਜੀ ਬੈਠੇ ਸਨ, ਦੁਰਯੋਧਨ ਆ ਗਿਆ ਤੇ ਆ ਕੇ ਕਹਿਣ ਲੱਗਾ, ਭਗਵਾਨ ਕੀ ਕਾਰਨ ਹੈ ਆਪ ਪ੍ਰੇਸ਼ਾਨ ਬੈਠੇ ਹੋ। ਦੁਰਯੋਧਨ ਆਪ ਪ੍ਰੇਸ਼ਾਨ ਹੈ ਉਸ ਨੂੰ ਭਗਵਾਨ ਵੀ ਪ੍ਰੇਸ਼ਾਨ ਹੀ ਨਜ਼ਰ ਆਉਂਦੇ ਹਨ। ਭਗਵਾਨ ਕ੍ਰਿਸ਼ਨ ਨੇ ਕਿਹਾ ਹਾਂ ਕਈ ਵਾਰ ਐਸੇ ਬੁਰੇ ਬੰਦੇ ਮਿਲ ਜਾਂਦੇ ਹਨ ਜਿਨ੍ਹਾਂ ਦੇ ਦਰਸ਼ਨ ਕਰਕੇ ਮਨ ਪ੍ਰੇਸ਼ਾਨ ਹੋ ਜਾਂਦਾ ਹੈ। ਅੱਜ ਮੈਂ ਚਾਹੁੰਦਾ ਹਾਂ ਕੋਈ ਐਸਾ ਸ਼ਾਂਤ ਮਨੁੱਖ ਮਿਲੇ ਜਿਸਦੇ ਦਰਸ਼ਨ ਕਰਕੇ ਮਨ ਸ਼ਾਂਤ ਹੋ ਜਾਵੇ। ਜੇਕਰ ਤੂੰ ਐਸਾ ਕੋਈ ਚੰਗਾ ਪੁਰਸ਼ ਲੱਭ ਕੇ ਲਿਆ ਸਕੇਂ ਤਾਂ ਮੈਂ ਤੇਰਾ ਧੰਨਵਾਦੀ ਹੋਵਾਂਗਾ। ਦੁਰਯੋਧਨ ਕ੍ਰਿਸ਼ਨ ਦਾ ਕਿਹਾ ਮੰਨ ਕੇ ਚੰਗੇ ਬੰਦੇ ਦੀ ਖੋਜ ਵਿਚ ਚਲਾ ਗਿਆ। ਇਸ ਦੇ ਜਾਣ ਦੀ ਢਿੱਲ ਸੀ ਕਿ ਮਗਰੋਂ ਯੁਧਿਸ਼ਟਰ ਆ ਗਿਆ ਤੇ ਉਸ ਨੇ ਆਉਂਦਿਆਂ ਹੀ ਕਿਹਾ ਮਹਾਰਾਜ ਅੱਜ ਪ੍ਰਸੰਨ ਦਿਖਾਈ ਦੇ ਰਹੇ ਹੋ, ਬੜੇ ਸ਼ਾਂਤ ਦਿਖਾਈ ਦੇ ਰਹੇ ਹੋ, ਅੱਜ ਬੜੇ ਬਖਸ਼ੰਦ ਦਿਖਾਈ ਦੇ ਰਹੇ ਹੋ। ਅੱਜ ਤਾਂ ਕੋਈ ਵੱਡੇ ਤੋਂ ਵੱਡਾ ਪਾਪੀ ਬੁਰਾ ਬੰਦਾ ਚਾਹੀਦਾ ਸੀ ਜੋ ਤੁਹਾਡੇ ਸਾਹਮਣੇ ਹੋ ਜਾਂਦਾ ਤੇ ਉਸਦੇ ਸਾਰੇ ਪਾਪ ਖਿਮਾ ਹੋ ਜਾਂਦੇ। ਅਸਲ ਵਿਚ ਯੁਧਿਸ਼ਟਰ ਆਪ ਅਨੰਦਿਤ ਸੀ, ਪ੍ਰਸੰਨ ਸੀ। ਕਿਸੇ ਦੀ ਭੁੱਲ ਖਿਮਾ ਕਰਕੇ ਆਇਆ ਸੀ। ਕ੍ਰਿਸ਼ਨ ਜੀ ਨੇ ਕਿਹਾ ਫਿਰ ਇਹ ਪਰਉਪਕਾਰ ਦਾ ਕੰਮ ਤੈਨੂੰ ਜ਼ਰੂਰ ਕਰਨਾ ਚਾਹੀਦਾ ਹੈ। ਛੇਤੀ ਜਾ ਕੋਈ ਬੁਰਾ ਬੰਦਾ ਲੱਭ ਕੇ ਲਿਆ, ਬਖਸ਼ ਦੇਈਏ। ਯੁਧਿਸ਼ਟਰ ਝਟ ਚਲਾ ਗਿਆ। ਸਵੇਰ ਦੇ ਦੋਵੇਂ ਗਏ ਯੁਧਿਸ਼ਟਰ ਅਤੇ ਦੁਰਯੋਧਨ ਖ਼ਾਲੀ ਵਾਪਸ ਆ ਗਏ। ਦੁਰਯੋਧਨ ਨੂੰ ਕੋਈ ਚੰਗਾ ਨਹੀਂ ਲੱਭਾ, ਆਪਣੇ ਔਗੁਣ ਹਰ ਇਕ ਵਿਚ ਨਜ਼ਰ ਆਉਂਦੇ ਸਨ। ਯੁਧਿਸ਼ਟਰ ਨੂੰ ਕੋਈ ਬੁਰਾ ਨਹੀਂ ਲੱਭਾ ਹਰ ਇਕ ਵਿਚ ਉਸ ਨੂੰ ਆਪਣੇ ਹੀ ਗੁਣ ਨਜ਼ਰ ਆਉਂਦੇ ਸਨ। ਭਾਈ ਗੁਰਦਾਸ ਜੀ ਲਿਖਦੇ ਸਨ—

*ਆਪ ਭਲਾ ਸਭ ਜਗ ਭਲਾ, ਭਲਾ ਭਲਾ ਸਭ ਜਗ ਕਰ ਦੇਖੈ।*
*ਆਪ ਬੁਰਾ ਸਭ ਜਗ ਬੁਰਾ, ਸਭ ਕੋ ਬੁਰਾ ਬੁਰੇ ਦੇ ਲੇਖੈ।*
*ਕ੍ਰਿਸ਼ਨ ਸਹਾਈ ਪਾਂਡਵਾਂ ਭਾਇ ਭਗਤ ਕਰਤੂਤ ਵਿਸੇਖੈ।*
*ਭਲਾ ਬੁਰਾ ਪ੍ਰਵੰਨਿਆ ਭਾਲਨ ਗਇਆ ਨਾ ਦ੍ਰਿਸ਼ਟ ਸਰੇਖੈ।*

ਬੁਰਾ ਨਾ ਕੋਈ ਯੁਧਿਸ਼ਟਰੈ ਦੁਰਯੋਧਨ ਕੋਈ ਭਲਾ ਨਾ ਦੇਖੈ।
ਕਰਵੈ ਹੋਇ ਸੁ ਟੋਟੀ ਰੇਖੈ।

ਜੋ ਲੋਟੇ ਵਿਚ ਹੋਵੇਗਾ ਉਹੀ ਟੂਟੀ ਵਿਚੋਂ ਬਾਹਰ ਆਵੇਗਾ। ਜੋ ਮਨੁੱਖ ਦੇ ਅੰਦਰ ਹੈ ਉਹੀ ਬਾਹਰ ਨਜ਼ਰੀਂ ਆਵੇਗਾ। ਇਕ ਬੜੀ ਸੁੰਦਰ ਕਹਾਣੀ ਹੈ ਕਿ ਇਕ ਵਾਰ ਇਕ ਮਨੁੱਖ ਮਰ ਗਿਆ। ਉਸਦੀ ਅਰਥੀ ਜਾ ਰਹੀ ਸੀ। ਲੋਕ ਉਸਦੀ ਅਰਥੀ ਨਾਲ ਜਾ ਰਹੇ ਸਨ। ਜਿੰਨਾ-ਜਿੰਨਾ ਕਿਸੇ ਦਾ ਸੰਬੰਧ ਸੀ ਉਹ ਉਦਾਸ ਦਿੱਸ ਰਿਹਾ ਸੀ। ਲੋਕ ਰੋ ਰਹੇ ਸਨ ਕੁਝ ਉੱਚੀ ਉੱਚੀ ਕੁਝ ਹੌਲੀ-ਹੌਲੀ। ਬਾਕੀ ਨੇ ਰੋਣ ਵਾਲਾ ਮੂੰਹ ਬਣਾਇਆ ਸੀ। ਉਸਦਾ ਇਕੋ-ਇਕ ਬੱਚਾ ਅੱਗੇ ਅੱਗੋਂ ਹੋ ਕੇ ਰੋਂਦਾ ਸੀ, ਅਰਥੀ ਨੂੰ ਰੋਕਦਾ ਸੀ ਤੇ ਕਹਿ ਰਿਹਾ ਸੀ। ਐ ਬਾਪ ਤੂੰ ਉਸ ਥਾਂ ਜਾ ਰਿਹਾ ਹੈਂ ਜਿੱਥੇ ਨਾ ਰੋਟੀ ਨਾ ਪਾਣੀ। ਨਾ ਮੰਜੀ ਨਾ ਬਿਸਤਰਾ, ਨਾ ਦੀਵਾ ਨਾ ਬੱਤੀ, ਨਾ ਦਰਵਾਜ਼ਾ ਨਾ ਖਿੜਕੀ। ਕੋਲੋਂ ਇਕ ਬੱਚੇ ਨੇ ਆਪਣੇ ਬਾਪ ਨੂੰ ਕਹਿ ਦਿੱਤਾ, ਇਸ ਨੂੰ ਕੀ ਸਾਡੇ ਘਰ ਲੈ ਚੱਲੇ ਹਨ। ਪਿਤਾ ਨਰਾਜ਼ ਹੋਇਆ ਤਾਂ ਬੱਚੇ ਨੇ ਕਿਹਾ ਪਿਤਾ ਜੀ ਨਿਸ਼ਾਨੀਆਂ ਤਾਂ ਸਭ ਸਾਡੇ ਘਰ ਦੀਆਂ ਹੀ ਹਨ ਜੋ ਕੁਝ ਇਹ ਕਹਿ ਰਿਹਾ ਹੈ ਇਹ ਤਾਂ ਸਾਡੇ ਘਰ ਦਾ ਹੀ ਨਕਸ਼ਾ ਹੈ। ਉਸ ਗਰੀਬ ਨੂੰ ਆਪਣਾ ਘਰ ਕਬਰ ਵਰਗਾ ਜਾਪ ਰਿਹਾ ਸੀ।

ਇਸ ਪ੍ਰਥਾਇ ਇਕ ਹੋਰ ਕਥਾ ਹੈ। ਇਕ ਨਗਰ ਉਜੜ ਗਿਆ ਸੀ, ਵਿਦੇਸ਼ੀ ਜਰਵਾਣਿਆਂ ਨੇ ਇਸ ਨੂੰ ਅੱਗ ਲਾ ਕੇ ਸਾੜ ਦਿੱਤਾ ਸੀ ਪਰ ਜਿਹੜੇ ਬੰਦੇ ਬੱਚ ਗਏ ਜਿਸ ਪਾਸੇ ਕਿਸੇ ਨੂੰ ਦੌੜਨ ਦਾ ਰਾਹ ਮਿਲਿਆ, ਉਹ ਦੌੜ ਗਿਆ। ਘਰ ਉਜੜ ਚੁੱਕੇ ਸਨ। ਜਿਸ ਨਗਰ ਵਿਚ ਪਨਾਹ ਮਿਲ ਸਕੇ ਲੈਣੀ ਸੀ। ਕਿਤੇ ਟਿਕਾਣਾ ਮਿਲ ਜਾਏ ਇਸ ਖੋਜ ਵਿਚ ਸਨ। ਇਕ ਸੱਜਣ ਨੇ ਇਕ ਨਗਰ ਵਿਚ ਆ ਕੇ ਨਗਰ ਨਿਵਾਸੀਆਂ ਦੇ ਮੁਖੀ ਨੂੰ ਕਿਹਾ ਕਿ ਮੈਂ ਇਸ ਨਗਰ ਵਿਚ ਰਹਿਣਾ ਚਾਹੁੰਦਾ ਹਾਂ ਤੁਸੀਂ ਮੈਨੂੰ ਦੱਸੋ ਇਥੇ ਰਹਿਣ ਵਾਲੇ ਲੋਕ ਕਿਹੋ ਜਿਹੇ ਹਨ। ਨਗਰ ਦੇ ਮੁਖੀ ਨੇ ਕਿਹਾ, ''ਪਹਿਲਾਂ ਤੁਸੀਂ ਦੱਸੋ ਜਿੱਥੋਂ ਤੁਸੀਂ ਆਏ ਹੋ ਉਥੋਂ ਦੇ ਲੋਕ ਕਿਹੋ ਜਿਹੇ ਸਨ। ਆਏ ਸ਼ਰਨਾਰਥੀ ਨੇ ਕਿਹਾ ਬੜੇ ਦੁਸ਼ਟ ਸਨ। ਬੜਾ ਚੰਗਾ ਹੋਇਆ ਉਨ੍ਹਾਂ ਦੇ ਘਰ ਸੜ ਗਏ ਹਨ। ਮੈਂ ਤਾਂ ਕਈਆਂ ਦਿਨਾਂ ਦਾ ਰੱਬ ਅੱਗੇ ਬੇਨਤੀਆਂ ਕਰਦਾ ਸਾਂ ਕਿ ਪਰਮਾਤਮਾ ਇਨ੍ਹਾਂ ਦੇ ਘਰ ਸਾੜ ਕੇ ਸੁਆਹ ਕਰ ਦੇ। ਪ੍ਰਮਾਤਮਾ ਨੇ ਮੇਰੀ ਸੁਣ ਲਈ ਪਰ ਬੜੀ ਦੇਰ ਬਾਅਦ ਸੁਣੀ। ਨਗਰ ਦੇ ਮੁਖੀ ਨੇ ਕਿਹਾ ਤੂੰ ਫਿਰ ਉਹੋ ਜਿਹੇ ਪਿੰਡ ਵਿਚ ਹੀ ਪਹੁੰਚ ਗਿਆ ਹੈਂ। ਤੈਨੂੰ ਫਿਰ ਇਸ ਪਿੰਡ ਵਾਸਤੇ ਅਰਦਾਸਾਂ, ਬੇਨਤੀਆਂ ਕਰਨੀਆਂ ਪੈਣ ਇਸ ਤੋਂ ਪਹਿਲੇ ਹੀ ਤੂੰ ਕੋਈ ਹੋਰ ਨਗਰ ਵੇਖ ਜਿੱਥੇ ਤੂੰ ਚੰਗੇ ਬੰਦੇ ਲੱਭ ਸਕੇਂ। ਇਹ ਸੱਜਣ ਚਲਾ ਗਿਆ। ਇਸ ਤੋਂ ਬਾਅਦ ਇਕ ਸ਼ਰਨਾਰਥੀ ਹੋਰ ਆਇਆ ਉਹ ਵੀ ਨਗਰ ਦੇ ਮੁਖੀ ਨੂੰ ਮਿਲਿਆ ਅਤੇ ਕਿਹਾ ਕਿ ਮੈਂ ਇਸ ਨਗਰ ਵਿਚ ਠਹਿਰਨਾ ਚਾਹੁੰਦਾ ਹਾਂ। ਨਗਰ ਦਾ ਮੁਖੀ

Sri Satguru Jagjit Singh Ji eLibrary NamdhariElibrary@gmail.com

ਹੈਰਾਨ ਸੀ ਕਿ ਇਸ ਬੰਦੇ ਨੇ ਪਹਿਲੇ ਬੰਦੇ ਵਾਲਾ ਸਵਾਲ ਕੀਤਾ ਹੀ ਨਹੀਂ ਕਿ ਇਥੋਂ ਦੇ ਲੋਕ ਕੈਸੇ ਹਨ। ਨਗਰ ਦੇ ਮੁਖੀ ਨੇ ਆਪ ਕਿਹਾ ਕਿ ਐ ਆਏ ਮਹਿਮਾਨ ਤੂੰ ਇਹ ਨਹੀਂ ਜਾਣਨਾ ਚਾਹੇਂਗਾ ਕਿ ਇਥੋਂ ਦੇ ਲੋਕ ਕਿਹੋ ਜਿਹੇ ਹਨ। ਸ਼ਰਨਾਰਥੀ ਨੇ ਕਿਹਾ ਮੈਂ ਇੰਨਾ ਸਮਝਦਾ ਹਾਂ ਕਿ ਜਿੱਥੋਂ ਮੈਂ ਆਇਆ ਹਾਂ ਉਥੇ ਸਭ ਲੋਕ ਮੇਰੇ ਨਾਲੋਂ ਚੰਗੇ ਸਨ। ਅਫਸੋਸ ਕਿ ਕਿਤੇ ਉਹ ਨਗਰ ਨਾ ਸੜਦਾ ਤੇ ਮੈਨੂੰ ਇਸ ਤਰ੍ਹਾਂ ਨਾ ਭਟਕਣਾ ਪੈਂਦਾ। ਉਨ੍ਹਾਂ ਲੋਕਾਂ ਮੈਨੂੰ ਬੜਾ ਸੁਖ ਤੇ ਇੱਜ਼ਤ ਦਿੱਤੀ ਸੀ।

ਨਗਰ ਦੇ ਮੁਖੀ ਨੇ ਕਿਹਾ ਅਸੀਂ ਤੈਨੂੰ ਜੀ ਆਇਆਂ ਆਖਦੇ ਹਾਂ। ਇਥੇ ਵੀ ਤੈਨੂੰ ਸੁਖ ਮਿਲੇਗਾ ਇੱਜ਼ਤ ਮਿਲੇਗੀ। ਨਗਰ ਦੇ ਕੁਝ ਸੱਜਣਾਂ, ਜਿਨ੍ਹਾਂ ਪਹਿਲੇ ਸ਼ਰਨਾਰਥੀ ਅਤੇ ਬਾਅਦ ਵਿਚ ਆਏ ਸ਼ਰਨਾਰਥੀ ਦੀ ਗੱਲ ਸੁਣੀ ਸੀ ਨਗਰ ਦੇ ਮੁਖੀ ਨੂੰ ਪੁਛਿਆ ਕਿ ਮਹਾਰਾਜ ਇਹ ਗੱਲ ਸਮਝ ਵਿਚ ਨਹੀਂ ਆਈ ਕਿ ਤੁਸੀਂ ਇਸ ਨਗਰ ਬਾਰੇ ਪਹਿਲੇ ਸ਼ਰਨਾਰਥੀ ਨੂੰ ਕੁਝ ਹੋਰ ਕਿਹਾ ਬਾਅਦ ਵਿਚ ਆਏ ਨੂੰ ਕੁਝ ਹੋਰ ਕਿਹਾ। ਨਗਰ ਦੇ ਮੁਖੀ ਨੇ ਉੱਤਰ ਦਿੱਤਾ ਕਿ ਪਹਿਲੇ ਦੇ ਅੰਦਰ ਦੁਸ਼ਮਣੀ, ਈਰਖਾ ਤੇ ਨਫ਼ਰਤ ਸੀ। ਥੋੜ੍ਹੇ ਦਿਨਾਂ ਵਿਚ ਤੁਸੀਂ ਸਾਰਿਆਂ ਉਸਦੇ ਦੁਸ਼ਮਣ ਬਣ ਜਾਣਾ ਸੀ। ਬਾਅਦ ਵਿਚ ਆਏ ਸੱਜਣ ਦੇ ਅੰਦਰ ਪ੍ਰੇਮ ਹੈ, ਸੇਵਾ ਹੈ, ਸ਼ਰਧਾ ਹੈ। ਇਸ ਲਈ ਥੋੜ੍ਹੇ ਦਿਨਾਂ ਵਿਚ ਤੁਸੀਂ ਸਾਰੇ ਇਸ ਦੇ ਮਿੱਤਰ ਬਣ ਜਾਉਗੇ। ਤੁਸੀਂ ਇਸ ਨੂੰ ਸੁਖ ਵੀ ਦਿਉਗੇ, ਇੱਜ਼ਤ ਵੀ ਦੇਵੋਗੇ। ਪਹਿਲੇ ਦੀ ਦ੍ਰਿਸ਼ਟੀ ਠੀਕ ਨਹੀਂ ਸੀ ਇਸ ਦੀ ਦ੍ਰਿਸ਼ਟੀ ਠੀਕ ਹੈ ਅਤੇ ਦ੍ਰਿਸ਼ਟੀ ਅਨੁਸਾਰ ਹੀ ਸ੍ਰਿਸ਼ਟੀ ਹੈ।

ਸਤਿਗੁਰਾਂ ਦਾ ਬਚਨ ਹੈ—

*ਸੁਖੀਏ ਕਉ ਪੇਖੈ ਸਭ ਸੁਖੀਆ, ਰੋਗੀ ਕੈ ਭਾਣੈ ਸਭ ਰੋਗੀ॥*
*ਕਰਣ ਕਰਾਵਣ ਹਾਰ ਸੁਆਮੀ ਆਪਨ ਹਾਥਿ ਸੰਜੋਗੀ॥*
*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸਕੈ ਭਾਣੈ ਕੋਇ ਨਾ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ ਰਹਾਉ॥*

—ਸੋਰਠਿ ਮਹਲਾ ੫, ਪੰਨਾ ੬੧੦

ਇਕ ਰਸਤੇ ਵਿਚ ਇਕ ਬਹੁਤ ਵੱਡਾ ਰੁੱਖ ਸੀ। ਗਰਮੀ ਦੀ ਰੁੱਤੇ ਆਉਂਦੇ ਜਾਂਦੇ ਰਾਹੀ ਦੁਪਹਿਰ ਵੇਲੇ ਇਥੇ ਆਰਾਮ ਕਰਦੇ ਸਨ। ਇਕ ਦਿਨ ਇਸ ਰੁੱਖ ਥੱਲੇ ਕਾਫੀ ਮੁਸਾਫ਼ਿਰ ਸੁੱਤੇ ਸਨ। ਇਨ੍ਹਾਂ ਵਿਚੋਂ ਇਕ ਲੱਕੜੀ ਦਾ ਵਪਾਰੀ ਸੀ ਜਿਸ ਦਾ ਕੰਮ ਸੀ ਰੁੱਖ ਖਰੀਦਣੇ, ਕੱਟਣੇ ਅਤੇ ਲੱਕੜੀ ਵੇਚ ਦੇਣਾ। ਇਸ ਨੇ ਨਜ਼ਰ ਭਰ ਕੇ ਵੇਖਿਆ ਤੇ ਕਹਿਣ ਲੱਗਾ, ''ਇਹ ਰੁੱਖ ਅਗਰ ਇਕ ਸੌ ਰੁਪਏ ਦਾ ਖਰੀਦਿਆ ਜਾਏ ਤਾਂ ਕਟਾਈ ਚਿਰਾਈ ਦੀ ਮਜ਼ਦੂਰੀ ਦੇ ਕੇ ਸੌ ਰੁਪਿਆ ਬਚ ਸਕਦਾ ਹੈ।'' ਇਸ ਨੂੰ ਰੁੱਖ ਵਿਚੋਂ ਵਪਾਰ ਹੀ ਨਜ਼ਰ ਆ ਰਿਹਾ ਹੈ, ਇਹ ਲੱਕੜੀ ਦਾ ਵਪਾਰੀ ਸੀ। ਇਕ ਨ੍ਰਿਤਕਾਰ ਵੀ ਇਸ ਰੁੱਖ ਥੱਲੇ ਸੁੱਤਾ ਸੀ। ਉਹ ਉਠਿਆ ਤੇ ਉਸ ਨੇ ਵੇਖਿਆ ਤੇ ਸੋਚਣ ਲੱਗਾ, ਕਮਾਲ ਹੈ ਰੁੱਖ ਦਾ ਪੱਤਾ-ਪੱਤਾ ਨ੍ਰਿਤ ਕਰ

Sri Satguru Jagjit Singh Ji eLibrary NamdhariElibrary@gmail.com

ਰਿਹਾ ਹੈ। ਹਰ ਟਹਿਣੀ ਨ੍ਰਿਤ ਕਰ ਰਹੀ ਹੈ। ਨ੍ਰਿਤ ਰੱਬੀ ਦਾਤ ਹੈ, ਰੁੱਖ ਵੀ ਨੱਚ ਰਹੇ ਹਨ। ਇਥੇ ਹੀ ਇਕ ਕਵੀ ਵੀ ਸੁੱਤਾ ਸੀ ਉਹ ਉਠਿਆ ਅਤੇ ਉਸ ਨੇ ਵੇਖਿਆ ਅਤੇ ਉਸ ਨੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਅਤੇ ਲਿਖਿਆ ਕਿ ਰੁੱਖ ਪਰਉਪਕਾਰੀ ਹੈ, ਆਇਆਂ ਨੂੰ ਠੰਢੀ ਛਾਂ ਮਿਲਦੀ ਹੈ, ਮਿੱਠੇ ਫਲ ਮਿਲਦੇ ਹਨ। ਮਨੁੱਖ ਹੀ ਨਹੀਂ ਅਨੇਕਾਂ ਪੰਛੀ ਇਸ ਨੂੰ ਆਪਣਾ ਟਿਕਾਣਾ ਸਮਝਦੇ ਹਨ। ਅਖੀਰ ਰੁੱਖ ਆਪਣੀ ਇੰਚ-ਇੰਚ ਲੱਕੜ ਮਨੁੱਖ ਲਈ ਕੁਰਬਾਨ ਕਰ ਦਿੰਦਾ ਹੈ। ਕਿਸੇ ਸੇਵਾ ਤੇ ਕੁਰਬਾਨੀ ਸਿੱਖਣੀ ਹੋਵੇ ਤਾਂ ਰੁੱਖ ਕੋਲੋਂ ਸਿੱਖੋ।

ਇੰਨੇ ਚਿਰ ਨੂੰ ਇਕ ਵੈਰਾਗੀ ਸਾਧੂ ਉਠਿਆ। ਉਸ ਨੇ ਵੇਖਿਆ ਕਿ ਇਕ ਸੁੱਕਾ ਪੱਤਾ ਰੁੱਖ ਨਾਲ ਖੜਕ ਰਿਹਾ ਹੈ। ਵੇਖਦਿਆਂ-ਵੇਖਦਿਆਂ ਉਹ ਪੱਤਾ ਟੁੱਟ ਗਿਆ ਤੇ ਧਰਤੀ ਤੇ ਆ ਡਿੱਗਾ। ਵੈਰਾਗੀ ਦੀਆਂ ਅੱਖਾਂ ਵਿਚੋਂ ਜਲ ਆ ਗਿਆ। ਕਹਿਣ ਲੱਗਾ ਕਿ ਇਹ ਪੱਤਾ ਕਦੀ ਹਰਾ ਸੀ ਫਿਰ ਸੁੱਕ ਗਿਆ, ਹੁਣ ਡਿੱਗ ਪਿਆ। ਹੁਣ ਫਿਰ ਕਦੀ ਰੁੱਖ ਨਾਲ ਨਹੀਂ ਜੋੜਿਆ ਜਾਣਾ, ਇਹ ਹੁਣ ਮਿੱਟੀ ਵਿਚ ਰੁਲ ਜਾਵੇਗਾ। ਹੇ ਮੇਰੇ ਮਨ ! ਤੂੰ ਵੀ ਸੰਸਾਰ ਰੁੱਖ ਨਾਲੋਂ ਅੱਜਕਲ੍ਹ ਇਸ ਸੁੱਕੇ ਪੱਤੇ ਵਾਂਗੂੰ ਝੜ ਜਾਵੇਂਗਾ। ਜਿੰਨਾ ਚਿਰ ਰੁੱਖ ਨਾਲ ਹੈਂ, ਆਏ ਮੁਸਾਫ਼ਰਾਂ ਨੂੰ ਛਾਂ ਦੇ ਲੈ, ਭਾਵ ਸੇਵਾ ਕਰ ਲੈ। ਇਸ ਲਈ ਰੁੱਖ ਮੌਤ ਦਾ ਸੰਦੇਸ਼ ਹੈ।

ਇਕ ਸੱਜਣ ਇਥੇ ਉਹ ਵੀ ਬੈਠਾ ਸੀ ਜਿਹੜਾ ਘਰੋਂ ਲੜ ਕੇ ਆਇਆ ਸੀ। ਕਾਫ਼ੀ ਚਿਰ ਤੋਂ ਘਰ ਵਿਚ ਕਲੇਸ਼ ਸੀ। ਹੁਣ ਅੱਜ ਇਕ ਬੱਚੇ ਨਾਲ ਲੜਾਈ ਹੋਈ, ਪਤਨੀ ਨਾਲ ਲੜਿਆ, ਭਰਾਵਾਂ ਨਾਲ ਲੜਿਆ, ਮਾਤਾ-ਪਿਤਾ ਨਾਲ ਲੜਿਆ, ਗੁਆਂਢੀਆਂ ਨਾਲ ਲੜਿਆ। ਅਖੀਰ ਕਹਿਣ ਲੱਗਾ ਸਾਰੇ ਹੀ ਤਾਂ ਲੜਦੇ ਹਨ ਇਨ੍ਹਾਂ ਵਿਚ ਹੁਣ ਮੇਰਾ ਵਸੇਬਾ ਨਹੀਂ। ਅਸੀਂ ਕਿਸੇ ਐਸੇ ਦੇਸ਼ ਚਲਦੇ ਹਾਂ ਜਿੱਥੇ ਮੇਰੇ ਨਾਲ ਲੜੇ ਕੋਈ ਨਾ। ਪਰ ਰੁੱਖ ਵੱਲ ਵੇਖਿਆ ਪੱਤੇ ਨਾਲ ਪੱਤਾ ਖੜਕ ਰਿਹਾ ਹੈ। ਇਕ ਰੁੱਖ ਹਵਾ ਦੇ ਕਾਰਨ ਦੂਸਰੇ ਰੁੱਖ ਨਾਲ ਖਹਿ ਰਿਹਾ ਹੈ, ਕੁਝ ਪੱਤੇ ਝੜ ਵੀ ਰਹੇ ਹਨ। ਇਕ ਸੱਜਣ ਕਹਿਣ ਲੱਗਾ ਮੈਂ ਸੋਚਦਾ ਸਾਂ ਮੇਰੇ ਘਰ ਹੀ ਲੜਾਈ ਹੈ, ਪਰ ਇਥੇ ਵੀ ਇਹੋ ਹੀ ਕਲੇਸ਼ ਹੈ ਪੱਤੇ ਨਾਲ ਪੱਤਾ ਲੜਦਾ ਹੈ, ਟਾਹਣੀ ਨਾਲ ਟਾਹਣੀ ਲੜਦੀ ਹੈ, ਰੁੱਖ ਨਾਲ ਰੁੱਖ ਲੜਦਾ ਹੈ, ਸੰਸਾਰ ਹੈ ਹੀ ਲੜਾਈ ਦਾ ਘਰ। ਠੀਕ ਹੈ ਜੈਸੀ ਦ੍ਰਿਸ਼ਟੀ ਹੈ ਵੈਸੀ ਹੀ ਸ੍ਰਿਸ਼ਟੀ ਹੋ ਜਾਂਦੀ ਹੈ।

ਸਿੱਖ ਇਤਿਹਾਸ ਵਿਚ ਇਕ ਕਥਾ ਹੈ ਕਿ ਰਾਮ ਰਾਇ ਜੀ ਬੇਸ਼ਕ ਔਰੰਗਜ਼ੇਬ ਦੀ ਇਮਦਾਦ ਕਾਰਨ ਡੇਹਰਾਦੂਨ ਦੇ ਇਲਾਕੇ ਵਿਚ ਡੇਰਾ ਬਣਾ ਕੇ ਰਹਿ ਰਹੇ ਸਨ ਪਰ ਅੰਦਰੋਂ ਗੁਰੂ ਘਰ ਦਾ ਵਿਛੋੜਾ ਸਤਾ ਰਿਹਾ ਸੀ। ਜਦੋਂ ਗੁਰੂ ਗੋਬਿੰਦ ਸਿੰਘ ਨਾਹਨ ਮੇਦਨੀ ਪ੍ਰਕਾਸ਼ ਦੇ ਸੱਦੇ ਤੇ ਗਏ ਸਨ ਤਾਂ ਰਾਮ ਰਾਇ ਨੇ ਬੇਨਤੀ ਕੀਤੀ ਸੀ ਕਿ ਆਪ ਜੀ ਮੈਨੂੰ ਬੇੜੀ ਵਿਚ ਸਵਾਰ ਹੋ ਕੇ ਜਮਨਾ ਵਿਚ ਇਕੱਲੇ ਹੀ ਮਿਲੋ। ਸਤਿਗੁਰੂ ਰਾਮ ਰਾਇ ਜੀ ਬੇਨਤੀ ਮੰਨ ਕੇ ਇਸੇ ਤਰ੍ਹਾਂ ਇਕੱਲੇ ਹੀ

Sri Satguru Jagjit Singh Ji eLibrary NamdhariElibrary@gmail.com

ਮਿਲੇ ਤੇ ਬਚਨ ਹੋਏ। ਰਾਮ ਰਾਇ ਦੀ ਸੰਗਤ ਇਕ ਕਿਨਾਰੇ ਖੜ੍ਹੀ ਸੀ, ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਇਕ ਕਿਨਾਰੇ। ਰਾਮ ਰਾਇ ਦੀ ਸੰਗਤ ਗੁਰੂ ਗੋਬਿੰਦ ਸਿੰਘ ਵੱਲ ਪਿੱਠ ਕਰਕੇ ਖੜ੍ਹੀ ਰਹੀ ਅਤੇ ਗੁਰੂ ਸਾਹਿਬ ਦੇ ਸਿੱਖ ਸਨਮੁਖ ਖੜ੍ਹੇ ਰਹੇ। ਰਾਮ ਰਾਇ ਨੇ ਆਪਣੇ ਸਿੱਖਾਂ ਨੂੰ ਪੁੱਛਿਆ ਕਿ ਤੁਸੀਂ ਪਿੱਠ ਕਰਕੇ ਕਿਉਂ ਖੜ੍ਹੇ ਰਹੇ। ਉਨ੍ਹਾਂ ਕਿਹਾ ਕਿ ਅਸੀਂ ਤੁਹਾਡੇ ਅਨਿੰਨ ਭਗਤ ਹਾਂ ਇਸ ਲਈ ਅਸੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਵੇਖਣਾ ਪਸੰਦ ਨਹੀਂ ਕਰਦੇ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਹੀ ਹਵਾਲਾ ਦੇ ਕੇ ਆਪਣੇ ਸਿੱਖਾਂ ਨੂੰ ਪੁਛਿਆ ਤਾਂ ਉਨ੍ਹਾਂ ਉੱਤਰ ਦਿੱਤਾ ਕਿ ਪਾਤਸ਼ਾਹੋ! ਜਿਸ ਦਿਨ ਤੋਂ ਤੁਹਾਡਾ ਉਪਦੇਸ਼ ਲਿਆ ਹੈ ਸਾਨੂੰ ਕੋਈ ਦੂਸਰਾ ਨਜ਼ਰ ਹੀ ਨਹੀਂ ਆਉਂਦਾ। ਫਿਰ ਰਾਮ ਰਾਇ ਤੇ ਆਪ ਇਕੱਠੇ ਬੈਠੇ ਸੀ ਜੇ ਰਾਮ ਰਾਇ ਦੇ ਸੇਵਕਾਂ ਆਪ ਵੱਲ ਪਿੱਠ ਕੀਤੀ ਤਾਂ ਰਾਮ ਰਾਇ ਵੱਲ ਵੀ ਪਿੱਠ ਹੋ ਗਈ। ਜੇ ਅਸੀਂ ਰਾਮ ਰਾਇ ਵੱਲ ਪਿੱਠ ਕਰਦੇ ਤਾਂ ਆਪ ਵੱਲ ਵੀ ਪਿੱਠ ਹੋ ਜਾਂਦੀ। ਫਿਰ ਜਿਸ ਨੂੰ ਗੁਰੂ ਨੇ ਪਾਸ ਬਿਠਾ ਲਿਆ ਅਸੀਂ ਉਸ ਨੂੰ ਇੰਨੀ ਘਿਰਣਾ ਕਿਉਂ ਕਰੀਏ ਕਿ ਉਸ ਨੂੰ ਵੇਖ ਵੀ ਨਾ ਸਕੀਏ। ਹਾਂ, ਰੱਬ ਤੋਂ, ਗੁਰੂ ਤੋਂ ਤੋੜਨ ਵਾਲਾ ਬਚਨ ਭਾਵੇਂ ਰਾਮ ਰਾਇ ਆਖੇ ਭਾਵੇਂ ਕੋਈ ਹੋਰ ਅਸੀਂ ਮਨਮਤ ਦੀ ਗੱਲ ਨਹੀਂ ਮੰਨਾਂਗੇ। ਪਰ ਅਸੀਂ ਇੰਨੇ ਕੰਮਜ਼ੋਰ ਨਹੀਂ ਕਿ ਇੰਨੀ ਨਫ਼ਰਤ ਮਨ ਵਿਚ ਆ ਜਾਵੇ ਕਿ ਜਿਸ ਨਾਲ ਗੁਰੂ ਬਚਨ ਕਰ ਰਹੇ ਹਨ ਅਸੀਂ ਵੇਖ ਵੀ ਨਾ ਸਕੀਏ। ਸਾਨੂੰ ਤਾਂ ਤੁਹਾਡੇ ਬਿਨਾਂ ਕੋਈ ਦੂਸਰਾ ਨਜ਼ਰ ਹੀ ਨਹੀਂ ਆਉਂਦਾ।

ਸਿੱਖ ਇਤਿਹਾਸ ਵਿਚ ਲਿਖਿਆ ਹੈ ਕਿ ਭਾਈ ਘਨ੍ਹਈਆ ਸਾਹਿਬ ਜੀ ਤੇ ਸਿੱਖਾਂ ਨੇ ਇਤਰਾਜ਼ ਕੀਤਾ ਸੀ ਕਿ ਜੋ ਸਿੱਖਾਂ ਨਾਲ ਲੜਨ ਆਏ ਮੁਸਲਮਾਨ ਜਾਂ ਹੋਰ ਵਿਰੋਧੀ ਹਨ ਇਹ ਫੱਟੜਾਂ ਨੂੰ ਪਾਣੀ ਪਿਲਾਉਂਦਾ ਹੈ, ਇਹ ਗਦਾਰ ਹੈ। ਭਾਈ ਘਨ੍ਹਈਆ ਜੀ ਨੇ ਕਿਹਾ ਸੀ ਪਾਤਸ਼ਾਹ! ਹੁਣ ਤਾਂ ਦ੍ਰਿਸ਼ਟੀ ਐਸੀ ਬਣ ਗਈ ਹੈ ਕਿ ਹਰ ਆਵਾਜ਼ ਤੇਰੀ ਹੈ, ਹਰ ਪੁਕਾਰ ਤੇਰੀ ਹੈ, ਹਰ ਪਿਆਸ ਤੇਰੀ ਹੈ, ਹਰ ਦਰਸ਼ਨ ਤੇਰਾ ਹੈ, ਮੈਂ ਤੈਨੂੰ ਹੀ ਪਾਣੀ ਪਿਲਾਉਂਦਾ ਹਾਂ, ਗ਼ੈਰ ਕੌਣ ਹੈ। ਜ਼ਿਮੀਂ ਆਸਮਾਨ ਸਭ ਤੇਰੇ ਨਾਲ ਜੁੜੇ ਹਨ। ਸਭ ਇਕ ਹੈ। ਪਸਾਰਾ ਇਕ ਦਾ ਹੈ, ਅੰਤ ਫਿਰ ਇਕ ਹੈ।

*ਏਕ ਮੂਰਤ ਅਨੇਕ ਦਰਸਨੁ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*

—ਜਾਪੁ ਸਾਹਿਬ

ਜੇ ਅੰਤ ਰੱਬ ਦੇ ਤਮਾਸ਼ੇ ਨੇ ਇਕ ਹੀ ਹੋ ਜਾਣਾ ਹੈ ਤਾਂ ਫਿਰ ਮੈਂ ਕਿਉਂ ਦੁਬਿਧਾ ਵਿਚ ਪਵਾਂ। ਮੈਂ ਇਕ ਦਾ ਪੱਲਾ ਕਿਉਂ ਛੱਡਾਂ। ਇਕ ਸਦਾ ਲਈ ਹੈ ਅਨੇਕਤਾ ਛਿਨ ਭੰਗਰ ਹੈ। ਇਸ ਲਈ ਦ੍ਰਿਸ਼ਟੀ ਇਕ ਵਾਲੀ ਹੀ ਬਣਨੀ ਚਾਹੀਦੀ ਹੈ।

Sri Satguru Jagjit Singh Ji eLibrary NamdhariElibrary@gmail.com

ਆਮ ਕਰਕੇ ਬੰਦੇ ਦੀ ਦਵੈਤ ਦ੍ਰਿਸ਼ਟੀ ਰਹਿੰਦੀ ਹੈ। ਐਸੀ ਦ੍ਰਿਸ਼ਟੀ ਵਿਚ ਸ਼ੱਕ ਬਣਿਆ ਰਹਿੰਦਾ ਹੈ। ਜਿੱਥੇ ਦੂਈ ਹੈ ਉਥੇ ਸ਼ੱਕ ਹੈ। ਜਿੱਥੇ ਸ਼ੱਕ ਹੈ ਉਥੇ ਪਿਆਰ ਨਹੀਂ, ਸ਼ਰਧਾ ਨਹੀਂ, ਉਥੇ ਸ਼ਾਂਤੀ ਕਿਥੇ। ਹਰਨਾਕਸ਼ ਨੂੰ ਪੁੱਤਰ ਤੇ ਹੀ ਸ਼ੱਕ ਸੀ। ਉਸ ਦੀ ਦਿਬ ਦ੍ਰਿਸ਼ਟੀ ਉਸ ਨੂੰ ਚੰਗੀ ਨਹੀਂ ਲੱਗੀ। ਉਸ ਨੂੰ ਪੁੱਤਰ ਹੀ ਦੁਸ਼ਮਣ ਜਾਪਦਾ ਸੀ। ਪੁੱਤਰ ਨੂੰ ਮਾਰਨ ਲਈ ਉਸ ਨੇ ਕੀ ਨਹੀਂ ਕੀਤਾ। ਭਾਈ ਗੁਰਦਾਸ ਜੀ ਲਿਖਦੇ ਹਨ–

*ਘਰ ਹਰਨਾਕਸ਼ ਦੈਂਤ ਦੇ ਕਲਰ ਕਵਲ ਭਗਤ ਪ੍ਰਹਿਲਾਦ।*
*ਪੜ੍ਹਨ ਪਠਾਇਆ ਚਾਟ ਸਾਲ ਪਾਧੇ ਚਿਤ ਹੋਆ ਅਹਿਲਾਦ।*
*ਸਿਮਰੇ ਮਨ ਵਿਚ ਰਾਮ ਨਾਮ ਗਾਵੈ ਸਬਦ ਅਨਾਹਦ ਨਾਦ।*
*ਰਾਜੇ ਪਾਸ ਰੂਆਇਆ ਦੋਖੀ ਦੈਤ ਵਧਾਇਆ ਵਾਦ।*
*ਜਲ ਅਗਨੀ ਵਿਚ ਘਤਿਆ ਜਲੈ ਨਾ ਡੁਬੈ ਗੁਰ ਪ੍ਰਸਾਦਿ।*
*ਕਢ ਖੜਗ ਸਦ ਪੁਛਿਆ ਕਉਨ ਸੁ ਤੇਰਾ ਹੈ ਉਸਤਾਦ।*
*ਥੰਮ ਪਾੜ ਪ੍ਰਗਟਿਆ ਸੰਤ ਸਹਾਈ ਆਦਿ ਜੁਗਾਦਿ।*
*ਬੇਮੁਖ ਪਕੜ ਪਛਾੜਿਉਨ ਸੰਤ ਸਹਾਈ ਆਦ ਜੁਗਾਦਿ।*
*ਜੈ ਜੈ ਕਾਰ ਕਰਨ ਬ੍ਰਹਮਾਦਿ।*

–ਭਾਈ ਗੁਰਦਾਸ ਜੀ

ਜਿਹੜਾ ਦਿਬ ਦ੍ਰਿਸ਼ਟੀ ਵਾਲਾ ਹੋਵੇਗਾ ਉਹ ਕਿਸੇ ਦਾ ਬੁਰਾ ਨਹੀਂ ਮੰਗ ਸਕਦਾ। ਕਿਸੇ ਨਾਲ ਦੁਸ਼ਮਣੀ ਨਹੀਂ ਮੰਗ ਸਕਦਾ। ਇਕ ਅਦੀਬ ਕਹਿੰਦੇ ਹਨ–

*ਕਰੂੰ ਮੈਂ ਦੁਸ਼ਮਣੀ ਕਿਸ ਸੇ ਅਗਰ ਕਾਤਲ ਭੀ ਹੋ ਅਪਨਾ,*
*ਮੁਹੱਬਤ ਨੇ ਨਹੀਂ ਛੋੜੀ ਜਗਾ ਦਿਲ ਮੇ ਅਦਾਵਤ ਕੀ।*

ਬੜੀ ਸੁੰਦਰ ਕਥਾ ਹੈ ਕਿ ਜਿਸ ਪ੍ਰਹਿਲਾਦ ਨੂੰ ਮਾਰਨ ਵਾਸਤੇ ਬਾਪ ਨੇ ਕਈ ਤਸੀਹੇ ਦਿੱਤੇ, ਜਦੋਂ ਪਰਮਾਤਮਾ ਨੇ ਪ੍ਰਹਿਲਾਦ ਨੂੰ ਕਿਹਾ ਕਿ ਪ੍ਰਹਿਲਾਦ ਆ ਤੂੰ ਮੇਰਾ ਭਗਤ ਹੈਂ ਤੇ ਸੱਚਖੰਡ ਵਿਚ ਆ, ਤਾਂ ਪ੍ਰਹਿਲਾਦ ਨੇ ਉੱਤਰ ਦਿੱਤਾ ਕਿ ਹੇ ਪਰਮਾਤਮਾ ਮੈਨੂੰ ਪਹਿਲਾਂ ਇਹ ਦੱਸ ਕਿ ਮੇਰਾ ਬਾਪ ਕਿਥੇ ਹੈ। ਤਾਂ ਪਰਮਾਤਮਾ ਨੇ ਕਿਹਾ ਤੈਨੂੰ ਪਤਾ ਉਹ ਰਾਕਸ਼ ਸੀ ਉਹਦਾ ਕੋਈ ਸ਼ੁਭ ਕਰਮ ਨਹੀਂ ਸੀ ਉਹ ਤਾਂ ਨਰਕ ਵਿਚ ਹੈ। ਤਾਂ ਪ੍ਰਹਿਲਾਦ ਨੇ ਕਿਹਾ ਕਿ ਹੇ ਪਰਮਾਤਮਾ ਉਸਦੀ ਇਕ ਖੂਬੀ ਤਾਂ ਹੈ, ਇਕ ਗੁਣ ਤਾਂ ਹੈ ਕਿ ਉਸਦੇ ਘਰ ਤੇਰਾ ਭਗਤ ਜਨਮਿਆ ਹੈ। ਜੇਕਰ ਮੇਰਾ ਬਾਪ ਹੀ ਨਰਕ ਵਿਚ ਰਿਹਾ ਤਾਂ ਮੈਂ ਹੋਰ ਕਿਸੇ ਦਾ ਕੀ ਸਵਾਰ ਸਕਾਂਗਾ। ਹੁਣ ਇਕ ਦ੍ਰਿਸ਼ਟੀ ਤਾਂ ਇਹ ਹੋ ਸਕਦੀ ਹੈ ਕਿ ਭਾਵੇਂ ਮੇਰਾ ਬਾਪ ਹੈ ਉਹ ਮੇਰੀ ਜਾਨ ਦਾ ਵੈਰੀ ਸੀ। ਚੰਗਾ ਹੈ ਇਹੋ ਜਿਹਾ ਮਨੁੱਖ ਨਰਕਾਂ ਵਿਚ ਹੀ ਰਹੇ। ਪਰ ਦਿਬ ਦ੍ਰਿਸ਼ਟੀ ਵਾਲੇ ਭਗਤ ਦੀ ਸੋਚਣੀ ਇਹ ਹੈ ਕਿ ਪਰਮਾਤਮਾ ਦੀ ਨਜ਼ਰ ਹੋ

Sri Satguru Jagjit Singh Ji eLibrary NamdhariElibrary@gmail.com

ਗਈ ਤਾਂ ਹਰਨਾਕਸ਼ ਤੇ ਮੇਰੇ ਵਿਚ ਕੋਈ ਫ਼ਰਕ ਨਹੀਂ ਰਹਿ ਜਾਏਗਾ। ਪਰਮਾਤਮਾ ਇੰਨਾ ਪ੍ਰਸੰਨ ਹੋ ਗਿਆ ਕਿ ਉਸ ਨੇ ਕਿਹਾ ਹੇ ਪ੍ਰਹਿਲਾਦ ਮੈਂ ਤੇਰੀਆਂ ਇੱਕੀ ਕੁਲਾਂ ਦਾ ਉਧਾਰ ਕਰਦਾ ਹਾਂ।

ਔਰੰਗਜ਼ੇਬ ਪੁੱਤਰਾਂ ਤੇ ਹੀ ਸ਼ੱਕ ਕਰਦਾ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਉਸੇ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਤੇ ਭਰੋਸਾ ਕਰ ਲੈਂਦੇ ਹਨ। ਇਹ ਵੱਖਰੀ ਗੱਲ ਹੈ ਕਿ ਕਿਸੇ ਤੇ ਭਰੋਸਾ ਕਰੋ ਉਹ ਧੋਖਾ ਕਰ ਜਾਏ। ਧਾਰਮਿਕ ਬੰਦੇ ਦੀ ਸਦਾ ਹੀ ਇਹ ਬਿਰਤੀ ਰਹੀ ਹੈ ਕਿ ਉਹ ਧੋਖਾ ਕਰਦਾ ਨਹੀਂ, ਧੋਖਾ ਖਾ ਜ਼ਰੂਰ ਜਾਂਦਾ ਹੈ। ਉਸ ਵਿਚ ਵਿਸ਼ਵਾਸ ਹੁੰਦਾ ਹੈ, ਸ਼ਰਧਾ ਹੁੰਦੀ ਹੈ। ਕਿਸੇ ਨਾਲ ਧੋਖਾ ਕਰਨਾ ਪਾਪ ਹੈ, ਧੋਖਾ ਖਾ ਜਾਣਾ ਪਾਪ ਨਹੀਂ।

ਇਕ ਵਿਦਵਾਨ ਦਾ ਕਥਨ ਹੈ ਕਿ ਐ ਫਰੇਬੀ ਧੋਖੇਬਾਜ਼ ਮੈਂ ਤੇਰੇ ਤੇ ਭਰੋਸਾ ਕੀਤਾ, ਤੂੰ ਮੇਰੇ ਨਾਲ ਧੋਖਾ ਕੀਤਾ। ਤੇਰੇ ਤੇ ਲਾਅਨਤ ਹੈ ਪਰ ਅੱਗੋਂ ਤੋਂ ਜੇ ਫਿਰ ਵੀ ਮੈਂ ਧੋਖਾ ਖਾ ਜਾਵਾਂ ਫਿਰ ਮੇਰੇ ਤੇ ਵੀ ਲਾਅਨਤ ਹੈ। ਇਹ ਕਿਸੇ ਰਾਜਨੀਤਕ ਬੰਦੇ ਦਾ ਵਿਚਾਰ ਹੋ ਸਕਦਾ ਹੈ, ਧਾਰਮਿਕ ਬੰਦੇ ਦਾ ਨਹੀਂ। ਧਾਰਮਿਕ ਬੰਦਾ ਸ਼ੱਕ ਨਹੀਂ ਕਰਦਾ। ਉਹ ਸ਼ਰਧਾ ਤੇ ਵਿਸ਼ਵਾਸ ਨਾਲ ਭਰਪੂਰ ਹੁੰਦਾ ਹੈ। ਉਹ ਸਿਰ ਦੇ ਆਸਰੇ ਨਹੀਂ ਚਲਦਾ। ਉਹ ਹਿਰਦੇ ਦੇ ਆਸਰੇ ਹੁੰਦਾ ਹੈ। ਹਿਰਦਾ ਵਿਸ਼ਵਾਸ ਕਰਦਾ ਹੈ, ਧੋਖਾ ਹੋ ਜਾਂਦਾ ਹੈ। ਦਿਬ ਦ੍ਰਿਸ਼ਟੀ ਵਾਲਾ ਬੰਦਾ ਤਾਂ ਸ਼ਾਇਦ ਧੋਖੇ ਨੂੰ ਵੀ ਧੋਖਾ ਨਹੀਂ ਮੰਨਦਾ। ਉਹ ਸੋਚਦਾ ਹੈ ਕਿ ਕੌਣ ਕਿਸ ਨਾਲ ਧੋਖਾ ਕਰੇਗਾ। ਸਾਰਿਆਂ ਵਿਚ ਇਕ ਪਰਮਾਤਮਾ ਹੀ ਤਾਂ ਹੈ। ਕੀ ਪਰਮਾਤਮਾ, ਪ੍ਰਮਾਤਮਾ ਨਾਲ ਧੋਖਾ ਕਰੇਗਾ। ਦਵੈਖ ਦ੍ਰਿਸ਼ਟੀ ਵਾਲੇ ਆਮ ਬੰਦੇ ਹਨ। ਇਹ ਤਮੋ ਗੁਣੀ ਬੰਦੇ ਹਨ ਜੋ ਸਦਾ ਕਿਸੇ ਦੇ ਵਿਨਾਸ਼ ਦੀ ਭਾਵਨਾ ਰੱਖਦੇ ਹਨ।

ਸਾਅਦੀ ਕਹਿੰਦੇ ਹਨ ਕਿ ਐ ਬੰਦੇ ਮੈਂ ਸੁਣਿਆ ਹੈ ਕਿ ਰੱਬ ਦੇ ਬੰਦੇ ਜੋ ਰੱਬ ਦੇ ਰਾਹ ਤੇ ਚਲਦੇ ਹਨ ਉਹ ਤਾਂ ਦੁਸ਼ਮਣਾਂ ਦਾ ਵੀ ਦਿਲ ਨਹੀਂ ਦੁਖਾਉਂਦੇ ਪਰ ਤੈਨੂੰ ਰੱਬ ਦੀ ਨੇੜਤਾ ਕਿਵੇਂ ਪ੍ਰਾਪਤ ਹੋਵੇਗੀ ਤੂੰ ਤਾਂ ਆਪਣੇ ਮਿੱਤਰਾਂ ਨਾਲ ਵੀ ਦੁਸ਼ਮਣੀ ਪਾ ਕੇ ਬੈਠਾ ਹੈਂ।

*ਸ਼ੁਨੀਦਸ ਕਿ ਮਰਦਾਨੇ ਰਾਹੇ ਖ਼ੁਦਾ,*
*ਦਿਲੇ ਦੁਸ਼ਮਨਾਂ ਨਾ ਕਰਦੰਦ ਤੰਗ।*
*ਤੁਰਾ ਕਿ ਮੁਯੱਸਰ ਸ਼ਵੱਦ ਈਂ ਮੁਕਾਮ,*
*ਕਿ ਬਾ ਦੋਸਤਾਨਿ ਖ਼ਿਲਾਫ਼ਸਤੋ ਜੰਗ।*

—ਸਾਅਦੀ

ਐਸੀ ਦ੍ਰਿਸ਼ਟੀ ਵਾਲੇ ਨੂੰ ਧਰਮ ਕਿਵੇਂ ਪ੍ਰਾਪਤ ਹੋਵੇਗਾ?

ਦੂਸਰੇ ਰਜੋ ਗੁਣੀ ਹਨ ਜੋ ਦੂਰ ਦ੍ਰਿਸ਼ਟੀ ਰੱਖਦੇ ਹਨ। ਜੋ ਅੱਜ ਕਰ ਰਹੇ ਹਾਂ ਇਸ ਦਾ ਕਲ੍ਹ ਕੀ ਫਾਇਦਾ ਹੋਵੇਗਾ। ਇਸ ਦਾ ਕਲ੍ਹ ਕੀ ਨੁਕਸਾਨ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

ਰਾਜਨੀਤਕ ਬੰਦਿਆਂ ਨੂੰ ਸਤਿਗੁਰਾਂ ਨੇ ਸੰਬੋਧਨ ਕਰਕੇ ਕਿਹਾ ਸੀ–

*ਅੱਗੋਂ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥*

—ਅ. ਸ. ਮ. (ਅਸਟਪਦੀਆ), ਪੰਨਾ ੪੧੭

*ਮੰਦਾ ਮੂਲਿ ਨਾ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥*

—ਵਾਰ ਆਸਾ, ਪੰਨਾ ੪੭੪

*ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ ॥*

—ਅਨੰਦ ਸਾਹਿਬ, ਪੰਨਾ ੯੧੮

*ਜਬ ਘਰ ਮੰਦਰਿ ਆਗ ਲਗਾਨੀ ਕਢਿ ਕੂਪੁ ਕਢੈ ਪਨਿਹਾਰੇ ॥*

—ਨਟ ਮਹਲਾ ੪, ਪੰਨਾ ੯੮੧

ਜੋ ਬੰਦਾ ਦੂਰਦ੍ਰਿਸ਼ਟ ਨਹੀਂ ਉਹ ਅੰਤ ਦੁਖੀ ਹੁੰਦਾ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਘਰ ਨੂੰ ਅੱਗ ਲੱਗੀ ਹੋਵੇ ਤਾਂ ਮਨੁੱਖ ਉਸ ਵੇਲੇ ਸੋਚੇ ਕਿ ਹੁਣ ਖੂਹ ਖੋਦਾਂ ਪਾਣੀ ਨਿਕਲੇਗਾ ਤੇ ਮੈਂ ਘਰ ਦੀ ਅੱਗ ਬੁਝਾ ਲਵਾਂਗਾ। ਐਸੇ ਬੰਦੇ ਦਾ ਕਾਰਜ ਸਿੱਧ ਨਹੀਂ ਹੁੰਦਾ। ਰੋਣਾ ਤੇ ਪਛਤਾਉਣਾ ਹੀ ਪੱਲੇ ਪੈਂਦਾ ਹੈ।

ਜੰਗ ਸ਼ੁਰੂ ਹੋਵੇ ਤੇ ਕੋਈ ਸੱਜਣ ਸੋਚੇ ਕਿ ਅੱਜ ਹੀ ਲੜਾਈ ਸਿਖ ਕੇ ਜੰਗ ਜਿੱਤਾਂ, ਬਿਰਥਾ ਉੱਦਮ ਹੈ। ਜਿੱਤ ਨਹੀਂ ਮਿਲਦੀ। ਲੜਨਾ ਸਿੱਖਣ ਲਈ ਪਹਿਲਾਂ ਕਾਫ਼ੀ ਸਮਾਂ ਹੁੰਦਾ ਹੈ। ਜਿਵੇਂ ਕੋਈ ਸੱਜਣ ਆਪਣੇ ਸੰਗ ਤੋਂ ਬੇਫ਼ਿਕਰ ਹੋ ਕੇ ਸੁੱਤਾ ਰਹੇ ਕਾਫਲਾ ਅੱਗੇ ਨਿਕਲ ਜਾਏ। ਦਿਨੇ ਭਾਰ ਚੁੱਕ ਕੇ ਕਹੇ ਹੁਣੇ ਮਿਲ ਪਵੇ, ਰਾਤ ਦੇ ਫਾਸਲੇ ਨੂੰ ਕਿਵੇਂ ਦੂਰ ਕਰੇਗਾ। ਇਸੇ ਤਰ੍ਹਾਂ ਜੋ ਮਾਇਆ ਦੇ ਧੰਦਿਆਂ ਵਿਚ ਅੰਨ੍ਹਾ ਹੋਇਆ ਰਿਹਾ ਹੈ, ਉਮਰਾਂ ਬੀਤ ਜਾਂਦੀ ਹੈ। ਅੰਤ ਸਮੇਂ ਪਰਮਾਤਮਾ ਨਾਲ ਕਿਵੇਂ ਲਿਵ ਜੁੜ ਸਕਦੀ ਹੈ।

*ਜੈਸੇ ਘਰ ਲਾਗੈ ਆਗ ਜਾਗ ਕੂਆ ਖੋਦਯੋ ਚਾਹੈ।*
*ਕਾਰਜ ਨਾ ਸਿੱਧ ਹੋਇ ਰੋਇ ਪਛਤਾਈਐ।*
*ਜੈਸੇ ਤੋ ਸੰਗਰਾਮ ਸਮੈ ਸੀਖਿਯੋ ਚਾਹੈ ਵੀਰ ਵਿਦਯਾ।*
*ਅਨਥਾ ਉੱਦਮ ਜੈਤ ਪਦਵੀ ਨਾ ਪਾਈਐ।*
*ਜੈਸੇ ਨਿਸ ਸੋਵਤ ਸੰਗਾਤੀ ਚਲ ਜਾਤ ਪਾਛੈ।*
*ਭੋਰ ਭਏ ਭਾਰ ਬਾਂਧ ਚਲੈ ਕਤ ਜਾਈਐ।*
*ਤੈਸੇ ਮਾਯਾ ਅੰਧ ਧੰਧ ਅਵਧਿ ਬਿਹਾਇ ਜਾਤ।*
*ਅੰਤਿ ਕਾਲ ਕੈਸੇ ਹਰਿਨਾਮ ਲਿਵ ਲਾਈਐ।*

—ਕਬਿਤ ਭਾਈ ਗੁਰਦਾਸ ਜੀ

ਦੂਰ ਦ੍ਰਿਸ਼ਟੀ ਵੀ ਜ਼ਰੂਰੀ ਹੈ ਪਰ ਇਸ ਤੋਂ ਅੱਗੇ ਹੈ ਦਿਬ ਦ੍ਰਿਸ਼ਟੀ, ਸਮ

Sri Satguru Jagjit Singh Ji eLibrary NamdhariElibrary@gmail.com

ਦ੍ਰਿਸ਼ਟੀ, ਜਿੱਥੇ ਜਾ ਕੇ ਕੋਈ ਭਲਾ ਬੁਰਾ ਰਹਿ ਹੀ ਨਹੀਂ ਜਾਂਦਾ। ਉਸ ਦ੍ਰਿਸ਼ਟੀ ਬਾਰੇ ਵੀ ਸਤਿਗੁਰਾਂ ਦੀ ਬਾਣੀ ਨੇ ਸਾਨੂੰ ਸੇਧ ਦਿੱਤੀ ਹੈ।

*ਗੁਰ ਪ੍ਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨਾ ਕੋਈ॥*
*ਕਹੈ ਨਾਨਕ ਇਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥*

—ਅਨੰਦ ਸਾਹਿਬ, ਪੰਨਾ ੯੨੨

ਜਦੋਂ ਦਿਬ ਦ੍ਰਿਸ਼ਟੀ ਬਣ ਜਾਂਦੀ ਹੈ ਤਾਂ ਦਵੈਖ ਦ੍ਰਿਸ਼ਟੀ ਤਾਂ ਰਹਿੰਦੀ ਹੀ ਨਹੀਂ। ਦੂਰ ਦ੍ਰਿਸ਼ਟੀ ਤੋਂ ਵੀ ਦਿਬ ਦ੍ਰਿਸ਼ਟੀ ਉੱਪਰ ਹੁੰਦੀ ਹੈ। ਦੂਰ ਦ੍ਰਿਸ਼ਟੀ ਵਾਲੇ ਵਿਚ ਵੀ ਕੁਝ ਕਰਤਾ ਭਾਵ ਬਚਦਾ ਹੈ ਕਿ ਮੈਂ ਕਰ ਰਿਹਾ ਹਾਂ, ਮੈਂ ਸੋਚ ਰਿਹਾ ਹਾਂ।

ਪਰ ਦਿਬ ਦ੍ਰਿਸ਼ਟੀ ਵਾਲਾ ਤਾਂ ਰੱਬ ਵਰਗਾ ਪਵਿੱਤਰ ਤੇ ਬਰਕਤਾਂ ਨਾਲ ਭਰਪੂਰ ਹੋ ਜਾਂਦਾ ਹੈ। ਉਥੋਂ ਭੁੱਲ ਜਾਂ ਨੁਕਸਾਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਉਸ ਅਵਸਥਾ ਵਿਚ ਤਾਂ ਕੋਈ ਵਿਰਲਾ ਗੁਰਮੁਖ ਹੀ ਮਿਲਦਾ ਹੈ।

*ਕਹਨ ਕਹਾਵਨ ਕਉ ਕਈ ਕੇਤੈ॥*
*ਐਸੋ ਜਨੁ ਬਿਰਲੋ ਹੈ ਸੇਵਕੁ ,*
*ਜੋ ਤਤ ਜੋਗ ਕਉ ਬੇਤੈ॥ ਰਹਾਉ॥*
*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ,*
*ਏਕੈ ਏਕੀ ਨੇਤੈ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ,*
*ਹਾਰ ਨਹੀ ਸਭ ਜੇਤੈ॥*
*ਸੋਗੁ ਨਾਹੀ ਸਦਾ ਹਰਖੀ ਹੈ ਰੇ,*
*ਛੋਡਿ ਨਾਹੀ ਕਿਛੁ ਲੇਤੈ॥*
*ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ,*
*ਕਤ ਆਵੈ ਕਤ ਰਮਤੈ॥*

—ਕਾਨੜਾ ਮ: ੫, ਪੰਨਾ ੧੩੦੨

ਗੁਰਮਤਿ ਦੀ ਪ੍ਰੇਰਨਾ ਨਾਲ ਅੰਦਰੋਂ ਜ਼ਮੀਰ ਬੋਲਦੀ ਹੈ—

*ਬੁਰਾ ਭਲਾ ਕਹਹੁ ਕਿਸ ਨੋ ਕਹੀਐ ਸਗਲੇ ਜੀਅ ਤੁਮਾਰੇ॥*

—ਆਸਾ ਮ: ੫, ਪੰਨਾ ੩੮੩

ਇਸ ਅਵਸਥਾ ਵਿਚ ਕੋਈ ਵੈਰ ਭਾਵ ਨਹੀਂ ਹੁੰਦਾ—

*ਸਭ ਕੋ ਮੀਤ ਹਮ ਆਪਨ ਕੀਨਾ*
*ਹਮ ਸਭਨਾ ਕੇ ਸਾਜਨ॥*

—ਧਨਾਸਰੀ ਮ: ੫, ਪੰਨਾ ੬੭੧

ਨਜ਼ਰ ਬਦਲ ਜਾਣ ਨਾਲ ਨਜ਼ਾਰਾ ਵੀ ਬਦਲ ਜਾਂਦਾ ਹੈ। ਸੰਸਾਰ ਵਿਚੋਂ ਵੀ ਕਰਤਾਰ ਦੇ ਦਰਸ਼ਨ ਹੁੰਦੇਂ ਹਨ।

ਅਗਿਆਨਤਾ ਦਾ ਹਨੇਰਾ ਮੁੱਕਦਾ ਹੈ। ਵੈਰ ਭਾਵ ਦੀ ਧੁੰਦ ਮੁੱਕਦੀ ਹੈ। ਅਨੇਕਤਾ ਦੇ ਛੋੜ ਕੱਟੇ ਜਾਂਦੇ ਹਨ।

*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਰੈਣਿ ਕਿਰਾਖੀ॥*
*ਅਦਿਸਟੁ ਅਗੋਚਰ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ॥*

—ਸਿਰੀ ਰਾਗੁ ਵਾਰ ਮ: ੪, ਪੰਨਾ ੮੭

ਜਿਵੇਂ ਸੂਰਜ ਨੇ ਰਾਤ ਖਿੱਚ ਲਈ ਭਾਵ ਰਾਤ ਦਾ ਹਨੇਰਾ ਮਿਟਾ ਦਿੱਤਾ, ਪ੍ਰਕਾਸ਼ ਹੋ ਗਿਆ। ਇਸੇ ਤਰ੍ਹਾਂ ਮਾਇਆ ਦਾ ਅੰਧਕਾਰ ਮਿਟਣ ਨਾਲ ਜੋ ਨਾ ਦਿੱਸਣ ਵਾਲਾ, ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰਾਂ, ਲਖਤਾ ਤੋਂ ਪਾਰ, ਮਾਇਆ ਦੀ ਕਾਲਖ ਤੋਂ ਪਰੇ ਜੋ ਪਰਮਾਤਮਾ ਸੀ ਗੁਰਮੁਖ ਨੇ ਅੱਖਾਂ ਨਾਲ ਉਸ ਨੂੰ ਵੇਖ ਲਿਆ।

ਗੁਰਮੁਖ ਜਦੋਂ ਆਪਣੇ ਅੰਦਰੋਂ ਉਸ ਦੇ ਦਰਸ਼ਨ ਕਰਦਾ ਹੈ ਤਾਂ ਫਿਰ ਦ੍ਰਿਸ਼ਟੀ ਵਿਚ ਅੰਦਰ ਬਾਹਰ ਪਰਮਾਤਮਾ ਹੀ ਪਰਮਾਤਮਾ ਹੁੰਦਾ ਹੈ। ਐਸੀ ਦ੍ਰਿਸ਼ਟੀ ਵਾਲਾ ਮਨੁੱਖ ਪਰਮਾਤਮਾ ਦਾ ਰੂਪ ਹੈ, ਸੰਤ ਹੈ, ਭਗਤ ਹੈ।

ਵੈਰ ਭਾਵ ਦੀ ਦ੍ਰਿਸ਼ਟੀ ਵਾਲਾ, ਦਵੈਖ ਦੀ ਦ੍ਰਿਸ਼ਟੀ ਵਾਲਾ ਮਨੁੱਖ ਰਾਕਸ਼ ਹੈ, ਦੈਂਤ ਹੈ। ਦੈਂਤ ਤੋਂ ਦੇਵਤਾ ਬਣਨਾ ਹੈ ਤਾਂ ਦਵੈਖ ਦ੍ਰਿਸ਼ਟੀ ਤੋਂ ਦਿਬ ਦ੍ਰਿਸ਼ਟੀ ਤੱਕ ਪੁਜਣਾ ਹੈ।

ਇਹੀ ਹੈ ਗੁਰਮਤਿ ਅਨੁਸਾਰ ਮੰਜ਼ਲ ਜਿਸ ਨੂੰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਤੇ ਪੰਥ ਦਾ ਪੱਲਾ ਫੜ ਕੇ ਸਿੱਖ ਨੇ ਤੈਅ ਕਰਨਾ ਹੈ। ਇਹੀ ਹੈ ਧਰਮ ਦੀ ਯਾਤਰਾ।

ਇਹ ਮੰਜ਼ਲ ਸਥੂਲ ਨਹੀਂ ਸੂਖਸ਼ਮ ਹੈ ਨਜ਼ਰ ਨਹੀਂ ਆਉਂਦੀ ਪਰ ਗੁਰੂ ਦਾ ਪੱਲਾ ਫੜ ਕੇ ਜੋ ਪਾਂਧੀ ਤੁਰਦਾ ਹੈ ਆਖਰ ਪੁੱਜ ਹੀ ਜਾਂਦਾ ਹੈ। ਹਿੰਮਤ ਕਰਨੀ ਹੈ ਪਰ ਹੁਕਮ ਵਿਚ ਹਿੰਮਤ ਤੇ ਹੁਕਮ ਇਕ ਹੋ ਜਾਣ। ਹਿੰਮਤ ਤੇ ਹੰਕਾਰ ਇਕੱਠੇ ਨਾ ਹੋ ਜਾਣ। ਇਥੇ ਇਕ ਹੀ ਹਿੰਮਤ ਕੰਮ ਆਉਂਦੀ ਹੈ ਕਿ ਸਿੱਖ ਸਤਿਗੁਰੂ ਦੀ ਸ਼ਰਨ ਵਿਚ ਰਹੇ। ਜਿਸ ਸਿੱਖ ਵਿਚ ਗੁਰੂ ਦੇ ਸ਼ਰਨ ਵਿਚ ਪੈਣ ਦੀ ਹਿੰਮਤ ਹੈ। ਜੋ ਡਡੌਤ ਵਿਚ ਸਿਰ ਰੱਖ ਸਕਦਾ ਹੈ। ਹਉਮੈ ਭੇਟ ਕਰ ਸਕਦਾ ਹੈ, ਇਹ ਮੰਜ਼ਲ ਉਸੇ ਨੂੰ ਮਿਲਦੀ ਹੈ। ਗੁਰੂ ਦਿਲਾਸਾ ਦਿੰਦੇ ਹਨ। ਅਲੂਣੀ ਸਿਲ੍ਹ ਚੱਟ ਹਿੰਮਤ ਨਾ ਹਾਰ, ਪੁੱਜ ਜਾਏਂਗਾ।

*ਨਿਗਾਹੋਂ ਮੇ ਨਾ ਮੰਜ਼ਲ ਹੈ ਨਾਂ ਮੰਜ਼ਲ ਕਾ ਨਿਸ਼ਾਂ ਕੋਈ।*
*ਹਿੰਮਤ ਨਾ ਹਾਰ ਰਾਹੀ ਮਿਲ ਜਾਏਗਾ ਕਿਨਾਰਾ।*

**

# ੧ ਪੂਜਾਰੀ

ਅੱਜ ਦੁਨੀਆਂ ਵਿਚ ਤਿੰਨ ਸੌ ਦੇ ਕਰੀਬ ਧਰਮ ਹਨ। ਹਰ ਧਰਮ ਦਾ ਆਪੋ ਆਪਣਾ ਪੁਜਾਰੀ ਹੈ। ਪੁਜਾਰੀ ਦਾ ਅਰਥ ਹੈ ਪੂਜਾ ਕਰਨ ਵਾਲਾ। ਨਵਧਾ ਭਗਤੀ ਵਿਚੋਂ ਇਕ ਭਗਤੀ ਪੂਜਾ ਹੈ। ਪੂਜਾ ਦਾ ਭਾਵ ਅਦਬ ਸਤਿਕਾਰ ਹੀ ਹੈ। ਧਰਮ ਦਾ ਪਹਿਲਾ ਅੰਗ ਪੂਜਾ ਹੀ ਹੈ। ਅਦਬ ਸਤਿਕਾਰ ਬੜਾ ਜ਼ਰੂਰੀ ਹੈ। ਪੂਜਾ ਕਰਨ ਦਾ ਭਾਵ ਹੀ ਇਹ ਹੈ ਕਿ ਪਿਆਰੇ ਇਸ਼ਟ ਅੱਗੇ ਇਸ ਢੰਗ ਨਾਲ ਝੁਕਾਂ ਕਿ ਮੇਰਾ ਹੰਕਾਰ ਖਤਮ ਹੋ ਜਾਏ ਅਤੇ ਮੈਂ ਠਾਕੁਰ ਦੀ ਆਗਿਆ ਅਨੁਸਾਰ ਚੱਲਾਂ।

ਸੁਖਮਨੀ ਸਾਹਿਬ ਵਿਚ ਸਤਿਗੁਰੂ ਲਿਖਦੇ ਹਨ, ਠਾਕੁਰ ਦਾ ਸੇਵਕ ਆਗਿਆ ਵਿਚ ਰਹਿੰਦਾ ਹੈ ਅਤੇ ਉਹ ਸਦਾ ਹੀ ਪੁਜਾਰੀ ਹੈ। ਆਗਿਆ ਵਿਚ ਰਹਿਣਾ ਹੀ ਉਸ ਦੀ ਪੂਜਾ ਕਰਨੀ ਹੈ।

*ਠਾਕੁਰ ਕਾ ਸੇਵਕ ਆਗਿਆਕਾਰੀ॥*
*ਠਾਕੁਰ ਕਾ ਸੇਵਕ ਸਦਾ ਪੁਜਾਰੀ॥*

ਉਸ ਦੀ ਆਗਿਆ ਵਿਚ ਰਹਿਣਾ ਹੀ ਉਸ ਦੀ ਪੂਜਾ ਹੈ।

ਸਤਿਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਪੂਜਾ ਜ਼ਰੂਰ ਕਰਨੀ ਚਾਹੀਦੀ ਹੈ। ਪੂਜਾ ਕੀ ਹੈ, ਨਾਮ ਧਿਆਉਣਾ ਚਾਹੀਦਾ ਹੈ, ਨਾਮ ਤੋਂ ਬਿਨਾਂ ਉਸ ਦੀ ਪੂਜਾ ਨਹੀਂ ਹੋ ਸਕਦੀ।

ਹੇ ਪ੍ਰਭੂ ਤੇਰਾ ਨਾਮ ਹੀ ਮੈਂ ਚੰਦਨ ਦੀ ਲੱਕੜੀ ਬਣਾਵਾਂ। ਜੇਕਰ ਟਿਕਿਆ ਹੋਇਆ ਮਨ ਚੰਦਨ ਦੀ ਲੱਕੜੀ ਘਸਾਉਣ ਲਈ ਸਿਲ, ਉਰਸਾ ਬਣੇ ਫਿਰ ਮੇਰੀ ਕਰਨੀ ਦਾ ਕੇਸਰ ਜੇਕਰ ਵਿਚ ਮਿਲ ਜਾਏ ਤਾਂ ਹਿਰਦੇ ਵਿਚ ਹੀ ਤੇਰੀ ਪੂਜਾ ਹੋ ਜਾਏ।

*ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥*
*ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥*
*ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨਾ ਹੋਇ॥*

—ਗੂਜਰੀ ਮ: ੧, ਪੰਨਾ ੪੮੯

ਇਕ ਬੰਦਾ ਜੇ ਬਾਹਰ ਦੇਵਤੇ ਦੀ ਮੂਰਤੀ ਨੂੰ ਧੋ ਰਿਹਾ ਹੈ, ਇਸ ਤਰ੍ਹਾਂ ਕੋਈ ਆਪਣਾ ਮਨ ਵੀ ਧੋ ਸਕੇ। ਮਨ ਨੂੰ ਮਾਂਜਿਆਂ ਸਾਰੀ ਜੂਠ ਉਤਰ ਜਾਂਦੀ ਹੈ ਅਤੇ ਮੋਖ ਦਾ ਰਸਤਾ ਖੁਲ੍ਹ ਜਾਂਦਾ ਹੈ।

*ਬਾਹਰ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ॥*

*ਜੂਠ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ॥*

ਉਸ ਧਰਮ ਨੂੰ ਮੰਨਣ ਵਾਲੀ ਉਮਤ ਦੇ ਭਾਗ ਮੰਦੇ ਹਨ ਜਿਨ੍ਹਾਂ ਦੇ ਧਾਰਮਿਕ ਪੁਜਾਰੀ ਪ੍ਰਭੂ ਦੇ ਆਗਿਆਕਾਰੀ ਨਾ ਹੋਣ। ਲੋਕਾਂ ਨੂੰ ਖੁਦਾ ਦਾ ਹੁਕਮ ਸੁਣਾਈ ਜਾਣ ਪਰ ਆਪ ਨਾ ਮੰਨਦੇ ਹੋਣ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹਜ਼ੂਰ ਇਕ ਐਸੀ ਘਟਨਾ ਘਟੀ ਸੀ ਕਿ ਇਕ ਵਾਰ ਕੁਝ ਰਾਗੀਆਂ ਆ ਕੇ ਬੜੀਆਂ ਸੋਹਣੀਆਂ ਸੁਰਾਂ ਵਿਚ ਕੀਰਤਨ ਕੀਤਾ ਪਰ ਸੰਗਤਾਂ ਉੱਤੇ ਕੋਈ ਅਸਰ ਨਹੀਂ ਹੋਇਆ। ਸਤਿਗੁਰੂ ਆਪ ਵੀ ਇਨ੍ਹਾਂ ਦੇ ਜੀਵਨ ਬਾਰੇ ਜਾਣਦੇ ਸਨ ਕਿ ਇਨ੍ਹਾਂ ਦਾ ਗਾਉਣਾ ਕੇਵਲ ਰੋਟੀ ਵਾਸਤੇ ਹੀ ਹੈ। ਇਨ੍ਹਾਂ ਦੇ ਮਨ ਤੇ, ਇਨ੍ਹਾਂ ਦੀ ਆਤਮਾ ਨੂੰ ਕੀਰਤਨ ਦੀ ਛੋਹ ਨਹੀਂ ਲੱਗ ਸਕੀ।

ਸਤਿਗੁਰਾਂ ਇਨ੍ਹਾਂ ਨੂੰ ਸਮਝਾਉਣ ਹਿਤ ਇਕ ਸਾਖੀ ਸੁਣਾਈ ਕਿ ਇਕ ਵਾਰ ਕਿਸੇ ਕਿਰਸਾਣ ਦੀ ਕਹੀ ਗਵਾਚ ਗਈ ਸੀ। ਇਕ ਭਿਰਾਈ ਨਗਰ ਵਿਚ ਰਹਿੰਦਾ ਸੀ। ਜਦੋਂ ਕਿਸੇ ਦੀ ਕੋਈ ਚੀਜ਼ ਗਵਾਚ ਜਾਂਦੀ ਸੀ ਉਸ ਭਿਰਾਈ ਨੂੰ ਦੱਸਿਆ ਜਾਂਦਾ ਸੀ ਉਹ ਉੱਚੀ ਆਵਾਜ਼ ਵਿਚ ਕਹਿੰਦਾ ਸੀ ਕਿ ਕਿਸੇ ਦੇ ਘਰ ਇਹ ਵਸਤੂ ਹੋਵੇ ਤਾਂ ਵਾਪਸ ਕਰ ਦਿਓ। ਇਸ ਨੇ ਕਹੀ ਬਾਰੇ ਵੀ ਆਵਾਜ਼ ਦਿੱਤੀ ਅਤੇ ਕਿਹਾ ਕਿ ਅਗਰ ਕਹੀ ਵਾਪਸ ਨਾ ਕੀਤੀ ਗਈ ਤਾਂ ਹਰ ਘਰ ਦੀ ਤਲਾਸ਼ੀ ਲਈ ਜਾਏਗੀ। ਸਾਰੇ ਨਗਰ ਦੀ ਤਲਾਸ਼ੀ ਲਈ ਗਈ, ਕਿਤੋਂ ਕਹੀ ਨਹੀਂ ਮਿਲੀ ਆਖਿਰ ਇਕ ਸਿਆਣੇ ਨੇ ਕਿਹਾ, ਇਸ ਭਿਰਾਈ ਦੇ ਘਰ ਦੀ ਤਲਾਸ਼ੀ ਲਵੋ ਤਾਂ ਕਹੀ ਉਸੇ ਦੇ ਘਰੋਂ ਨਿਕਲੀ। ਇਸ ਤੇ ਸਾਰੇ ਨਗਰ ਦੇ ਲੋਕ ਹੈਰਾਨ ਹੋ ਗਏ। ਸਤਿਗੁਰਾਂ ਉਨ੍ਹਾਂ ਕੀਰਤਨੀਆਂ ਨੂੰ ਸੁਚੇਤ ਕਰ ਕੇ ਕਿਹਾ ਕਿ ਕਦੀ ਆਪਣੇ ਘਰ ਵੱਲ ਵੀ ਧਿਆਨ ਦਿਆ ਕਰੋ। ਤੁਸੀਂ ਮਾਲਕ ਦੀ ਆਗਿਆ ਹੋਰਨਾਂ ਨੂੰ ਤਾਂ ਸੁਣਾ ਰਹੇ ਹੋ ਪਰ ਆਪ ਨਹੀਂ ਮੰਨਦੇ। ਪੂਜਾ ਬਾਹਰ ਦੀ ਕਿਰਿਆ ਤਾਂ ਬਹੁਤ ਘੱਟ ਹੈ ਬਹੁਤੀ ਅੰਦਰ ਦੀ ਹੀ ਕਿਰਿਆ ਹੈ। ਪੂਜਾ ਕਰਨ ਵਾਲਾ ਅੰਦਰੋਂ ਆਪਣੇ ਇਸ਼ਟ ਦੇ ਅਦਬ ਸਤਿਕਾਰ ਨਾਲ ਭਰਪੂਰ ਹੁੰਦਾ ਹੈ। ਉਸ ਨੂੰ ਸਦਾ ਇਕ ਹੀ ਧਿਆਨ ਰਹਿੰਦਾ ਹੈ ਕਿ ਕਿਤੇ ਮੈਂ ਆਪਣੇ ਪਿਆਰੇ ਦੀ ਬੇਅਦਬੀ ਨਾ ਕਰ ਬੈਠਾਂ। ਉਹ ਹਰ ਸਮੇਂ ਪਿਆਰੇ ਦਾ ਸਤਿਕਾਰ ਕਰਦਾ ਹੈ। ਸਭ ਤੋਂ ਵੱਡਾ ਸਤਿਕਾਰ ਕੀ ਹੈ,

Sri Satguru Jagjit Singh Ji eLibrary NamdhariElibrary@gmail.com

ਪਿਆਰੇ ਦਾ ਹੁਕਮ ਮੰਨਣਾ, ਆਗਿਆਕਾਰੀ ਰਹਿਣਾ, ਹੁਕਮ ਤੋਂ ਮੂੰਹ ਨਾ ਮੋੜਨਾ।

ਪਰ ਅੱਜ ਤਾਂ ਅਸਲੀਅਤ ਇੰਜ ਜਾਪਦੀ ਹੈ ਕਿ ਜੇਕਰ ਵਿਸ਼ਨੂੰ ਆਪ ਆ ਜਾਣ ਤਾਂ ਵਿਸ਼ਨੂੰ ਦਾ ਪੁਜਾਰੀ ਕਹਿ ਦੇਵੇ ਕਿ ਅਸੀਂ ਤੇਰੀ ਮੂਰਤੀ ਪੂਜ ਸਕਦੇ ਹਾਂ ਪਰ ਤੈਨੂੰ ਨਹੀਂ। ਫਿਰ ਜਦੋਂ ਤੇਰੇ ਥਾਂ ਅਸੀਂ ਜੰਮ ਕੇ ਬੈਠ ਗਏ ਹਾਂ ਹੁਣ ਤੇਰੀ ਲੋੜ ਵੀ ਕੀ ਹੈ। ਤੇਰਾ ਕੰਮ ਅਸੀਂ ਕਰ ਰਹੇ ਹਾਂ, ਭਗਵਾਨ ਹੁਣ ਤੁਸੀਂ ਅੰਤਰ ਧਿਆਨ ਹੋ ਜਾਓ। ਨਹੀਂ ਤਾਂ ਸਾਨੂੰ ਕੁਝ ਹੋਰ ਸੋਚਣਾ ਪਵੇਗਾ ਅਤੇ ਨਤੀਜੇ ਦੇ ਜ਼ਿੰਮੇਵਾਰ ਤੁਸੀਂ ਆਪ ਹੋਵੋਗੇ।

ਰਾਮ ਨੂੰ ਪੂਜਣ ਵਾਲੇ ਬਹੁਤ ਹਨ। ਰਾਮ ਲੀਲਾ ਵਾਲੇ ਦਿਨਾਂ ਵਿਚ ਉਚੇਚਾ ਰਾਮ ਬਣਾਉਂਦੇ ਹਨ ਪਰ ਜੇ ਰਾਮ ਆਪ ਆ ਜਾਣ ਤਾਂ ਪੁਜਾਰੀ ਜ਼ਰੂਰ ਕਹਿ ਦੇਣਗੇ, ਮਹਾਰਾਜ ਇਹ ਸਰੂਪ ਤਾਂ ਸਿਰਫ਼ ਰਾਮ ਲੀਲਾ ਦੇ ਦਿਨਾਂ ਵਿਚ ਹੀ ਸ਼ੋਭਦਾ ਹੈ, ਅੱਗੇ ਪਿੱਛੇ ਇਹ ਪਾਖੰਡ ਚੰਗਾ ਨਹੀਂ ਲੱਗਦਾ। ਜੇਕਰ ਕ੍ਰਿਸ਼ਨ ਵੀ ਆ ਜਾਣ ਤਾਂ ਬਹੁਤਿਆਂ ਨੂੰ ਇਹੀ ਸ਼ੱਕ ਪਵੇਗਾ ਕਿ ਪੈਸੇ ਮੰਗਣ ਲਈ ਕਿਸੇ ਨੇ ਕ੍ਰਿਸ਼ਨ ਦਾ ਰੂਪ ਬਣਾਇਆ ਹੈ।

ਜੇਕਰ ਪੱਕਾ ਹੋ ਜਾਏ ਕਿ ਅਵਤਾਰ ਫਿਰ ਆ ਰਹੇ ਹਨ ਤਾਂ ਪੁਜਾਰੀ ਪੂਰਾ ਪ੍ਰਬੰਧ ਕਰਨਗੇ ਕਿ ਅਵਤਾਰ ਨਾ ਆਉਣ। ਇਨ੍ਹਾਂ ਦੀ ਕੀ ਲੋੜ ਹੈ। ਐਸਾ ਨਾ ਸਮਝਣਾ ਕਿ ਈਸਾ ਦੀ ਆਮਦ ਵਿਚ ਯਹੂਦੀ ਹੀ ਰੋਕ ਬਣੇ। ਨਹੀਂ, ਹੁਣ ਆਉਣਾ ਚਾਹੁਣ ਤਾਂ ਆਪਣੇ ਈਸਾਈ ਉਸ ਤੋਂ ਵੀ ਜ਼ਿਆਦਾ ਖ਼ਤਰਨਾਕ ਸਿੱਧ ਹੋਣਗੇ। ਪੁਜਾਰੀ ਅਗਰ ਆਗਿਆਕਾਰੀ ਨਾ ਹੋਵੇ ਤਾਂ ਜਾਨ ਦਾ ਵੈਰੀ ਸਿੱਧ ਹੋਵੇਗਾ।

ਗੁਰੂ ਤੇਗ ਬਹਾਦਰ ਜੀ ਜਦੋਂ ਅੰਮ੍ਰਿਤਸਰ ਆਏ ਸਨ ਤਾਂ ਪੁਜਾਰੀਆਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਸਨ। ਗੁਰੂ ਸਾਹਿਬ ਨੇ ਜੋ ਕਿਹਾ ਸੀ, ਭਾਈ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ—

*ਨਹਿ ਮਸੰਦ ਤੁਮ ਅੰਮ੍ਰਿਤਸਰੀਏ।*
*ਤ੍ਰਿਸ਼ਨਾ ਅਗਣ ਤੇ ਅੰਤਰ ਸੜੀਏ।*

ਪੰਥ ਪ੍ਰਕਾਸ਼ ਵਿਚ ਗਿ: ਗਿਆਨ ਸਿੰਘ ਜੀ ਲਿਖਦੇ ਹਨ ਕਿ ਜਿਵੇਂ ਕੋਈ ਅਣਜਾਣ ਕੁੱਤਾ ਸ਼ੇਰ ਨੂੰ ਵੇਖ ਕੇ ਆਪਣੀ ਰੋਟੀ ਦਾ ਟੁਕੜਾ ਚੁੱਕ ਕੇ ਦੌੜ ਜਾਏ ਕਿ ਸ਼ੇਰ ਕਿਤੇ ਮੇਰੀ ਰੋਟੀ ਨਾ ਖੋਹ ਲਵੇ। ਇਸੇ ਤਰ੍ਹਾਂ ਪੁਜਾਰੀਆਂ ਨੂੰ ਰੋਟੀ ਦਾ ਫ਼ਿਕਰ ਪੈ ਗਿਆ ਸੀ ਤੇ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰਕੇ ਚਲੇ ਗਏ ਸਨ।

*ਪੇਖ ਸਿੰਘ ਕੋ ਜੈਸੇ ਸੁਆਨ। ਦੌੜਤ ਟੁਕੜਾ ਚਾਇ ਅਜਾਣ।*
*ਮਤ ਕਿਤ ਸ਼ੇਰ ਖੋਸ ਇਹ ਲੇਈ। ਕਰੀ ਕਰਤੂਤ ਪੁਜਾਰੀਓ ਵੇਈ।*

—ਨਵੀਨ ਪੰਥ ਪ੍ਰਕਾਸ਼

Sri Satguru Jagjit Singh Ji eLibrary NamdhariElibrary@gmail.com

ਇਕ ਬੜੀ ਸੁੰਦਰ ਕਥਾ ਹੈ।

ਇਕ ਵਾਰ ਇਕ ਸ਼ੂਦਰ ਮੰਦਰ ਵਿਚ ਜਾਣ ਲੱਗਾ। ਜਿਵੇਂ ਨਾਮਦੇਵ ਜੀ ਨੂੰ ਮੰਦਰ ਵਿਚੋਂ ਧੱਕੇ ਪਏ ਸਨ, ਇਨ ਬਿਨ ਇਸੇ ਤਰ੍ਹਾਂ ਹੀ ਇਸ ਨਾਲ ਹੋਇਆ। ਕੋਈ ਵਿਚਾਰਾ ਨਾਮਦੇਵ ਦਾ ਹੀ ਧਰਮ ਭਰਾ ਹੋਵੇਗਾ। ਨਾਮਦੇਵ ਜੀ ਤਾਂ ਬੜੇ ਬਲਵਾਨ ਨਿਕਲੇ ਉਸ ਵਕਤ ਹੀ ਮੰਦਰ ਦੇ ਪਿੱਛੇ ਜਾ ਬੈਠੇ ਕਿ ਚਲੋ ਭਗਵਾਨ ਨੂੰ ਪਿਛੋਂ ਹੀ ਚਲ ਗਲਵਕੜੀ ਪਾਉਂਦੇ ਹਾਂ ਤੇ ਅੱਖਾਂ ਤੇ ਹੱਥ ਰੱਖ ਕੇ ਪੁੱਛਦੇ ਹਾਂ ਬੁਝ ਭਗਵਾਨ ਕੌਣ ਆਇਆ ਹੈ ਤੇ ਭਗਵਾਨ ਨੇ ਮੂੰਹ ਹੀ ਨਾਮਦੇਵ ਵਾਲੇ ਪਾਸੇ ਕਰ ਲਿਆ।

*ਹਸਤ ਖੇਲਤ ਤੇਰੇ ਦੇਹੁਰੇ ਆਇਆ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ। ਰਹਾਉ॥*
*ਲੈ ਕਮਲੀ ਚਲਿਓ ਪਲਟਾਇ॥*
*ਦੇਹੁਰੈ ਪਾਛੈ ਬੈਠਾ ਜਾਇ॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ।।॥*
*ਭਗਤ ਜਨਾਂ ਕਉ ਦੇਹੁਰਾ ਫਿਰੈ॥*

—ਭੈਰਉ ਨਾਮਦੇਉ ਜੀ, ਪੰਨਾ ੧੧੬੪

ਪਰ ਉਹ ਸ਼ੂਦਰ ਏਨੇ ਸਾਹਸ ਵਾਲਾ ਨਹੀਂ ਸੀ। ਉਹ ਮਾਰ ਖਾ ਕੇ ਘਰ ਚਲਾ ਗਿਆ, ਸੌਂ ਗਿਆ। ਰਾਤ ਨੂੰ ਸੁਪਨੇ ਵਿਚ ਭਗਵਾਨ ਮਿਲ ਪਏ ਅਤੇ ਪੁੱਛਿਆ ਕਿ ਪਿਆਰੇ ਭਗਤ ਤੂੰ ਮੰਦਰ ਵਿਚ ਕੀ ਕਰਨ ਗਿਆ ਸੈਂ। ਸ਼ੂਦਰ ਨੇ ਕਿਹਾ, ''ਹੇ ਭਗਵਾਨ ਮੈਂ ਤੇਰੇ ਦਰਸ਼ਨ ਕਰਨ ਗਿਆ ਸਾਂ।'' ਭਗਵਾਨ ਨੇ ਕਿਹਾ, ''ਕਮਲਿਆ, ਉਸ ਪੁਜਾਰੀ ਨੇ ਤਾਂ ਅੱਜ ਤੱਕ ਮੈਨੂੰ ਨਹੀਂ ਅੰਦਰ ਜਾਣ ਦਿੱਤਾ। ਤੂੰ ਕੀ ਕਰਨ ਗਿਆ ਸੈਂ। ਸੱਚ ਹੀ, ਪੁਜਾਰੀ ਦਾ ਵੱਸ ਲੱਗੇ ਤਾਂ ਭਗਵਾਨ ਨੂੰ ਉਸ ਮੌਤੇ ਮਾਰੇ ਕਿ ਦੁਬਾਰਾ ਭਗਵਾਨ ਕਿਤੇ ਨਜ਼ਰ ਨਾ ਆਵੇ। ਹਰਨਾਕਸ਼ ਵੀ ਪਹਿਲਾਂ ਪੁਜਾਰੀ ਹੀ ਸੀ, ਰਾਵਣ ਵੀ ਪਹਿਲਾਂ ਪੁਜਾਰੀ ਸੀ, ਬ੍ਰਾਹਮਣ ਸੀ। ਇਹ ਪੁਜਾਰੀ ਰੱਬ ਦੇ ਸ਼ਰੀਕ ਬਣ ਗਏ।

ਸਤਿਗੁਰੂ ਕਹਿੰਦੇ ਹਨ ਪੁਜਾਰੀ ਉਹ ਜਿਹੜਾ ਆਗਿਆਕਾਰੀ ਹੋਵੇ, ਨਹੀਂ ਤਾਂ ਉਸਦੀ ਪੂਜਾ ਪਾਖੰਡ ਹੈ। ਜੀਅ ਕੇ ਜੀਵਨ ਨੂੰ ਪੁਜਾਰੀ ਸਮਝ ਲਵੇ ਤਾਂ ਫਿਰ ਤਾਂ ਉਸ ਨੂੰ ਪੂਜਾ ਲਈ ਕੁਝ ਤੋੜਨ ਦੀ ਲੋੜ ਨਹੀਂ, ਕੁਝ ਜੋੜਨ ਦੀ ਲੋੜ ਹੈ। ਫਿਰ ਤਾਂ ਫੁੱਲ ਤੋੜਨ ਦੀ, ਪੱਤੀਆਂ ਤੋੜਣ ਦੀ ਲੋੜ ਨਹੀਂ। ਸਗੋਂ ਫੁੱਲਾਂ ਦਾ ਬੂਟਾ ਲਗਾ ਦਿੱਤਾ, ਆਪੇ ਪੂਜਾ ਹੋ ਗਈ। ਕਬੀਰ ਸਾਹਿਬ ਉਨ੍ਹਾਂ ਬੰਦਿਆਂ ਨੂੰ

Sri Satguru Jagjit Singh Ji eLibrary NamdhariElibrary@gmail.com

 www.archive.org/details/namdhari 

ਸੁਚੇਤ ਕਰਦੇ ਹਨ ਜੋ ਪੂਜਾ ਦੇ ਨਾਂ ਤੇ ਸਾਰੀ ਉਮਰ ਕੁਝ ਨਾ ਕੁਝ ਤੋੜਦੇ ਹੀ ਰਹੇ ਹਨ।

ਇਹ ਮਾਲਣ, ਤੂੰ ਜੋ ਪੱਤੇ ਤੋੜ ਰਹੀ ਹੈ ਇਹ ਤਾਂ ਜਿਊਂਦੇ ਪੱਤੇ ਹਨ ਮੁਰਦਾ ਪੱਥਰ ਦੀ ਪੂਜਾ ਲਈ ਇਹ ਮਾਲਣ ਕਿਉਂ ਜਿਊਂਦੇ ਪੱਤੇ ਮਾਰ ਰਹੀ ਹੈ। ਇਸ ਤਰ੍ਹਾਂ ਮਾਲਣ ਭੁੱਲੀ ਹੋਈ ਹੈ। ਸਤਿਗੁਰੂ ਤਾਂ ਸਦਾ ਜਾਗਦਾ ਹੈ। ਉਹ ਪ੍ਰਕਾਸ਼ ਸਰੂਪ ਹੈ। ਬ੍ਰਹਮਾ ਇਨ੍ਹਾਂ ਪੱਤਿਆਂ ਵਿਚ ਹਨ, ਵਿਸ਼ਨੂ ਡਾਲੀਆਂ ਵਿਚ ਹੈ, ਫੁੱਲਾਂ ਵਿਚ ਸ਼ੰਕਰ ਹੈ। ਇਕ ਡਾਲੀ ਤੋੜਨ ਲੱਗਿਆਂ ਇਸ ਨੇ ਤਿੰਨ ਦੇਵਤੇ ਕਤਲ ਕੀਤੇ ਹਨ, ਫਿਰ ਪੂਜਾ ਕਿਸ ਦੀ ਕਰ ਰਹੀ ਹੈ?

*ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥*
*ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥*
*ਭੂਲੀ ਮਾਲਨੀ ਹੈ ਏਉ॥*
*ਸਤਿਗੁਰ ਜਾਗਤਾ ਹੈ ਦੇਉ ॥ ਰਹਾਉ॥*
*ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸ਼ੰਕਰ ਦੇਉ॥*
*ਤੀਨਿ ਦੇਵ ਪ੍ਰਤੱਖ ਤੋਰਹਿ ਕਰਹਿ ਕਿਸਕੀ ਸੇਉ॥*

—ਆਸਾ ਕਬੀਰ ਜੀ, ਪੰਨਾ ੪੭੯

ਸਾਡੇ ਦੇਸ਼ ਵਿਚ ਤਾਂ ਪੁਜਾਰੀ ਇੰਨਾ ਨਿਰਦਈ ਹੋ ਗਿਆ ਸੀ ਕਿ ਪਸ਼ੂਆਂ ਦੀਆਂ ਬਲੀਆਂ ਦੇਣ ਦੇ ਨਾਲ ਮਨੁੱਖਾਂ ਦੀਆਂ ਬਲੀਆਂ ਵੀ ਪੂਜਾ ਦਾ ਰੂਪ ਧਾਰਨ ਕਰ ਗਈਆਂ ਸਨ। ਕੋਈ ਪਰਦੇਸੀ ਮਨੁੱਖ ਮਿਲ ਗਿਆ ਤਾਂ ਉਸ ਦੀ ਬਲੀ ਪੱਥਰ ਅੱਗੇ ਦੇ ਦੇਣੀ ਤੇ ਸਮਝਣਾ ਪੂਜਾ ਹੋ ਗਈ ਹੈ।

ਕਿਤੇ ਕੋਈ ਸਮਝ ਰਿਹਾ ਸੀ ਠਾਕੁਰ ਨੂੰ ਦੁੱਧ ਪਿਆਵਾਂ, ਇਸ਼ਨਾਨ ਕਰਾਵਾਂ, ਸੁਗੰਧੀ ਲਈ ਫੁੱਲ ਲਿਆਵਾਂ। ਇਸ ਢੰਗ ਨਾਲ ਪੂਜਾ ਕਰਾਂ। ਭਗਤ ਰਵਿਦਾਸ ਜੀ ਇਸ ਬਾਰੇ ਇਕ ਸ਼ਬਦ ਉਚਾਰਣ ਕਰਦੇ ਹਨ। ਦੁੱਧ ਤਾਂ ਥਣਾਂ ਤੋਂ ਹੀ ਵੱਛੇ ਜੂਠਾ ਕਰ ਦਿੱਤਾ ਹੈ। ਫੁੱਲਾਂ ਨੂੰ ਭੰਵਰੇ ਨੇ ਅਤੇ ਜਲ ਨੂੰ ਮੱਛੀਆਂ ਨੇ ਵਿਗਾੜ ਦਿੱਤਾ ਹੈ। ਹੇ ਮਾਂ, ਗੋਬਿੰਦ ਦੀ ਪੂਜਾ ਕਿਵੇਂ ਕਰਾਂ, ਹੋਰ ਤਾਂ ਸੁੱਚੇ ਫੁੱਲ ਹੈਣ ਨਹੀਂ। ਅਖੀਰ ਕਹਿੰਦੇ ਹਨ, ਮਨ ਤਨ ਅਰਪਣ ਕਰਾਂ, ਇਹ ਹੀ ਅਸਲ ਪੂਜਾ ਹੈ। ਮਨ ਅਰਪਣ ਕਰਨਾ ਹੈ ਆਗਿਆਕਾਰੀ ਹੋਣਾ।

*ਦੂਧੁ ਤਾ ਬਛਰੈ ਥਨਹੁ ਬਿਟਾਰਿਓ॥*
*ਫੂਲੁ ਭਵਰਿ ਜਲੁ ਮੀਨ ਬਿਗਾਰਿਓ॥*
*ਮਾਈ ਗੋਬਿੰਦ ਪੂਜਾ ਕਹਾਂ ਲੈ ਚਰਾਵਉ॥*
*ਅਵਰੁ ਨਾ ਫੂਲੁ ਅਨੂਪ ਨਾ ਪਾਵਉ॥ ਰਹਾਉ॥*
*ਮੈਲਾਗਰ ਬੇਰ੍ਹੇ ਹੈ ਭੁਇਅੰਗਾ॥*

Sri Satguru Jagjit Singh Ji eLibrary NamdhariElibrary@gmail.com

ਬਿਖੁ ਅੰਮ੍ਰਿਤ ਬਸਹਿ ਇਕ ਸੰਗਾ॥
ਧੂਪ ਦੀਪ ਨਈਬੇਦਹਿ ਬਾਸਾ॥
ਕੈਸੇ ਪੂਜ ਕਰਹਿ ਤੇਰੀ ਦਾਸਾ॥
ਤਨੁ ਮਨੁ ਅਰਪਉ ਪੂਜ ਚਰਾਵਉ॥
ਗੁਰ ਪ੍ਰਸਾਦਿ ਨਿਰੰਜਨੁ ਪਾਵਉ॥
ਪੂਜਾ ਅਰਚਾ ਆਹਿ ਨ ਤੋਰੀ॥
ਕਹਿ ਰਵਿਦਾਸ ਕਵਨ ਗਤਿ ਮੋਰੀ॥

—ਗੂਜਰੀ ਰਵਿਦਾਸ ਜੀ, ਪੰਨਾ ੫੨੫

ਭਗਤ ਨਾਮਦੇਵ ਜੀ ਵੀ ਇਸ ਭਾਵ ਦਾ ਇਕ ਸ਼ਬਦ ਉਚਾਰਣ ਕਰਦੇ ਹਨ ਕਿ ਮੈਂ ਘੜਾ ਲਿਆ ਕਿ ਪਾਣੀ ਲਿਆਵਾਂ ਅਤੇ ਠਾਕੁਰ ਨੂੰ ਇਸ਼ਨਾਨ ਕਰਾਵਾਂ। ਪਰ ਵੇਖਿਆ ਕਿ ਬਤਾਲੀ ਲੱਖ ਜੀਅ ਜੰਤ ਤਾਂ ਪਾਣੀ ਵਿਚ ਰਹਿੰਦੇ ਹਨ ਇਹ ਪਾਣੀ ਪਵਿੱਤਰ ਕਿਵੇਂ ਰਹਿ ਗਿਆ ਹੈ। ਫੁੱਲ ਲਿਆਂਦੇ ਕਿ ਠਾਕੁਰ ਦੀ ਪੂਜਾ ਕਰਾਂ, ਪਰ ਉਹ ਤਾਂ ਭੰਵਰਾ ਜੂਠੇ ਕਰ ਗਿਆ ਹੈ। ਉਸ ਨੇ ਪਹਿਲਾਂ ਹੀ ਬਾਸ ਲੈ ਲਈ ਹੈ। ਦੁੱਧ ਲਿਆਵਾਂ ਤੇ ਠਾਕੁਰ ਨੂੰ ਖੀਰ ਖੁਆਵਾਂ। ਪਰ ਦੁੱਧ ਤਾਂ ਪਹਿਲਾਂ ਹੀ ਵੱਛਾ ਜੂਠਾ ਕਰ ਗਿਆ ਹੈ।

ਭਗਤ ਦੀ ਦ੍ਰਿਸ਼ਟੀ ਇਹ ਹੈ ਕਿ ਮੈਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਵੇਖਣ ਦੀ ਲੋੜ ਹੈ। ਪੂਜਾ ਤਾਂ ਉਸ ਦੀ ਆਪੇ ਹੀ ਹੋ ਰਹੀ ਹੈ। ਉਹ ਸਰਬ ਵਿਆਪਕ ਹੈ ਤਾਂ ਫਿਰ ਉਹ ਪਾਣੀ ਵਿਚ ਵੀ ਹੈ। ਮੱਛੀਆਂ ਵਿਚ ਵੀ ਹੈ, ਉਹ ਫੁੱਲਾਂ ਵਿਚ ਵੀ ਹੈ। ਉਹ ਭੰਵਰੇ ਵਿਚ ਵੀ ਹੈ ਅਤੇ ਉਹ ਦੁੱਧ ਵਿਚ ਵੀ ਹੈ, ਉਹ ਵੱਛੇ ਵਿਚ ਵੀ ਹੈ।

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸ਼ਨਾਨ ਕਰਉ॥
ਬਇਆਲੀਸ ਲੱਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ॥
ਜਤ੍ਰ ਜਾਉ ਤਤ ਬੀਠਲੁ ਭੈਲਾ॥ ਮਹਾਂ ਅਨੰਦ ਕਰੇ ਸਦ ਕੇਲਾ॥ ਰਹਾਉ॥
ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ॥
ਪਹਿਲੇ ਬਾਸੁ ਲਈ ਹੈ ਭਵਰੇ ਬੀਠਲੁ ਭੈਲਾ ਕਾਇ ਕਰਉ॥
ਆਨੀਲੇ ਦੂਧ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ॥
ਪਹਿਲੇ ਦੂਧ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ॥
ਈਭੈ ਬੀਠਲੁ ਊਭੈ ਬੀਠਲੁ, ਬੀਠਲੁ ਬਿਨੁ ਸੰਸਾਰੁ ਨਹੀਂ॥
ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥

—ਆਸਾ ਨਾਮਦੇਵ ਜੀ, ਪੰਨਾ ੪੮੫

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਗਨਨਾਥ ਪੁਰੀ ਦੇ ਪੁਜਾਰੀਆਂ ਨੂੰ ਪੂਜਾ

Sri Satguru Jagjit Singh Ji eLibrary NamdhariElibrary@gmail.com

ਕਰਦੇ ਵੇਖਿਆ ਤੇ ਕਿਹਾ ਪੁਜਾਰੀ ਤਾਂ ਹੈਣ ਪਰ ਮਰਦਾਨਿਆ ਇਨ੍ਹਾਂ ਵਿਚੋਂ ਆਗਿਆਕਾਰੀ ਇਕ ਵੀ ਨਹੀਂ।

ਜਦੋਂ ਉਨ੍ਹਾਂ ਨੇ ਆਰਤੀ ਵਿਚ ਸ਼ਾਮਿਲ ਹੋ ਕੇ ਭਗਵਾਨ ਦੀ ਪੂਜਾ ਲਈ ਕਿਹਾ, ਸਤਿਗੁਰਾਂ ਕਿਹਾ ਸੀ ਆਰਤੀ ਤਾਂ ਹੋ ਰਹੀ ਹੈ, ਅਸੀਂ ਐਸੇ ਅੰਨ੍ਹੇ ਹਾਂ, ਵੇਖ ਵੀ ਨਹੀਂ ਸਕਦੇ। ਐਸੀ ਕਮਾਲ ਆਰਤੀ ਹੋ ਰਹੀ ਹੈ। ਜਿਸ ਵਿਚ ਉਸ ਨੇ ਆਪੇ ਥਾਲ ਰੱਖਿਆ ਹੈ, ਆਪੇ ਦੀਵੇ ਰੱਖੇ ਹਨ, ਆਪੇ ਉਨ੍ਹਾਂ ਦੀਵਿਆਂ ਵਿਚ ਤੇਲ ਪਾਇਆ ਹੈ, ਆਪੇ ਜਗਾਏ ਆਪੇ ਹੀ ਧੂਫਾਂ ਧੁਖਾਈਆਂ ਤੇ ਆਪੇ ਸੁਗੰਧੀਆਂ ਫੈਲਾਈਆਂ ਹਨ। ਆਪੇ ਹੀ ਚਉਰ ਕਰ ਰਿਹਾ ਹੈ। ਸਾਡੀ ਇੰਨੀ ਵੀ ਹਿੰਮਤ ਨਹੀਂ ਕਿ ਆਰਤੀ ਵੇਖ ਹੀ ਸਕੀਏ।

*ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥*
*ਅਨਹਤਾ ਸਬਦ ਵਜੰਤ ਭੇਰੀ॥*

—ਧਨਾਸਰੀ ਮ: ੧, ਪੰਨਾ ੬੬੩

ਉਸ ਦੀ ਪੂਜਾ ਹੈ—

*ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ॥*

ਉਸ ਦੇ ਹੁਕਮ ਵਿਚ ਰਹਿਣਾ, ਉਸਦੀ ਸਿਫ਼ਤ ਸਾਲਾਹ ਕਰਨੀ ਇਹ ਹੀ ਤਾਂ ਉਸਦੀ ਅਸਲ ਪੂਜਾ ਹੈ। ਉਸਦੀ ਸਿਫ਼ਤ ਸਾਲਾਹ ਕਰਨ ਨਾਲ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲਾ ਤਾਂ ਉਸ ਦਾ ਅਸਲ ਪੁਜਾਰੀ ਹੈ। ਇਕ ਬੰਦਾ ਅੱਠਾਂ ਪਹਿਰਾਂ ਵਿਚ ਥੋੜ੍ਹਾ ਜਿਹਾ ਸਮਾਂ ਤਾਂ ਪੁਜਾਰੀ ਬਣਿਆ ਰਹੇ ਅਤੇ ਬਾਕੀ ਸਾਰਾ ਸਮਾਂ ਵਿਵਹਾਰੀ ਬਣਿਆ ਰਹੇ, ਦੁਰਾਚਾਰੀ ਬਣਿਆ ਰਹੇ ਜਾਂ ਵਿਕਾਰੀ ਬਣਿਆ ਰਹੇ। ਫਿਰ ਤਾਂ ਇਸ ਤਰ੍ਹਾਂ ਜਾਪੇਗਾ ਕਿ ਆਦਮੀ ਦਾ ਅਸਲ ਸੁਭਾਅ ਤਾਂ ਉਹ ਹੈ ਜੋ ਇਹ ੨੩ ਘੰਟੇ ਕਰਦਾ ਰਿਹਾ ਹੈ। ਇਕ ਘੰਟਾ ਸਵੇਰ ਸ਼ਾਮ ਪੂਜਾ ਕਰ ਲਈ, ਇਹ ਕਿਤੇ ਆਦਤ ਵਸ ਤਾਂ ਨਹੀਂ। ਵੱਡੇ ਵਡੇਰੇ ਪੂਜਾ ਕਰਦੇ ਆਏ ਹਨ ਇਸ ਨੇ ਵੀ ਕਰ ਲਈ ਹੈ। ਅਸਲ ਕੰਮ ਤਾਂ ਉਹ ਹੈ ਜੋ ੨੩ ਘੰਟੇ ਕਰ ਰਿਹਾ ਹੈ। ਮਿਹਨਤ ਮਾਇਆ ਲਈ, ਦੌੜ ਭੱਜ ਮਾਇਆ ਲਈ, ਹੇਰਾ ਫੇਰੀ ਮਾਇਆ ਲਈ, ਰਾਤ ਸੁਪਨੇ ਮਾਇਆ ਦੇ। ਫਿਰ ਤਾਂ ਇੰਜ ਲੱਗਦਾ ਹੈ ਕਿ ਘੰਟਾ ਪੂਜਾ ਵੀ ਮਾਇਆ ਲਈ ਹੈ। ਪੁਜਾਰੀ ਤਾਂ ਅੱਠੇ ਪਹਿਰ ਹੀ ਪੁਜਾਰੀ ਰਹੇਗਾ, ਅੱਠੇ ਪਹਿਰ ਹੀ ਪਰਉਪਕਾਰੀ ਰਹੇਗਾ। ਜਿਸ ਠਾਕੁਰ ਦੀ ਪੂਜਾ ਕਰ ਰਿਹਾ ਹੈ ਉਹ ਠਾਕੁਰ ਤਾਂ ਸਰਬ ਵਿਆਪਕ ਹੈ। ਉਹ ਤਾਂ ਸਾਰੇ ਜੀਵਾਂ ਵਿਚ ਹੈ। ਫਿਰ ਤਾਂ ਇਹ ਸਿਮਰਨ ਕਰਕੇ ਪ੍ਰਭੂ ਪਾਸੋਂ ਸ਼ਕਤੀ ਪ੍ਰਾਪਤ ਕਰਦਾ ਹੈ ਅਤੇ ਦਇਆ ਕਰਕੇ ਉਸਦੀ ਖਲਕਤ ਦੀ ਸੇਵਾ ਕਰਦਾ ਹੈ। ਜਿਹੜਾ ਪੁਜਾਰੀ ਹੋਵੇਗਾ ਉਹ ਆਗਿਆਕਾਰੀ ਹੋਵੇਗਾ ਅਤੇ ਉਹ ਪਰਉਪਕਾਰੀ ਅਵੱਸ਼ ਹੋਵੇਗਾ। ਉਸ ਨੂੰ ਖਲਕਤ ਦੀ ਸੇਵਾ ਵੀ ਪਰਮਾਤਮਾ

Sri Satguru Jagjit Singh Ji eLibrary NamdhariElibrary@gmail.com

ਦੀ ਪੂਜਾ ਹੀ ਜਾਪਦੀ ਹੈ।

ਮੈਂ ਸੁਣਿਆ ਹੈ ਇਕ ਪੁਜਾਰੀ ਸਵੇਰੇ ਸ਼ਾਮ ਪਰਮਾਤਮਾ ਦੀ ਪੂਜਾ ਕਰਦਾ ਸੀ। ਫੁੱਲ ਭੇਟਾ ਕਰਦਾ ਸੀ, ਧੂਫ ਦੀਪ ਆਰਤੀ ਸਭ ਕੁਝ ਕਰਦਾ ਸੀ। ਪਰ ਸੋਚ ਰਿਹਾ ਸੀ ਜੀਵਨ ਬੀਤਦਾ ਜਾ ਰਿਹਾ ਹੈ। ਪਰਮਾਤਮਾ ਨਾਲ ਗੱਲ ਤਾਂ ਅਜੇ ਤੱਕ ਹੋਈ ਕੋਈ ਨਹੀਂ। ਇਕ ਦਿਨ ਰੋ-ਰੋ ਕੇ ਕਹਿ ਰਿਹਾ ਸੀ, ਹੇ ਪਰਮਾਤਮਾ ਮੈਂ ਤੇਰੀ ਇੰਨੀ ਪੂਜਾ ਕੀਤੀ ਹੈ, ਕੀ ਇਸ ਜਨਮ ਵਿਚ ਮੇਰੀ ਤੇਰੇ ਨਾਲ ਕੋਈ ਗੱਲ ਨਹੀਂ ਹੋਵੇਗੀ। ਇਕ ਗ਼ੈਬੀ ਆਵਾਜ਼ ਆਈ ਕਿ ਜੇ ਤੂੰ ਮੇਰੇ ਲੋੜਵੰਦ ਬੰਦਿਆਂ ਦੀ ਰੋਣ ਦੀ ਪ੍ਰਵਾਹ ਨਹੀਂ ਕੀਤੀ ਤਾਂ ਮੈਨੂੰ ਤੇਰੇ ਰੋਣ ਦੀ ਵੀ ਕੋਈ ਪ੍ਰਵਾਹ ਨਹੀਂ। ਜੇਕਰ ਤੂੰ ਸੰਸਾਰ ਵਿਚ ਨਫ਼ਰਤ ਈਰਖਾ ਦਾ ਗੰਦ ਹੀ ਪਾਇਆ ਹੈ ਤਾਂ ਮੈਂ ਤੇਰੀਆਂ ਸੁਗੰਧੀਆਂ ਨੂੰ ਕੀ ਕਰਾਂ। ਮੈਨੂੰ ਤੇਰੀ ਸੁਗੰਧੀ ਤਾਂ ਨਹੀਂ ਪੁੱਜੀ ਪਰ ਤੇਰੀ ਈਰਖਾ ਨਫ਼ਰਤ ਦੀ ਦੁਰਗੰਧੀ ਜ਼ਰੂਰ ਪੁੱਜ ਗਈ ਹੈ। ਮੇਰੀ ਪੂਜਾ ਕਰਨੀ ਹੈ ਤਾਂ ਸਿਮਰਨ ਕਰ। ਤੂੰ ਮੈਨੂੰ ਇਕ ਵਾਰ ਯਾਦ ਕਰੇਂਗਾ। ਮੈਂ ਤੈਨੂੰ ਹਜ਼ਾਰ ਵਾਰ ਯਾਦ ਕਰਾਂਗਾ। ਤੂੰ ਮੇਰੇ ਸੰਸਾਰ ਦੀ ਸੇਵਾ ਕਰੇਂਗਾ, ਮੇਰੀ ਪੂਜਾ ਆਪੇ ਹੀ ਹੋ ਜਾਏਗੀ।

ਇਕ ਵਾਰ ਇਕ ਰਾਜੇ ਨੂੰ ਸਰੀਰਕ ਰੋਗ ਲੱਗ ਗਿਆ। ਵੈਦ ਜ਼ੋਰ ਲਗਾ ਥੱਕੇ. ਸਨ, ਉਹ ਰੋਗ ਵਧਦਾ ਹੀ ਜਾਂਦਾ ਸੀ। ਅਖੀਰ ਥੱਕ ਕੇ ਵੈਦਾਂ ਨੇ ਵੀ ਕਿਹਾ ਕਿ ਕਿਸੇ ਕਾਮਿਲ ਫਕੀਰ ਤੋਂ ਦੁਆ ਕਰਵਾਉ। ਕੋਈ ਰੱਬ ਨਾਲ ਜੁੜਿਆ ਅਰਦਾਸ ਕਰੇ। ਰਾਜੇ ਨੇ ਇਕ ਫਕੀਰ ਨੂੰ ਲੱਭਣ ਲਈ ਵਜ਼ੀਰ ਭੇਜੇ ਉਹ ਖ਼ਾਲੀ ਆ ਗਏ। ਉਨ੍ਹਾਂ ਕਿਹਾ ਫਕੀਰ ਨਹੀਂ ਆਉਂਦਾ। ਰਾਜੇ ਨੇ ਗੁੱਸੇ ਵਿਚ ਕਿਹਾ ਤੁਸੀਂ ਇੰਨੇ ਨਿਕੰਮੇ ਹੋ, ਤੁਹਾਡੇ ਪਾਸੋਂ ਇਕ ਫਕੀਰ ਨਹੀਂ ਆਉਂਦਾ। ਵਜ਼ੀਰ ਨੇ ਕਿਹਾ, ਮਹਾਰਾਜ ਜੋ ਆਉਂਦੇ ਹਨ ਉਹ ਫ਼ਕੀਰ ਨਹੀਂ ਜੋ ਫ਼ਕੀਰ ਹੈ ਉਹ ਆਉਂਦਾ ਨਹੀਂ। ਉਸ ਪਾਸ ਤਾਂ ਆਪ ਹੀ ਜਾਣਾ ਪਵੇਗਾ ਅਤੇ ਐਸੇ ਹੈਣ ਵੀ ਕਿੰਨੇ ਕੁ।

*ਹੈਣ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰ ॥*

—ਮ: ੨, ਸਲੋਕ ਵਾਰਾਂ ਤੇ ਵਧੀਕ

ਆਖ਼ਰ ਗਰਜ਼ ਵਾਸਤੇ ਬਾਦਸ਼ਾਹ ਨੂੰ ਆਪ ਜਾਣਾ ਪਿਆ ਅਤੇ ਫ਼ਕੀਰ ਦੇ ਚਰਨਾਂ ਵਿਚ ਸਿਰ ਰੱਖ ਕੇ ਕਹਿਣਾ ਪਿਆ ਕਿ ਫ਼ਕੀਰ ਸਾਂਈਂ ਮੇਰੇ ਲਈ ਅਰਦਾਸ ਕਰ। ਫ਼ਕੀਰ ਬੇਪ੍ਰਵਾਹ ਸੀ, ਕਹਿਣ ਲੱਗਾ ਬਾਦਸ਼ਾਹ ਜਿਥੇ ਲੱਖਾਂ ਰੱਬ ਦੇ ਬੰਦੇ ਤੈਨੂੰ ਬਦ ਦੁਆਵਾਂ ਦੇਂਦੇ ਹੋਣ ਉਥੇ ਇਕ ਬੰਦੇ ਦੀ ਦੁਆ ਕੀ ਸਵਾਰੇਗੀ ਤੂੰ ਰੱਬ ਦੇ ਬੰਦਿਆਂ ਦੀ ਸੇਵਾ ਕਰ, ਸਾਰੇ ਹੀ ਤੇਰੇ ਲਈ ਦੁਆ ਕਰਨਗੇ। ਜਾਹ ਜਾ ਕੇ ਖ਼ਲਕਤ ਦੀ ਸੇਵਾ ਕਰ, ਇਹੀ ਤਾਂ ਅਸਲ ਰੱਬ ਦੀ ਪੂਜਾ ਹੈ।

ਇਸੇ ਲਈ ਜਦੋਂ ਅਸੀਂ ਪਰਮਾਤਮਾ ਦਾ ਨਾਮ ਲੈਂਦੇ ਹਾਂ, ਪੂਜਾ ਹੋ ਜਾਂਦੀ ਹੈ, ਉਸ ਦੇ ਬੰਦਿਆਂ ਦੀ ਸੇਵਾ ਕਰ ਦਿੰਦੇ ਹਾਂ, ਉਸ ਦੀ ਪੂਜਾ ਹੋ ਜਾਂਦੀ ਹੈ।

Sri Satguru Jagjit Singh Ji eLibrary NamdhariElibrary@gmail.com

ਸਿੱਖ ਸਿਮਰਨ ਵਾਲਾ ਹੈ, ਸੇਵਾ ਵਾਲਾ ਹੈ, ਪੁਜਾਰੀ ਹੈ ਅਤੇ ਹਮੇਸ਼ਾ ਲਈ ਆਗਿਆਕਾਰੀ ਹੈ। ਐਸੀ ਪੂਜਾ ਵੀ ਸਦਾ ਦਿਨ ਰਾਤ ਹੁੰਦੀ ਹੈ ਅਤੇ ਪੁਜਾਰੀ ਸਦਾ ਲਈ ਅਮਰ ਹੁੰਦਾ ਹੈ।

ਭੁਲਿਆ ਪੁਜਾਰੀ ਹੰਕਾਰੀ ਹੋ ਜਾਂਦਾ ਹੈ। ਐਸਾ ਪੁਜਾਰੀ ਪਰਮਾਤਮਾ ਦਾ ਸ਼ਰੀਕ ਬਣ ਜਾਂਦਾ ਹੈ। ਹੰਕਾਰੀ ਪੁਜਾਰੀ ਸਮਝਦਾ ਹੈ ਕਿ ਰੱਬ ਦੇ ਘਰ ਨੂੰ ਮੈਂ ਚਲਾ ਰਿਹਾ ਹਾਂ ਮੈਂ ਨਾ ਹੋਵਾਂ ਤਾਂ ਰੱਬ ਦਾ ਘਰ ਚੱਲ ਹੀ ਨਹੀਂ ਸਕਦਾ। ਮਸੰਦਾਂ ਨੇ ਗੁਰੂ ਕਲਗੀਧਰ ਜੀ ਨੂੰ ਇਹ ਬਚਨ ਕਹਿ ਹੀ ਦਿੱਤੇ ਸਨ ਅਸੀਂ ਜਿਸ ਨੂੰ ਚਾਹੀਏ ਗੁਰੂ ਬਣਾ ਦੇਈਏ, ਅਸੀਂ ਹੀ ਤੁਹਾਨੂੰ ਚਲਾ ਰਹੇ ਹਾਂ। ਸਤਿਗੁਰਾਂ ਨੇ ਖਾਲਸੇ ਨੂੰ ਉਚੇਚੇ ਤੌਰ ਤੇ ਕਹਿ ਦਿੱਤਾ ਸੀ ਇਹ ਪੁਜਾਰੀ ਡੁੱਬ ਗਏ ਹਨ। ਜੋ ਇਨ੍ਹਾਂ ਦੀ ਸੰਗਤ ਕਰੇਗਾ ਉਹ ਵੀ ਡੁੱਬੇਗਾ। ਇਨ੍ਹਾਂ ਪੁਜਾਰੀਆਂ ਵਿਚੋਂ ਭਾਈ ਫੇਰੂ ਵਰਗੇ ਸਨ ਜੋ ਆਗਿਆਕਾਰੀ ਸਨ ਉਨ੍ਹਾਂ ਤੇ ਬਖਸ਼ਸ਼ ਵੀ ਹੋਈ।

ਹੰਕਾਰੀ ਤੋਂ ਪ੍ਰਭੂ ਦੇ ਆਗਿਆਕਾਰੀ ਤੱਕ ਦੀ ਯਾਤਰਾ, ਇਹੀ ਹੈ ਧਰਮ ਦੀ ਯਾਤਰਾ।

**

Sri Satguru Jagjit Singh Ji eLibrary NamdhariElibrary@gmail.com

## 10 ਸ਼ੁਕਰਾਨਾ

ਇਕ ਬੜੀ ਸੁੰਦਰ ਕਥਾ ਹੈ ਕਿ ਦੋ ਮਨੁੱਖ ਇਕ ਰਾਹ ਵਿਚ ਰੋਜ਼ ਹੀ ਇਕੱਠੇ ਹੋ ਜਾਂਦੇ ਹਨ। ਕੁਝ ਸਮਾਂ ਇਕੱਠੇ ਚੱਲਦੇ ਹਨ ਫਿਰ ਅਲੱਗ-ਅਲੱਗ ਹੋ ਜਾਂਦੇ ਹਨ। ਇਕ ਦਿਨ ਦੋਹਾਂ ਇਕ ਦੂਸਰੇ ਨੂੰ ਪੁੱਛ ਲਿਆ ਕਿ ਅਸੀਂ ਵਿਛੜ ਕੇ ਕਿਥੇ ਜਾਂਦੇ ਹਾਂ। ਇਕ ਨੇ ਕਿਹਾ ਮੈਂ ਤਾਂ ਕੀਰਤਨ ਸੁਣਨ ਜਾਂਦਾ ਹਾਂ। ਗੁਰੂ ਨਾਨਕ ਦੇਵ ਜੀ ਆਏ ਹਨ, ਬੜਾ ਸੁੰਦਰ ਕੀਰਤਨ ਹੁੰਦਾ ਹੈ। ਦੂਸਰੇ ਨੇ ਕਿਹਾ ਮੇਰੀ ਜਗ੍ਹਾ ਬਿਲਕੁਲ ਹੀ ਹੋਰ ਹੈ, ਇਧਰ ਜੂਆ ਘਰ ਹੈ, ਸ਼ਰਾਬਖ਼ਾਨਾ ਹੈ, ਵੇਸਵਾਵਾਂ ਦੇ ਘਰ ਹਨ, ਮੈਂ ਇਧਰ ਜਾਂਦਾ ਹਾਂ। ਸਤਸੰਗੀ ਨੇ ਕਿਹਾ ਤੂੰ ਆਪਣਾ ਅੱਗਾ ਵਿਗਾੜ ਰਿਹਾ ਹੈਂ, ਆ ਮੇਰੇ ਨਾਲ, ਤੇਰਾ ਪ੍ਰਲੋਕ ਸੰਵਰੇਗਾ।

*ਪਾਪੁ ਬੁਰਾ ਪਾਪੀ ਕਉ ਪਿਆਰਾ॥*
*ਪਾਪਿ ਲਦੇ ਪਾਪੇ ਪਾਸਾਰਾ॥*
*ਪਰਹਰਿ ਪਾਪੁ ਪਛਾਣੈ ਆਪੁ॥*
*ਨਾ ਤਿਸੁ ਸੋਗੁ ਵਿਜੋਗੁ ਸੰਤਾਪੁ॥*

ਰਾਮਕਲੀ ਮ: ੧, ਪੰਨਾ ੯੩੫

ਉਸ ਨੇ ਉੱਤਰ ਦਿੱਤਾ ਕਿ ਅੱਗਾ ਕਿਸੇ ਨੇ ਵੇਖਿਆ ਨਹੀਂ, ਮੇਰੇ ਖ਼ਿਆਲ ਵਿਚ ਤਾਂ ਤੂੰ ਆਪਣਾ ਹੁਣ ਦਾ ਮੌਜ ਮੇਲਾ ਵੀ ਖਰਾਬ ਕਰ ਰਿਹਾ ਹੈਂ। ਕਲ੍ਹ ਦਾ ਕੀ ਭਰੋਸਾ ਹੈ, ਆਵੇ ਕਿ ਨਾ ਆਵੇ, ਤੇ ਜੇ ਆਵੇ ਵੀ, ਜਿਹੜਾ ਰੱਬ ਸਾਨੂੰ ਹੁਣ ਐਸ਼ ਤੇ ਮੌਜ ਦੇ ਰਿਹਾ ਹੈ ਅੱਗੇ ਵੀ ਇਸੇ ਤਰ੍ਹਾਂ ਹੀ ਹੋਵੇਗਾ। ਪਰ ਤੂੰ ਤਾਂ ਆਪਣਾ ਅੱਜ ਖਰਾਬ ਕਰ ਰਿਹਾ ਹੈਂ, ਅੱਗੇ ਦਾ ਕੀ ਭਰੋਸਾ ਹੈ। ਸਾਧੂ ਸੰਤ ਤਾਂ ਲੁਟੇਰੇ ਹਨ, ਜਿਹੜੇ ਅੱਗੇ ਦਾ ਭਰੋਸਾ ਦੇ ਕੇ ਲੋਕਾਂ ਨੂੰ ਭਟਕਾ ਰਹੇ ਹਨ। ਤੇਰੇ ਵਾਂਗ ਪਹਿਲਾਂ ਮੈਂ ਵੀ ਬਹੁਤ ਖੱਜਲ ਖਵਾਰ ਹੋਇਆ ਹਾਂ। ਅਖੀਰ ਵੇਖਿਆ ਕਿ ਅਨੰਦ ਏਸੇ ਗੱਲ ਵਿਚ ਹੈ, ਏਸੇ ਸੰਸਾਰ ਵਿਚ ਹੈ, ਅੱਗੇ ਕੁਝ ਨਹੀਂ। ਬਹੁਤੇ ਰੱਬ ਤੋਂ ਟੁੱਟੇ ਮਨੁੱਖ ਏਹੋ ਜਿਹੇ ਤਰਕ ਆਮ ਦਿੰਦੇ ਹਨ। ਉਸ ਨੇ ਵੀ ਇਹ ਦਲੀਲਾਂ ਦਿੱਤੀਆਂ ਪਰ ਗੁਰਮੁਖ ਉੱਤੇ ਕੋਈ ਅਸਰ ਨਹੀਂ ਹੋਇਆ। ਗੁਰਮੁਖ ਸਮਝਦਾ ਹੈ—


Sri Satguru Jagjit Singh Ji eLibrary NamdhariElibrary@gmail.com

*ਸਾਕਤ ਕਾ ਬਕਨਾ ਇਉ ਜਾਨਹੁ ਜੈਸੇ ਪਵਨ ਝੁਲਾਈ॥*

—ਸੋਰਠਿ ਮ: ੫, ਪੰਨਾ ੬੦੯

ਗੁਰਮੁਖ ਦਾ ਪੂਰਾ ਯਤਨ ਹੁੰਦਾ ਹੈ ਕਿ ਸਾਕਤ ਸੁਧਰ ਜਾਏ। ਗੁਰਮੁਖ ਜੇ ਸਾਕਤ ਨਾਲ ਗੱਲ ਕਰਦਾ ਹੈ ਜਾਂ ਪਾਸ ਬੈਠਦਾ ਹੈ ਜਾਂ ਸੰਗ ਕਰਦਾ ਹੈ ਤਾਂ ਉਸਦਾ ਭਾਵ ਇਕ ਹੀ ਹੁੰਦਾ ਹੈ ਕਿ ਸਾਕਤ ਰੱਬ ਨਾਲ ਜੁੜ ਜਾਏ। ਜੇਕਰ ਉਹ ਨਾ ਜੁੜੇ ਤਾਂ ਗੁਰਮੁਖ ਸਾਕਤ ਦਾ ਪ੍ਰਭਾਵ ਤਾਂ ਲੈਂਦਾ ਹੀ ਨਹੀਂ।

*ਕਬੀਰ ਸੰਤੁ ਨਾ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥*
*ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥*

—ਸਲੋਕ ਕਬੀਰ, ਪੰਨਾ ੧੩੭੩

ਅਖੀਰ ਦੋਹਾਂ ਵਿਚ ਕੋਈ ਨਿਰਣਾ ਨਾ ਹੋ ਸਕਿਆ। ਦੋਵੇਂ ਚਲੇ ਗਏ ਪਰ ਪਤਾ ਨਹੀਂ ਕਿਉਂ ਫਿਰ ਉਸ ਪਾਪੀ ਮਨੁੱਖ ਦੇ ਅੰਦਰ ਗੁਰਮੁਖ ਵਾਸਤੇ ਕੋਈ ਖਿੱਚ ਪੈਦਾ ਹੋ ਗਈ। ਇਹ ਪਹਿਲਾਂ ਆ ਗਿਆ। ਜਿੱਥੇ ਕੁ ਰੋਜ਼ ਵਿਛੜਦੇ ਤੇ ਮਿਲਦੇ ਸਨ ਉਥੇ ਬੈਠ ਕੇ ਉਹ ਉਡੀਕਣ ਲੱਗ ਪਿਆ। ਅੱਜ ਗੁਰਮੁਖ ਆਇਆ ਪਰ ਕਾਫ਼ੀ ਦੇਰ ਮਗਰੋਂ। ਪੈਰ ਤੋਂ ਲੰਗੜਾ ਕੇ ਤੁਰ ਰਿਹਾ ਹੈ। ਇਸ ਪਾਪੀ ਪੁਰਸ਼ ਨੇ ਪੁੱਛਿਆ ਕਿਉਂ ਸੰਤਸੰਗੀਉ ਕੀ ਹੋਇਆ ਹੈ, ਗੁਰਮੁਖ ਨੇ ਕਿਹਾ ਪੈਰ ਵਿਚ ਕੰਡਾ ਵੱਜ ਗਿਆ ਹੈ, ਮਨਮੁਖ ਜ਼ੋਰ ਨਾਲ ਹੱਸਿਆ ਅਤੇ ਕਿਹਾ ਹੋਰ ਕੀਰਤਨ ਦਾ ਅਦਬ ਕਰ। ਤੂੰ ਕਹਿੰਦਾ ਸੈਂ ਮੈਂ ਨੰਗੇ ਪੈਰੀਂ ਹੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਜਾਵਾਂਗਾ, ਚੰਗਾ ਫਲ ਮਿਲਿਆ ਹੈ ਕੀਰਤਨ ਸੁਣਨ ਦਾ। ਵੇਖ ਤੇਰੇ ਤੋਂ ਮੈਂ ਚੰਗਾ ਰਿਹਾ ਹਾਂ, ਮੈਂ ਤੇਰੇ ਤੋਂ ਪਹਿਲਾਂ ਇਥੇ ਆਇਆ ਹਾਂ, ਸੁਭਾਅ ਅਨੁਸਾਰ ਮੈਂ ਇਕ ਲੱਕੜੀ ਦਾ ਟੁਕੜਾ ਫੜਿਆ ਅਤੇ ਮਿੱਟੀ ਖੋਦਣ ਲੱਗ ਪਿਆ। ਮੈਨੂੰ ਇਕ ਮਿੱਟੀ ਦਾ ਭਾਂਡਾ ਨਜ਼ਰ ਆਇਆ, ਮੈਂ ਉਸ ਭਾਂਡੇ ਨੂੰ ਪੁੱਟਿਆ ਉਸ ਵਿਚੋਂ ਬਾਕੀ ਤਾਂ ਮੋਹਰਾਂ ਦੀ ਸ਼ਕਲ ਦੀਆਂ ਉਹ ਮੋਹਰਾਂ ਨਿਕਲੀਆਂ ਜੋ ਕੋਇਲੇ ਹਨ ਪਰ ਆਹ ਵੇਖ ਇਕ ਸੋਨੇ ਦੀ ਮੋਹਰ ਨਿਕਲੀ ਹੈ। ਗੁਰਮੁਖ ਨੇ ਕਿਹਾ ਆ ਮੇਰੇ ਨਾਲ ਅੱਜ ਫੈਸਲੇ ਦਾ ਸਮਾਂ ਆ ਗਿਆ ਹੈ ਕਿ ਤੂੰ ਮੇਰਾ ਸਾਥੀ ਬਣਨਾ ਹੈ ਕਿ ਮੈਂ ਤੇਰਾ ਸਾਥੀ ਬਣਨਾ ਹੈ। ਇਸ ਮਨਮੁਖ ਨੇ ਵੀ ਸੋਚਿਆ, ਠੀਕ ਹੈ।

ਗੁਰਮੁਖ ਦੇ ਕਹਿਣ ਤੇ ਦੋਵੇਂ ਗੁਰੂ ਨਾਨਕ ਦੇਵ ਜੀ ਵੱਲ ਚੱਲ ਪਏ ਅਤੇ ਮਨਮੁਖ ਮਨ ਵਿਚ ਸੋਚ ਰਿਹਾ ਸੀ ਕਿ ਇਸ ਦੇ ਗੁਰੂ ਵੀ ਇਸ ਦਾ ਕੀ ਜਵਾਬ ਦੇਣਗੇ। ਮੇਰੀ ਦਲੀਲ ਅੱਗੇ ਉਨ੍ਹਾਂ ਨੂੰ ਵੀ ਨਿਰੁੱਤਰ ਹੋਣਾ ਹੀ ਪਵੇਗਾ। ਅੱਜ ਸਮਾਂ ਮਿਲ ਗਿਆ ਹੈ, ਮੈਂ ਆਪਣਾ ਪੱਖ ਸਹੀ ਸਿੱਧ ਕਰ ਸਕਾਂਗਾ। ਬੜਾ ਚਾਉ ਚਾਈ ਇਹ ਸਤਿਗੁਰਾਂ ਪਾਸ ਪੁੱਜਾ। ਅੱਜ ਵੀ ਅਨੇਕਾਂ ਪਾਪੀ ਇਸੇ ਗੱਲ ਵਿਚ ਮਸਤ ਹਨ ਕਿ ਉਹ ਮੌਜਾਂ ਲੈ ਰਹੇ ਹਨ, ਧਰਮੀ ਬੰਦੇ ਕਸ਼ਟ ਵਿਚ ਹਨ। ਇਹੀ ਤਰਕ

ਉਸ ਪਾਪੀ ਦਾ ਸੀ।

ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਪਹੁੰਚੇ ਅਤੇ ਇਹ ਪ੍ਰਸ਼ਨ ਕੀਤਾ ਕਿ ਸਾਹਿਬ ਜੀ ਇਕ ਮੰਦ-ਕਰਮੀ ਨੂੰ ਸੋਨੇ ਦੀ ਮੋਹਰ ਮਿਲੇ ਅਤੇ ਇਕ ਸਤਸੰਗੀ ਨੂੰ ਪੈਰ ਵਿਚ ਕੰਡਾ ਵੱਜੇ ਕੀ ਮਨ ਵਿਚ ਗਿਲਾ ਨਾ ਆਵੇਗਾ। ਸਤਿਗੁਰੂ ਨਾਨਕ ਦੇਵ ਜੀ ਨੇ ਜੋ ਉੱਤਰ ਦਿੱਤਾ ਸੀ ਉਸ ਨੇ ਉਨ੍ਹਾਂ ਦੋਹਾਂ ਦੇ ਸ਼ੰਕੇ ਨੂੰ ਦੂਰ ਕਰ ਦਿੱਤਾ ਅਤੇ ਅੱਜ ਵੀ ਉਸ ਉੱਤਰ ਨਾਲ ਜਗਤ ਦੇ ਸ਼ੰਕੇ ਦੂਰ ਹੋ ਸਕਦੇ ਹਨ।

ਉਹ ਉੱਤਰ ਕੀ ਸੀ। ਸਤਿਗੁਰਾਂ ਕਿਹਾ, ਭਾਈ ਇਸ ਮੰਦਕਰਮੀ ਨੂੰ ਨਿਰੀ ਇਕ ਮੋਹਰ ਹੀ ਨਹੀਂ ਮਿਲੀ ਨਾਲ ਕੋਇਲਿਆਂ ਦਾ ਭਰਿਆ ਭਾਂਡਾ ਵੀ ਮਿਲਿਆ ਹੈ। ਇਕ ਮੋਹਰ ਤਾਂ ਗਵਾਹ ਹੈ, ਪ੍ਰਮਾਣ ਹੈ ਕਿ ਇਹ ਸਾਰਾ ਭਾਂਡਾ ਹੀ ਸੋਨੇ ਦੀਆਂ ਮੋਹਰਾਂ ਦਾ ਭਰਿਆ ਸੀ ਅਤੇ ਇਸੇ ਨੂੰ ਹੀ ਮਿਲਿਆ ਸੀ। ਕਿਤੇ ਇਸ ਦਾ ਜੀਵਨ ਸਤਸੰਗ ਦਾ ਬਣ ਜਾਂਦਾ ਤਾਂ ਅੱਜ ਇਹ ਸਾਰਾ ਭਾਂਡਾ ਹੀ ਸੋਨੇ ਦੀਆਂ ਮੋਹਰਾਂ ਦਾ ਹੁੰਦਾ ਪਰ ਇਸ ਦੇ ਮੰਦੇ ਕਰਮਾਂ ਦੀ ਤਪਸ਼ ਨੇ, ਇਸ ਦੇ ਮੰਦੇ ਕਰਮਾਂ ਦੀ ਕਾਲਖ ਨੇ ਸੋਨੇ ਦੀਆਂ ਮੋਹਰਾਂ ਨੂੰ ਸਾੜ ਦਿੱਤਾ ਅਤੇ ਕਾਲੀਆਂ ਹੋ ਗਈਆਂ। ਇਸ ਨੂੰ ਇਕ ਮੋਹਰ ਲੈ ਕੇ ਖੁਸ਼ ਨਹੀਂ ਹੋਣਾ ਚਾਹੀਦਾ, ਪਛਤਾਉਣਾ ਚਾਹੀਦਾ ਹੈ ਆਪਣੇ ਕੀਤੇ ਕਰਮ ਤੇ ਅਤੇ ਸ਼ੁਕਰਾਨਾ ਕਰਨਾ ਚਾਹੀਦਾ ਹੈ ਤੇਰਾ, ਜਿਸ ਨੇ ਇਸ ਨੂੰ ਜੀਵਨ ਦਾ ਅਸਲ ਲਾਹਾ ਅਤੇ ਅਸਲ ਘਾਟਾ ਵਿਖਾ ਦਿੱਤਾ ਹੈ। ਹੁਣ ਦੱਸ ਇਸ ਨੂੰ ਕੀ ਕਰਨਾ ਚਾਹੀਦਾ ਹੈ। ਵਲਾਇਤ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ—ਉਹ ਜੋ ਮਟ ਕੋਲਿਆਂ ਕਾ ਥਾ ਸੋ ਸਭ ਮੋਹਰਾਂ ਥੀਆਂ। ਪਿਛਲੇ ਜਨਮ ਕਾ ਬੀਜਿਆ ਹੈ, ਇਕ ਮੋਹਰ ਸਾਧੂ ਕੇ ਹੱਥ ਦਿੱਤੀ ਥੀ, ਤਿਸਦਾ ਸਦਕਾ ਸਭ ਮੋਹਰਾਂ ਹੋਣੀਆਂ ਥੀਆਂ। ਪਰ ਜਿਉਂ-ਜਿਉਂ ਵਿਕਰਮਾਂ ਨੂੰ ਦਉੜਿਆ ਤਿਉਂ-ਤਿਉਂ ਮੋਹਰਾਂ ਦੇ ਕੋਇਲੇ ਹੋਇਗੈ ਅਤੇ ਤੇਰੇ ਲੇਖ ਸੂਲੀ ਥੀ ਜਿਉਂ-ਜਿਉਂ ਸੇਵਾ ਨੂੰ ਆਇਆ ਤਿਉਂ-ਤਿਉਂ ਸੂਲੀ ਘਟ ਗਈ, ਸੂਲੀ ਦਾ ਕੰਡਾ ਹੋਇਆ ਸੇਵਾ ਦਾ ਸਦਕਾ ।

(ਜਨਮ ਸਾਖੀ ਪਰੰਪਰਾ)

ਉਹ ਸੱਜਣ ਚਰਨਾਂ ਤੇ ਡਿੱਗਾ ਅਤੇ ਕਹਿਣ ਲੱਗਾ ਪਾਤਸ਼ਾਹ ਹੁਣ ਉਹ ਜੁਗਤੀ ਦੱਸੋ, ਮੈਂ ਫਿਰ ਕੋਇਲਿਆਂ ਦੀਆਂ ਮੋਹਰਾਂ ਬਣਾ ਸਕਾਂ। ਸਾਹਿਬਾਂ ਨੇ ਕਿਹਾ ਸੀ ਕਿ ਹੁਣ ਤੂੰ ਆਪਣਾ ਜੀਵਨ ਸਤਸੰਗੀ ਬਣਾ, ਸੇਵਾ ਸਿਮਰਨ ਕਰ, ਤੇਰੀ ਐਸੀ ਨਜ਼ਰ ਹੋਵੇਗੀ ਤੇਰੀ ਨਜ਼ਰ ਨਾਲ ਹੀ ਕੋਇਲੇ ਵੀ ਮੋਹਰਾਂ ਬਣ ਜਾਣਗੀਆਂ। ਅਜੇ ਤਾਂ ਤੇਰੀ ਦ੍ਰਿਸ਼ਟੀ ਇੰਨੀ ਵਿਗੜੀ ਹੈ ਕਿ ਤੇਰੀ ਦ੍ਰਿਸ਼ਟੀ ਨਾਲ ਮੋਹਰਾਂ ਵੀ ਕੋਇਲੇ ਬਣ ਜਾਂਦੀਆਂ ਹਨ। ਅਜੇ ਤਾਂ ਤੇਰੇ ਏਨੇ ਮੰਦੇ ਭਾਗ ਹਨ, ਕਾਲੇ ਕਰਮ ਹਨ ਕਿ ਤੇਰੀ ਨਜ਼ਰ ਨਾਲ ਤਾਂ ਦੁਸ਼ਾਲਾ ਵੀ ਕਫ਼ਨ ਬਣ ਸਕਦਾ ਹੈ।

Sri Satguru Jagjit Singh Ji eLibrary NamdhariElibrary@gmail.com

*ਸਿਆਹ ਬਖਤੀ ਮੈਂ ਕਾਇਲ ਹੂੰ ਤੇਰੀ ਤਾਸੀਰ ਕਾ।*
*ਜਿਸ ਪੇ ਨਜ਼ਰ ਕੀ ਦੁਸ਼ਾਲੇ ਕੋ ਕਫ਼ਨ ਕਰ ਦੀਆ॥*

ਉਹ ਸੇਵਕ ਬਣਿਆ ਅਤੇ ਨਿਹਾਲ ਹੋਇਆ।

ਸਤਿਗੁਰਾਂ ਨੇ ਦੂਸਰੇ ਸਤਸੰਗੀ ਨੂੰ ਕਿਹਾ ਸੁਭਾਵਕ ਤਾਂ ਤੇਰੇ ਮਨ ਵਿਚ ਵੀ ਗਿਲਾ ਹੀ ਆਵੇਗਾ ਕਿ ਮੈਂ ਸੰਗਤ ਵਿਚ ਆਇਆ ਅਤੇ ਮੇਰੇ ਪੈਰ ਵਿਚ ਕੰਡਾ ਵੱਜਾ। ਪਰ ਤੈਨੂੰ ਪਤਾ ਨਹੀਂ ਤੂੰ ਵੀ ਪਹਿਲਾਂ ਆਪਣੀਆਂ ਮੋਹਰਾਂ ਦੇ ਕੋਇਲੇ ਬਣਾ ਚੁਕਾ ਹੈਂ ਅਤੇ ਹੁਣ ਆਪਣੇ ਕੋਇਲਿਆਂ ਦੀਆਂ ਮੋਹਰਾਂ ਬਣਾ ਰਿਹਾ ਹੈਂ। ਤੇਰੀ ਤੇ ਉਸ ਮਨੁੱਖ ਦੀ ਬਿਲਕੁਲ ਉਲਟ ਯਾਤਰਾ ਸੀ। ਇਹ ਮੋਹਰਾਂ ਦੇ ਕੋਇਲੇ ਹੁਣ ਬਣਾ ਰਿਹਾ ਹੈ ਤੂੰ ਬਣਾ ਚੁੱਕਾ ਸੈਂ। ਤੂੰ ਇੰਨੇ ਪਾਪ ਇਕੱਠੇ ਕਰ ਲਏ ਸਨ, ਜੇਕਰ ਉਸੇ ਪਾਸੇ ਹੀ ਤੁਰਿਆ ਜਾਂਦਾ ਤਾਂ ਅੱਜ ਇਸੇ ਸਮੇਂ ਤੈਨੂੰ ਸੂਲੀ ਤੇ ਚੜ੍ਹਾਇਆ ਜਾਣਾ ਸੀ। ਜਿਵੇਂ ਉਸਦੇ ਪਛਤਾਵੇ ਲਈ ਇਕ ਮੋਹਰ ਪ੍ਰਮਾਣ ਹੈ। ਇਸੇ ਤਰ੍ਹਾਂ ਤੇਰੇ ਸ਼ੁਕਰਾਨੇ ਲਈ ਇਹ ਸੂਲ, ਇਹ ਕੰਡਾ ਪ੍ਰਮਾਣ ਹੈ।

ਜਦੋਂ ਵੀ ਜੀਵਨ ਵਿਚ ਸੁਖ ਆਵੇ ਤਾਂ ਪਰਮਾਤਮਾ ਦਾ ਸ਼ੁਕਰਾਨਾ ਕਰੋ ਕਿ ਹੇ ਪ੍ਰਮਾਤਮਾ ਤੂੰ ਮੈਨੂੰ ਸੁਖ ਦਿੱਤਾ ਹੈ, ਤੇਰਾ ਸ਼ੁਕਰਾਨਾ ਹੈ। ਜੇਕਰ ਦੁੱਖ ਵੀ ਦੇਵੇ ਤਾਂ ਵੀ ਸ਼ੁਕਰਾਨਾ ਕਰੋ ਕਿ ਹੇ ਪਰਮਾਤਮਾ ਤੂੰ ਇਸ ਤੋਂ ਵੀ ਵੱਡਾ ਦੁੱਖ ਦੇ ਸਕਦਾ ਸੈਂ ਤੇਰਾ ਸ਼ੁਕਰਾਨਾ ਹੈ, ਛੋਟਾ ਦੁੱਖ ਦਿੱਤਾ ਹੈ।

ਇਕ ਫ਼ਕੀਰ ਤੁਰਿਆ ਜਾ ਰਿਹਾ ਸੀ ਅਚਾਨਕ ਹੀ ਉਸ ਦੇ ਸਿਰ ਵਿਚ ਰਾਖ ਸਵਾਹ ਪਈ। ਕਿਸੇ ਔਰਤ ਨੇ ਤੀਸਰੀ ਮੰਜ਼ਲ ਤੋਂ ਸਵਾਹ ਸੁੱਟ ਦਿੱਤੀ। ਉਸ ਫ਼ਕੀਰ ਨੇ ਗੁੱਸਾ ਕਰਨ ਦੀ ਬਜਾਏ, ਉਸ ਔਰਤ ਨੂੰ ਕੁਝ ਕਹਿਣ ਦੀ ਬਜਾਏ ਪ੍ਰਮਾਤਮਾ ਨੂੰ ਹੀ ਮੁਖਾਤਬ ਕਰਕੇ ਕਿਹਾ, ''ਹੇ ਪਰਮਾਤਮਾ ਮੈਂ ਇੰਨਾ ਗੁਨਾਹਗਾਰ ਹਾਂ ਕਿ ਮੇਰੇ ਸਿਰ ਵਿਚ ਅੰਗਿਆਰ ਪੈਣੇ ਚਾਹੀਦੇ ਸਨ। ਪਰ ਤੇਰਾ ਲੱਖ-ਲੱਖ ਸ਼ੁਕਰ ਹੈ ਕੇਵਲ ਰਾਖ ਹੀ ਮੇਰੇ ਸਿਰ ਵਿਚ ਪਈ ਹੈ। ਇਹ ਠੰਢੀ ਹੈ, ਇਸ ਵਿਚ ਕੋਈ ਸੇਕ ਨਹੀਂ। ਬਾਕੀ ਰਹੀ ਸਵਾਹ ਦੀ ਗੱਲ, ਅਨੇਕਾਂ ਸਾਧੂ ਆਪੇ ਹੀ ਸਿਰ ਵਿਚ ਪਾਈ ਫਿਰਦੇ ਹਨ, ਅਨੇਕਾਂ ਸਰੀਰ ਤੇ ਬਿਭੂਤੀ ਮਲੀ ਫਿਰਦੇ ਹਨ। ਇਸ ਨਾਲ ਮੇਰਾ ਕੀ ਵਿਗੜਿਆ ਹੈ, ਤੇਰਾ ਸ਼ੁਕਰ ਹੈ। ਇਹ ਸੁਣ ਕੇ ਉਹ ਬੀਬੀ ਦੌੜ ਕੇ ਫ਼ਕੀਰ ਕੋਲ ਆਈ ਅਤੇ ਆ ਕੇ ਕਹਿਣ ਲੱਗੀ ਫ਼ਕੀਰਾ ਮੈਨੂੰ ਮੁਆਫ ਕਰ ਦੇ ਮੈਂ ਵੇਖਿਆ ਨਹੀਂ ਸੀ। ਫ਼ਕੀਰ ਨੇ ਕਿਹਾ ਮੇਰੀ ਭੈਣ ਤੇਰਾ ਵੀ ਸ਼ੁਕਰਾਨਾ ਹੈ ਤੂੰ ਮੈਨੂੰ ਆਪਣੇ ਆਪ ਨੂੰ ਪਰਖਣ ਦਾ ਸਮਾਂ ਦਿੱਤਾ ਹੈ। ਰੱਬ ਦਾ ਸ਼ੁਕਰਾਨਾ ਕਰਨ ਦਾ ਮੌਕਾ ਦਿੱਤਾ ਹੈ, ਮੈਂ ਪ੍ਰਸੰਨ ਹਾਂ। ਐਸੇ ਬੰਦੇ ਨੂੰ ਕੋਈ ਕਿਵੇਂ ਦੁਖੀ ਕਰੇਗਾ। ਇਸ ਮਨੁੱਖ ਨੇ ਸੁਖ ਦਾ ਭੇਤ ਲੱਭ ਲਿਆ ਹੈ। ਇਸ ਪਾਸ ਉਹ ਮਨ ਹੈ ਜੋ ਹਰ ਦੁੱਖ ਨੂੰ ਸੁਖ ਬਣਾ ਸਕਦਾ ਹੈ। ਇਹ ਐਸਾ ਪਾਰਸ ਹੈ ਕਿ ਕੋਈ ਵੀ ਪ੍ਰੇਸ਼ਾਨੀ ਰੂਪ

ਲੋਹਾ ਆਵੇ ਇਸ ਦੀ ਛੋਹ ਨਾਲ ਉਹ ਸੁਖ ਰੂਪ ਸੋਨਾ ਬਣ ਜਾਏਗਾ। ਜਿਨ੍ਹਾਂ ਨੂੰ ਸ਼ੁਕਰਾਨੇ ਦੀ ਕਲਾ ਆ ਜਾਏ ਉਨ੍ਹਾਂ ਨੂੰ ਹੀ ਸਦਾ ਵਿਗਾਸ ਦੀ ਬਖਸ਼ਿਸ਼ ਮਿਲਦੀ ਹੈ।

ਸਾਅਦੀ ਇਕ ਵਾਰ ਨਮਾਜ਼ ਪੜ੍ਹਨ ਵਾਸਤੇ ਕੂਫ਼ਾ ਦੀ ਮਸਜਿਦ ਨੂੰ ਜਾ ਰਹੇ ਸਨ, ਪੈਰਾਂ ਤੋਂ ਨੰਗੇ ਸਨ। ਗਰਮੀ ਦੀ ਰੁੱਤ ਸੀ, ਰੇਤਲਾ ਰਸਤਾ, ਤਪੀ ਹੋਈ ਰੇਤ, ਪੈਰਾਂ ਨੂੰ ਬੜਾ ਕਸ਼ਟ ਦੇ ਰਹੀ ਸੀ। ਮਨ ਵਿਚ ਇਕ ਗਿਲਾ ਆਇਆ ਜੋ ਜ਼ਬਾਨ ਰਾਹੀਂ ਆਪ ਮੁਹਾਰਾ ਇੰਜ ਨਿਕਲ ਗਿਆ। ਹੇ ਖੁਦਾ! ਤੇਰੇ ਘਰ ਵੀ ਕੋਈ ਇਨਸਾਫ਼ ਹੈ। ਜਿਨ੍ਹਾਂ ਕਾਫ਼ਰਾਂ ਤੇਰਾ ਕਦੀ ਨਾਮ ਨਹੀਂ ਲਿਆ, ਜਿਨ੍ਹਾਂ ਕਦੀ ਨਮਾਜ਼ ਨਹੀਂ ਪੜ੍ਹੀ, ਰੋਜ਼ੇ ਨਹੀਂ ਰੱਖੇ, ਹੱਜ ਨਹੀਂ ਕੀਤਾ, ਜ਼ਕਾਤ ਨਹੀਂ ਕੱਢੀ, ਤੇਰੇ ਤੇ ਈਮਾਨ ਨਹੀਂ, ਤੇਰੇ ਰਸੂਲ ਤੇ ਈਮਾਨ ਨਹੀਂ। ਉਹ ਅਨੇਕਾਂ ਕਾਫ਼ਰ ਜੋੜੇ ਪਹਿਨੀ ਜਾ ਰਹੇ ਹਨ, ਮੈਂ ਇੰਨਾ ਸ਼ੁਭ ਕਰਨ, ਨਮਾਜ਼ ਅਦਾ ਕਰਨ ਜਾ ਰਿਹਾ ਹਾਂ ਤੇ ਨੰਗੇ ਪੈਰੀ ਜਾ ਰਿਹਾ ਹਾਂ। ਜਦੋਂ ਇਨ੍ਹਾਂ ਗਿਲਿਆਂ ਉਲ੍ਹਾਮਿਆਂ ਨਾਲ ਭਰੇ ਮਨ ਨਾਲ ਮਸੀਤ ਦੇ ਦਰਵਾਜ਼ੇ ਪਾਸ ਪੁੱਜੇ ਤਾਂ ਅਚਾਨਕ ਇਕ ਬੰਦਾ ਨਜ਼ਰ ਆਇਆ, ਉਸ ਦੇ ਦੋਵੇਂ ਪੈਰ ਨਹੀਂ। ਉਹ ਵੀ ਨਮਾਜ਼ ਪੜ੍ਹਨ ਜਾ ਰਿਹਾ ਹੈ, ਤੁਰ ਕੇ ਨਹੀਂ, ਰਿੜ੍ਹ ਕੇ ਜਾ ਰਿਹਾ ਹੈ ਤੇ ਕਹਿ ਰਿਹਾ ਹੈ ਖ਼ੁਦਾ ਤੇਰਾ ਸ਼ੁਕਰ ਹੈ ਮੈਂ ਸਮੇਂ ਨਾਲ ਪੁਜ ਗਿਆ ਹਾਂ। ਸਾਅਦੀ ਬੇਇਖ਼ਤਿਆਰ ਹੋ ਕੇ ਬੋਲ ਉਠੇ, ਹੇ ਖ਼ੁਦਾ! ਮੈਨੂੰ ਮੁਆਫ ਕਰ ਦੇ। ਮੈਂ ਜੁੱਤੀ ਨਹੀਂ ਮੰਗਦਾ ਮੇਰੇ ਪੈਰ ਹੀ ਸਲਾਮਤ ਰਹਿਣ। ਮੈਂ ਗੁਮਾਨ ਕਰ ਰਿਹਾ ਸਾਂ, ਮੈਂ ਤੁਰ ਕੇ ਨਮਾਜ਼ ਪੜ੍ਹਨ ਜਾ ਰਿਹਾ ਹਾਂ। ਮੈਂ ਤਾਂ ਇਸ ਬੰਦੇ ਦੀ ਚਰਨ ਧੂੜ ਵੀ ਨਹੀਂ, ਇਹ ਬਿਨਾਂ ਪੈਰਾਂ ਤੋਂ ਰਿੜ੍ਹ ਕੇ ਨਮਾਜ਼ ਪੜ੍ਹਨ ਜਾ ਰਿਹਾ ਹੈ। ਮੇਰਾ ਹੰਕਾਰ ਵੀ ਟੁੱਟ ਗਿਆ, ਗਿਲਾ ਵੀ ਜਾਂਦਾ ਰਿਹਾ। ਹੇ ਖ਼ੁਦਾ! ਮੈਂ ਤੇਰਾ ਸ਼ੁਕਰ ਗੁਜ਼ਾਰ ਹਾਂ। ਮੈਂ ਅੱਗੋਂ ਕਦੀ ਗਿਲਾ ਨਹੀਂ ਕਰਾਂਗਾ, ਤੇਰਾ ਸ਼ੁਕਰਾਨਾ ਹੀ ਕਰਾਂਗਾ।

ਦੁੱਖ ਤਾਂ ਮਨੁੱਖ ਦੀ ਪਰਖ ਕਰਨ ਵਾਸਤੇ ਆਉਂਦੇ ਹਨ। ਜੇਕਰ ਦੁੱਖ ਵਿਚ ਵੀ ਇਹ ਪਰਮਾਤਮਾ ਨੂੰ ਯਾਦ ਕਰ ਲੈਂਦਾ ਹੈ ਤਾਂ ਇਹ ਰਜ਼ਾ ਦੀ ਪ੍ਰੀਖਿਆ ਵਿਚੋਂ ਪਾਸ ਹੈ। ਜੇਕਰ ਦੁੱਖ ਵਿਚ ਉਲਾਮ੍ਹੇ ਦਿੰਦਾ ਹੈ, ਸੁਖ ਵਿਚ ਸ਼ੁਕਰਾਨਾ ਨਹੀਂ ਕਰਦਾ, ਫਿਰ ਇਹ ਮਨਮੁਖ ਹੈ। ਐਸੇ ਮਨੁੱਖ ਆਮ ਮਿਲਣਗੇ, ਸ਼ੁਕਰਾਨਾ ਤਾਂ ਉਨ੍ਹਾਂ ਕਦੀ ਕੀਤਾ ਹੀ ਨਹੀਂ, ਜੋ ਮਿਲ ਗਿਆ ਉਹ ਭੁੱਲ ਗਿਆ, ਜੋ ਨਹੀਂ ਮਿਲਿਆ ਉਹ ਯਾਦ ਹੈ।

ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ—ਦਸ ਵਸਤੂਆਂ ਪਰਮਾਤਮਾ ਤੋਂ ਲੈ ਲਈਆਂ, ਜੋ ਮਿਲ ਗਈਆਂ ਉਹ ਭੁੱਲ ਗਈਆਂ, ਉਨ੍ਹਾਂ ਦੀ ਗਿਣਤੀ ਕੋਈ ਨਹੀਂ। ਗਿਆਰ੍ਹਵੀਂ ਨੂੰ ਵੀ ਇਹ ਇਕ ਹੀ ਕਹਿੰਦਾ

Sri Satguru Jagjit Singh Ji eLibrary NamdhariElibrary@gmail.com

ਹੈ। ਪਹਿਲੀਆਂ ਦਸ ਤਾਂ ਭੁੱਲ ਗਈਆਂ ਹਨ, ਇਹ ਬੰਦਾ ਇਹ ਨਹੀਂ ਕਹਿੰਦਾ ਕਿ ਮੈਨੂੰ ਗਿਆਰ੍ਹਵੀਂ ਵਸਤੂ ਦੇ। ਸਗੋਂ ਕਹਿੰਦਾ ਹੈ, ਪਰਮਾਤਮਾ ਤੂੰ ਕੀ ਹੈਂ, ਇਕ ਵਸਤੂ ਨਹੀਂ ਦਿੰਦਾ। ਕੀ ਤੂੰ ਮੈਨੂੰ ਇਕ ਵਸਤੂ ਵੀ ਨਹੀਂ ਦੇ ਸਕਦਾ? ਸਤਿਗੁਰੂ ਕਹਿੰਦੇ ਹਨ, ਜੇਕਰ ਰੱਬ ਵੀ ਤੇਰੇ ਵਰਗਾ ਹੀ ਹੋਵੇ ਤੇ ਕਹੇ ਕਿ ਤੇਰੇ ਵਰਗੇ ਝੂਠੇ ਤੇ ਅਕ੍ਰਿਤਘਣ ਨੂੰ ਮੈਂ ਇਕ ਵੀ ਨਹੀਂ ਦਿੰਦਾ ਤੇ ਇਕ ਵੀ ਨਾ ਦੇਣ ਦਾ ਅਰਥ ਹੋਇਆ ਕਿ ਮੈਂ ਪਹਿਲੀਆਂ ਦਸ ਵੀ ਵਾਪਸ ਲੈ ਲਵਾਂ, ਤੇਰੇ ਪਾਸ ਇਕ ਵੀ ਨਾ ਰਹਿ ਜਾਏ, ਫਿਰ ਤੂੰ ਕਹਿ ਸਕਦਾ ਹੈਂ ਕਿ ਪਰਮਾਤਮਾ ਤੂੰ ਮੈਨੂੰ ਇਕ ਵਸਤੂ ਵੀ ਨਹੀਂ ਦਿੱਤੀ। ਗੁਰੂ ਸਾਹਿਬ ਕਹਿੰਦੇ ਹਨ ਫਿਰ ਤੇਰਾ ਕੀ ਚਾਰਾ ਹੈ। ਤੂੰ ਸ਼ੁਕਰਾਨਾ ਕਰ, ਨਮਸਕਾਰ ਕਰ, ਜਿਸਨੇ ਦਸ ਦਿੱਤੀਆਂ ਹਨ ਉਸ ਦਾ ਸ਼ੁਕਰਾਨਾ ਕਰ, ਗਿਆਰ੍ਹਵੀਂ ਵੀ ਦੇਵੇਗਾ।

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਏਕ ਭੀ ਨਾ ਦੇਇ ਦਸ ਭੀ ਹਿਰ ਲੇਇ ॥*
*ਤਉ ਮੂੜਾ ਕਹੁ ਕਹਾ ਕਰੇਇ ॥*
*ਜਿਸੁ ਠਾਕੁਰ ਸਿਉ ਨਾਹੀ ਚਾਰਾ ॥*
*ਤਾ ਕਉ ਕੀਜੈ ਸਦ ਨਮਸਕਾਰਾ ॥*

—ਸੁਖਮਨੀ, ਪੰਨਾ ੨੬੮

ਇਕ ਬੱਚੇ ਨੂੰ ਮੈਂ ਵੇਖਿਆ ਸੀ, ਉਹ ਜਿੰਨਾ ਚਿਰ ਜਾਗਦਾ ਸੀ ਰੋਂਦਾ ਹੀ ਰਹਿੰਦਾ ਸੀ। ਕਈ ਵਾਰ ਤਾਂ ਸੁੱਤਾ ਵੀ ਸਿਸਕੀਆਂ ਭਰਦਾ ਸੀ। ਜਾਪਦਾ ਸੀ ਕਿ ਸੁਪਨੇ ਵਿਚ ਵੀ ਰੋ ਰਿਹਾ ਹੈ। ਹੋਵੇਗੀ ਉਮਰ ਕੋਈ ਸੱਤ ਕੁ ਸਾਲ ਦੇ ਕਰੀਬ। ਮਾਤਾ-ਪਿਤਾ ਦਾ ਕਹਿਣਾ ਸੀ ਕਿ ਇਹ ਹਰ ਹਾਲਤ ਵਿਚ ਰੋਂਦਾ ਹੀ ਰਹਿੰਦਾ ਹੈ। ਪਹਿਲਾਂ ਰੋਂਦਾ ਹੈ ਕਿ ਇਹ ਵਸਤੂ ਚਾਹੀਦੀ ਹੈ, ਜਿੰਨਾ ਚਿਰ ਉਹ ਵਸਤੂ ਨਹੀਂ ਮਿਲਦੀ ਜੋ ਇਹ ਮੰਗਦਾ ਹੈ ਇਹ ਰੋਂਦਾ ਹੈ। ਜਦੋਂ ਅਸੀਂ ਲਿਆ ਦਿੰਦੇ ਹਾਂ ਹੱਥ ਵਿਚ ਆਉਂਦਿਆਂ ਹੀ ਉਸ ਖਿਡੌਣੇ ਨੂੰ ਇਹ ਤੋੜ ਦੇਵੇਗਾ, ਸੁਟ ਦੇਵੇਗਾ, ਤੋੜ ਕੇ ਰੋਵੇਗਾ, ਕਹੇਗਾ ਇਹ ਠੀਕ ਨਹੀਂ ਜਾਂ ਇਹ ਵਸਤੂ ਥੋੜ੍ਹੀ ਹੈ। ਕਈ ਵਾਰ ਤਾਂ ਇਸ ਦਾ ਰੋਣਾ ਇਸ ਗੱਲ ਤੇ ਵੀ ਆਧਾਰਿਤ ਹੁੰਦਾ ਹੈ ਕਿ ਸਾਰੇ ਪਰਿਵਾਰ ਦਾ ਖਾਣਾ ਮੇਰੇ ਅੱਗੇ ਰੱਖ ਦਿਓ। ਖਾਣਾ ਆਪ ਵੀ ਨਹੀਂ ਅਤੇ ਨਾ ਕਿਸੇ ਨੂੰ ਖਾਣ ਦੇਣਾ ਹੈ। ਜੇ ਕੋਈ ਖਾਏ ਤਾਂ ਵੀ ਇਹ ਰੋਂਦਾ ਹੈ, ਜੇ ਇਸ ਨੂੰ ਖੁਵਾਈਏ ਤਾਂ ਵੀ ਇਹ ਰੋਂਦਾ ਹੈ। ਇਨ ਬਿਨ ਐਸੀ ਹਾਲਤ ਹੀ ਮਨਮੁਖ ਦੀ ਹੈ। ਜੋ ਪਰਮਾਤਮਾ ਨੇ ਦਿੱਤਾ ਹੈ ਉਸ ਲਈ ਗਿਲਾ ਹੈ ਕਿ ਥੋੜ੍ਹਾ ਹੈ, ਠੀਕ ਨਹੀਂ। ਜੋ ਨਹੀਂ ਮਿਲਿਆ ਉਸ ਲਈ ਵੀ ਗਿਲਾ ਹੈ ਕਿ ਮਿਲਿਆ ਨਹੀਂ। ਦੋਵਾਂ ਹਾਲਤਾਂ ਵਿਚ ਹੀ ਮਨੁੱਖ

Sri Satguru Jagjit Singh Ji eLibrary NamdhariElibrary@gmail.com

ਪ੍ਰੇਸ਼ਾਨ ਹੈ, ਰੋਂਦਾ ਹੈ, ਸ਼ੁਕਰਾਨਾ ਨਹੀਂ ਕਰਦਾ।

ਗੁਰੂ ਅਰਜਨ ਦੇਵ ਜੀ ਮਹਾਰਾਜ ਵਿਚ ਸ਼ੁਕਰਾਨੇ ਦੀ ਕਲਾ ਸੀ। ਉਹ ਕਹਿੰਦੇ ਹਨ—

*ਉਲਾਹਨੋ ਮੈ ਕਾਹੂ ਨਾ ਦੀਓ॥*
*ਮਨ ਮੀਠ ਤੁਹਾਰੋ ਕੀਓ॥*

—ਨਟ ਮ: ੫, ਪੰਨਾ ੬੭੮

ਹੇ ਪ੍ਰਭੂ! ਮੈਂ ਕਦੀ ਕਿਸੇ ਨੂੰ ਉਲ੍ਹਾਮਾ ਨਹੀਂ ਦਿੱਤਾ ਮੇਰੇ ਮਨ ਵਿਚ ਤੁਹਾਡਾ ਕੀਤਾ ਹੋਇਆ ਮਿੱਠਾ ਲੱਗਦਾ ਹੈ।

ਲੰਗਰ ਮਸਤਾਨੇ ਹਨ। ਭੇਟਾ ਪ੍ਰਿਥੀ ਚੰਦ ਪਾਸ ਪੁੱਜ ਜਾਂਦੀ ਹੈ, ਖਰਚੇ ਗੁਰੂ ਅਰਜਨ ਦੇਵ ਜੀ ਦੇ ਸਿਰ ਹਨ। ਭਾਈ ਗੁਰਦਾਸ ਜੀ ਲੰਗਰ ਦੀ ਹਾਲਤ ਵੇਖ ਕੇ ਹੈਰਾਨ ਹੋ ਜਾਂਦੇ ਹਨ। ਆਪਣੀ ਸੁਪਤਨੀ ਗੰਗਾ ਜੀ ਦੀਆਂ ਜ਼ਰੂਰੀ ਵਸਤੂਆਂ ਵੀ ਵੇਚ ਕੇ ਸੰਗਤਾਂ ਦੀ ਸੇਵਾ ਵਿਚ ਲਗਾ ਦੇਂਦੇ ਹਨ। ਨਿਰਇੱਛਤ ਹੋ ਕੇ ਸੇਵਾ ਕਰਦੇ ਹਨ। ਫਿਰ ਵੀ ਇੰਨੀ ਵਿਰੋਧਤਾ ਹੈ, ਕਦੀ ਸੁਲਹੀ ਖਾਂ ਚੜ੍ਹ ਕੇ ਆ ਜਾਂਦਾ ਹੈ, ਕਦੀ ਸੁਲਬੀ ਖਾਂ। ਕਦੀ ਜਹਾਂਗੀਰ ਦੇ ਹੁਕਮ ਨਾਲ ਤੱਤੀ ਲੋਹ ਤੇ ਬਿਠਾਏ ਜਾਂਦੇ ਹਨ। ਪਰ ਰੋਮ-ਰੋਮ ਵਿਚੋਂ ਸ਼ੁਕਰਾਨਾ ਹੀ ਸ਼ੁਕਰਾਨਾ ਨਿਕਲਦਾ ਹੈ। ਕਹਿੰਦੇ ਹਨ ਤੂੰ ਕੀ-ਕੀ ਨਹੀਂ ਦਿੱਤਾ। ਮੈਂ ਤੇਰਾ ਧੰਨਵਾਦੀ ਹਾਂ ਤੂੰ ਮੈਨੂੰ ਹਰਿਗੋਬਿੰਦ ਵਰਗਾ ਪੁੱਤਰ ਦਿੱਤਾ ਅਤੇ ਏਨੀਆਂ ਮੁਸੀਬਤਾਂ ਵਿਚੋਂ ਉਸ ਨੂੰ ਬਚਾਇਆ—

*ਸੀਤਲਾ ਤੇ ਰਾਖਿਆ॥ ਬਿਹਾਰੀ ਪਾਰਬ੍ਰਹਮ ਪ੍ਰਭਿ ਕ੍ਰਿਪਾਧਾਰੀ॥*

ਤੂੰ ਏਡਾ ਵੱਡਾ ਅੰਮ੍ਰਿਤ ਸਰੋਵਰ ਦਾ ਕਾਰਜ ਆਪ ਕੀਤਾ ਤੇ ਸੋਭਾ ਸਾਨੂੰ ਬਖਸ਼ੀ।

*ਸੰਤਾਂ ਤੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲ ਸੁਹਾਵਾ*
*ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥*

—ਸੂਹੀ ਮ: ੫, ਪੰਨਾ ੭੮੩

ਤੇਰੀ ਕ੍ਰਿਪਾ ਨਾਲ—

*ਪੋਥੀ ਪਰਮੇਸਰ ਕਾ ਥਾਨੁ॥*
*ਸਾਧ ਸੰਗਿ ਗਾਵਹਿ ਗੁਣ ਗੋਬਿੰਦ,*
*ਪੂਰਨ ਬ੍ਰਹਮ ਗਿਆਨੁ॥*

—ਸਾਰਗ ਮ: ੫, ਪੰਨਾ ੧੨੨੬

ਪਿਉ ਦਾਦੇ ਕਾ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬਣੀ। ਇਹ ਤੇਰੀ ਹੀ ਬਖਸ਼ਿਸ਼ ਹੈ। ਤੂੰ ਮੈਨੂੰ ਇਸ ਯੋਗ ਬਣਾਇਆ।

Sri Satguru Jagjit Singh Ji eLibrary NamdhariElibrary@gmail.com

*ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ।*
*ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ।*

—ਸਲੋਕ ਮ: ੫, ਪੰਨਾ ੧੪੨੯

ਜੀਵਨ ਵਿਚ ਏਨੇ ਕਸ਼ਟ ਆਉਣ ਤੇ ਫਿਰ ਵੀ ਕੋਈ ਸ਼ੁਕਰ ਕਰੀ ਜਾਏ ਤਾਂ ਸਮਝ ਲੈਣਾ ਕਿ ਇਹ ਇਨਸਾਨ ਜੀਵਨ ਦੀਆਂ ਤਮਾਮ ਮਜਬੂਰੀਆਂ, ਪ੍ਰੇਸ਼ਾਨੀਆਂ, ਸੰਤਾਪ, ਕਲੇਸ਼, ਦੁੱਖ ਸਾਰਿਆਂ ਨੂੰ ਥੱਲੇ ਦਬਾ ਕੇ ਉਨ੍ਹਾਂ ਦੇ ਉੱਪਰ ਆਸਣ ਲਗਾ ਕੇ ਬੈਠ ਗਿਆ ਹੈ। ਅਸਲ ਰਾਜਾ ਉਹ ਨਹੀਂ ਜੋ ਰਾਜ ਗੱਦੀ ਤੇ ਬੈਠੇ ਤੇ ਉਸ ਦੇ ਸਿਰ ਉੱਤੇ ਚਿੰਤਾ ਫਿਕਰ ਪ੍ਰੇਸ਼ਾਨੀਆਂ ਆਸਣ ਲਗਾ ਕੇ ਬੈਠ ਜਾਣ। ਅਸਲ ਰਾਜਾ ਤਾਂ ਉਹ ਹੈ ਜੋ ਸਾਰੀਆਂ ਪ੍ਰੇਸ਼ਾਨੀਆਂ ਸਾਰੇ ਫ਼ਿਕਰ ਦੁੱਖਾਂ ਦੇ ਉੱਪਰ ਆਸਣ ਬਣਾ ਕੇ ਬੈਠੇ ਅਤੇ ਸਿਰ ਉੱਤੇ ਬੇਪ੍ਰਵਾਹੀ ਦਾ ਤਾਜ ਹੋਵੇ ਅਤੇ ਪਰਮਾਤਮਾ ਦੀ ਮਿਹਰ ਤੇ ਰਹਿਮਤ ਦਾ ਹੱਥ ਸਿਰ ਤੇ ਹੋਵੇ। ਇਹੀ ਸਿਰ ਤੇ ਚਵਰ ਝੁਲਦਾ ਹੋਵੇ, ਉਹ ਪ੍ਰਭੂ ਰਾਜਿਆਂ ਦਾ ਰਾਜਾ ਹੈ। ਐਸਾ ਰਾਜਾ ਉਹ ਹੀ ਹੋ ਸਕਦਾ ਹੈ ਜਿਹੜਾ ਹਰ ਹਾਲਤ ਵਿਚ ਪਰਮਾਤਮਾ ਦਾ ਸ਼ੁਕਰ ਗੁਜ਼ਾਰ ਹੋਵੇ।

ਸਿੱਖ ਇਤਿਹਾਸ ਵਿਚ ਐਸੇ ਅਨੇਕਾਂ ਅਮੋਲਕ ਹੀਰੇ ਹਨ ਪਰ ਵੰਨਗੀ ਮਾਤ੍ਰ ਮੈਂ ਨਾਮ ਲਿਖਦਾ ਹਾਂ।

ਭਾਈ ਮੰਝ ਤਨੋ ਮਨੋ ਸਤਿਗੁਰੂ ਦੇ ਲੰਗਰ ਵਿਚ ਸੇਵਾ ਕਰਦੇ ਸਨ। ਪਹਿਲਾਂ ਸਰਵਰੀਏ ਪੀਰ ਨੂੰ ਮੰਨਦੇ ਸਨ ਪਰ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਕੇ ਸਿੱਖੀ ਪ੍ਰਾਪਤ ਹੋਈ। ਸਿੱਖੀ ਦੇ ਵਿਰੋਧੀਆਂ ਘਰ ਘਾਟ ਤਬਾਹ ਕਰ ਦਿੱਤਾ ਸੀ। ਹੁਣ ਭਾਈ ਮੰਝ ਦਾ ਪਰਿਵਾਰ ਸਤਿਗੁਰੂ ਦੀ ਸੰਗਤ ਹੀ ਸੀ। ਘਰ ਗੁਰੂ ਕਾ ਲੰਗਰ ਹੀ ਸੀ। ਇਕ ਦਿਨ ਸਤਿਗੁਰਾਂ ਨੇ ਵਿਅੰਗ ਨਾਲ ਕਹਿ ਵੀ ਦਿੱਤਾ ਕਿ ਇਹੋ ਜਿਹੇ ਮੁਫ਼ਤ ਖੋਰੇ ਬਹੁਤ ਮਿਲ ਜਾਂਦੇ ਹਨ। ਦੋ ਲੱਕੜਾਂ ਇਧਰੋਂ ਚੁੱਕ ਕੇ ਇਧਰ ਕਰ ਦਿੱਤੀਆਂ, ਲੰਗਰੋਂ ਰੋਟੀ ਖਾ ਛੱਡੀ, ਇਹ ਕਾਹਦੀ ਸੇਵਾ ਹੈ। ਫਿਰ ਵੀ ਸ਼ੁਕਰ ਹੀ ਕਿਹਾ ਕਿ ਸਤਿਗੁਰਾਂ ਨੇ ਸੇਵਾ ਬਖਸ਼ੀ ਹੈ। ਲੰਗਰ ਵਿਚੋਂ ਬਾਹਰ ਤਾਂ ਨਹੀਂ ਕੱਢਿਆ। ਲੱਕੜਾਂ ਲੈ ਕੇ ਆ ਰਹੇ ਸਨ, ਖੂਹ ਵਿਚ ਡਿੱਗ ਪਏ। ਗਿਲਾ ਨਹੀਂ ਕੀਤਾ, ਪਰਮਾਤਮਾ ਦਾ ਸ਼ੁਕਰਾਨਾ ਕਰ ਰਹੇ ਸਨ ਕਿ ਇਕ ਤਾਂ ਚੋਟ ਕੋਈ ਨਹੀਂ ਆਈ ਦੂਸਰਾ ਲੱਕੜਾਂ ਨਹੀਂ ਭਿੱਜੀਆਂ। ਲੰਗਰ ਵਿਚ ਕੰਮ ਆ ਜਾਣਗੀਆਂ ਜਦੋਂ ਸਤਿਗੁਰਾਂ ਖੂਹ ਵਿਚੋਂ ਬਾਹਰ ਕਢਵਾਇਆ ਤਾਂ ਰੱਬ ਦਾ ਲੱਖ-ਲੱਖ ਸ਼ੁਕਰ ਕਰ ਰਹੇ ਸਨ। ਹੇ ਪਰਮਾਤਮਾ ਜੇਕਰ ਇਸ ਤਰ੍ਹਾਂ ਦੇ ਦਰਸ਼ਨ ਹੋਣ, ਸੰਗਤਾਂ ਦੇ ਦਰਸ਼ਨ ਹੋਣ ਤਾਂ ਫਿਰ ਮੈਂ ਬੇਸ਼ੱਕ ਰੋਜ਼ਾਨਾ ਖੂਹ ਵਿਚ ਡਿੱਗਾਂ। ਇੰਨੀਆਂ ਮਿਹਰਾਂ ਇੰਨੀ ਕ੍ਰਿਪਾ। ਸਿੱਖ ਨੂੰ ਇੰਨਾ ਸ਼ੁਕਰ ਨਾਲ ਭਰਿਆ ਵੇਖ ਕੇ ਸਤਿਗੁਰਾਂ ਦੇ ਮੂੰਹੋਂ ਵੀ ਨਿਕਲ ਗਿਆ—

Sri Satguru Jagjit Singh Ji eLibrary NamdhariElibrary@gmail.com

ਮੰਝ ਪਿਆਰਾ ਗੁਰੂ ਨੂੰ ਗੁਰ ਮੰਝ ਪਿਆਰਾ॥
ਮੰਝ ਗੁਰੂ ਦਾ ਬੋਹਿਥਾ ਜਗ ਲੰਘਨਹਾਰਾ॥

ਇਕ ਫ਼ਕੀਰ ਨੂੰ ਕੋਈ ਤਰਕਵਾਦੀ ਕਹਿ ਰਿਹਾ ਸੀ ਕਿ ਹਰ ਹਾਲਤ ਵਿਚ ਰੱਬ ਦਾ ਸ਼ੁਕਰਾਨਾ ਕਿਵੇਂ ਕੀਤਾ ਜਾ ਸਕਦਾ ਹੈ। ਉਸ ਫਕੀਰ ਨੇ ਕਿਹਾ ਕਿਉਂ ਨਹੀਂ ਹੋ ਸਕਦਾ। ਮੈਂ ਕਰਦਾ ਹਾਂ। ਉਸ ਤਰਕਵਾਦੀ ਨੇ ਕਿਹਾ ਅਗਰ ਕੋਈ ਤੈਨੂੰ ਗਾਲੀਆਂ ਦੇਵੇ, ਫਿਰ ਫ਼ਕੀਰ ਨੇ ਕਿਹਾ ਮੈਂ ਰੱਬ ਦਾ ਸ਼ੁਕਰਾਨਾ ਕਰਾਂਗਾ ਗਾਲੀ ਦਿੱਤੀ ਮਾਰਿਆ ਤਾਂ ਨਹੀਂ। ਉਸ ਨੇ ਕਿਹਾ ਅਗਰ ਕੋਈ ਮਾਰ ਹੀ ਦੇਵੇ ਫਿਰ? ਫ਼ਕੀਰ ਕਹਿਣ ਲੱਗਾ ਪਰਮਾਤਮਾ ਦਾ ਸ਼ੁਕਰ ਕਰਾਂਗਾ ਜਾਨੋ ਤਾਂ ਨਹੀਂ ਮਾਰਿਆ। ਤਰਕਵਾਦੀ ਕਹਿਣ ਲੱਗਾ ਕੋਈ ਤੈਨੂੰ ਜਾਨੋਂ ਹੀ ਮਾਰ ਦੇਵੇ ਤਾਂ ਫਿਰ? ਫ਼ਕੀਰ ਕਹਿਣ ਲੱਗਾ ਮਾਰਨ ਵਾਲੇ ਦਾ ਸ਼ੁਕਰਾਨਾ ਕਰਾਂਗਾ ਕਿ ਜਿਸ ਪਰਮਾਤਮਾ ਦਾ ਦਿਨ ਰਾਤ ਸ਼ੁਕਰਾਨਾ ਕਰਦਾ ਸਾਂ ਮੈਨੂੰ ਉਸ ਦੇ ਪਾਸ ਪਹੁੰਚਾ ਦਿੱਤਾ। ਮੈਂ ਉਸ ਨੂੰ ਆਪਣਾ ਵਿਚੋਲਾ ਸਮਝਾਂਗਾ।

ਜਿਨ੍ਹਾਂ ਨੇ ਸ਼ੁਕਰਾਨਾ ਕਰਨਾ ਹੈ ਉਨ੍ਹਾਂ ਨੇ ਹਰ ਹਾਲਤ ਵਿਚ ਕਰ ਹੀ ਲੈਣਾ ਹੈ। ਉਨ੍ਹਾਂ ਦਾ ਹਰ ਤਰਕ ਉਨ੍ਹਾਂ ਨੂੰ ਸ਼ੁਕਰਾਨੇ ਤੱਕ ਪਹੁੰਚਾ ਹੀ ਦੇਵੇਗਾ, ਅਤੇ ਜਿਨ੍ਹਾਂ ਦਾ ਸੁਭਾਅ ਗਿਲਾ ਕਰਨ ਦਾ ਬਣ ਗਿਆ ਹੈ ਉਨ੍ਹਾਂ ਦਾ ਹਰ ਤਰਕ ਉਨ੍ਹਾਂ ਨੂੰ ਗਿਲੇ ਤੱਕ ਪਹੁੰਚਾ ਹੀ ਦੇਵੇਗਾ। ਭਾਈ ਭਿਖਾਰੀ ਜੀ ਦਾ ਨਾਮ ਸਿੱਖ ਇਤਿਹਾਸ ਵਿਚ ਪ੍ਰਸਿੱਧ ਹੈ। ਇਹ ਭਿਖਾਰੀ ਸੀ ਸਿਰਫ਼ ਸਤਿਗੁਰੂ ਦਾ, ਇਹ ਭਿਖਾਰੀ ਸੀ ਨਾਮ ਦਾ। ਇਹ ਮਾਇਆ ਦਾ ਭਿਖਾਰੀ ਨਹੀਂ ਸੀ, ਇਹ ਸੰਸਾਰ ਦਾ ਭਿਖਾਰੀ ਨਹੀਂ ਸੀ, ਇਹ ਕਰਤਾਰ ਦਾ ਭਿਖਾਰੀ ਸੀ। ਇਕ ਹੀ ਭਿੱਖਿਆ ਦਾਤੇ ਦੇ ਦਰੋਂ ਰੋਜ਼ ਮੰਗਦਾ ਸੀ ਕਿ ਹੇ ਦਾਤਾ, ਮੈਂ ਤੇਰੀ ਰਜ਼ਾ ਵਿਚ ਰਾਜ਼ੀ ਰਹਾਂ। ਪੁੱਤਰ ਦੇ ਜਨਮ ਨੂੰ ਵੀ ਭਾਣਾ ਹੀ ਸਮਝਦਾ ਸੀ, ਵਿਆਹ ਨੂੰ ਵੀ ਭਾਣਾ ਅਤੇ ਪੁੱਤਰ ਦੀ ਮੌਤ ਨੂੰ ਵੀ ਭਾਣਾ ਹੀ ਸਮਝਦਾ ਸੀ। ਕਿਸੇ ਦੇ ਘਰ ਪੁੱਤਰ ਜਨਮਿਆ ਹੋਵੇ ਮੈਂ ਕਹਾਂ, ਤੇਰੇ ਘਰ ਰੱਬ ਦਾ ਭਾਣਾ ਵਰਤਿਆ ਹੈ ਤਾਂ ਸੁਣਨ ਵਾਲਾ ਨਰਾਜ਼ ਹੋ ਜਾਵੇਗਾ। ਕਿਸੇ ਦੇ ਪੁੱਤਰ ਦਾ ਵਿਆਹ ਹੋਵੇ, ਮੈਂ ਕਹਾਂ, ਇਸ ਘਰ ਵਿਚ ਕੈਸਾ ਰੱਬ ਦਾ ਭਾਣਾ ਵਰਤਿਆ ਹੈ ਤਾਂ ਘਰ ਵਾਲੇ ਜ਼ਰੂਰ ਨਰਾਜ਼ ਹੋਣਗੇ। ਅਸੀਂ ਭਾਣਾ ਸ਼ਬਦ ਤੋਂ ਮੁਰਾਦ ਘਾਟਾ, ਮੌਤ, ਦੁੱਖ ਹੀ ਲਈਦਾ ਹੈ ਪਰ ਭਾਣੇ ਤੋਂ ਬਿਨਾਂ ਜਨਮ ਨਹੀਂ।

ਜਾਂ ਤਿਸੁ ਭਾਣਾ ਤਾਂ ਜੰਮਿਆ ਪਰਵਾਰਿ ਭਲਾ ਭਾਇਆ॥

—ਅਨੰਦ ਸਾਹਿਬ, ਪੰਨਾ ੯੨੧

ਭਾਈ ਭਿਖਾਰੀ ਦਾ ਭਾਣੇ ਵਿਚ ਰਹਿਣ ਦਾ ਅਭਿਆਸ ਹੋ ਚੁੱਕਾ ਸੀ। ਉਹ ਜਿਸ ਬਿਰਤੀ ਵਿਚ ਪੁੱਤਰ ਦੇ ਜਨਮ ਵੇਲੇ ਸਨ ਉਹ ਸ਼ੁਕਰਾਨੇ ਦੀ ਬਿਰਤੀ ਸੀ, ਵਿਆਹ ਵੇਲੇ ਵੀ ਸ਼ੁਕਰ ਵਿਚ ਸਨ, ਪੁੱਤਰ ਦੀ ਮੌਤ ਵੇਲੇ ਵੀ ਸ਼ੁਕਰ ਵਿਚ ਸਨ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਨੂੰ ਸ਼ੁਕਰ ਦਾ ਸਬਕ ਸਿਖਾਇਆ ਸੀ। ਸਾਬੋ ਕੀ ਤਲਵੰਡੀ ਵਿਚ ਮਾਤਾ ਜੀ ਸਜੇ ਦੀਵਾਨ ਵਿਚ ਪਹੁੰਚੇ ਸਨ ਅਤੇ ਸਾਹਿਬਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਪੁੱਛਿਆ ਸੀ ਕਿ ਸਾਹਿਬ ਜੀ ਚਾਰੇ ਸਾਹਿਬਜ਼ਾਦੇ ਕਿਥੇ ਹਨ। ਕਲਗੀਧਰ ਪਾਤਸ਼ਾਹ ਨੇ ਕਿਹਾ ਸੀ, ਉਹ ਤਾਂ ਮੈਂ ਵਾਰ ਦਿੱਤੇ ਹਨ। ਮਾਤਾ ਜੀ ਨੇ ਕਿਹਾ ਸੀ, ਸਾਹਿਬ ਜੀ ਵਾਰਨ ਦੀ ਗੱਲ ਮੈਂ ਇੰਜ ਸਮਝਦੀ ਹਾਂ ਕਿ ਇਕ ਬੰਦਾ ਇਕ ਰੁਪੈ ਤੋਂ ਅੱਠ ਆਨੇ ਵਾਰ ਦੇਵੇ ਤਾਂ ਕਿ ਅੱਠ ਆਨੇ ਬਚ ਜਾਣ। ਲੱਖ ਤੋਂ ਸੌ ਵਾਰ ਦੇਵੇ, ਬਾਕੀ ਬਚ ਜਾਵੇ। ਪੁੱਤਰਾਂ ਤੋਂ ਧਨ ਕੁਰਬਾਨ ਕਰ ਦੇਈਦਾ ਹੈ। ਉਹ ਕਿਹੜੀ ਕੀਮਤੀ ਤੇ ਪਿਆਰੀ ਚੀਜ਼ ਹੈ ਜਿਸ ਤੋਂ ਤੁਸੀਂ ਆਪਣੇ ਪੁੱਤਰ ਵੀ ਵਾਰ ਦਿੱਤੇ। ਸਤਿਗੁਰਾਂ ਕਿਹਾ ਸੀ ਉਹ ਮੇਰਾ ਖਾਲਸਾ ਹੈ। ਮੈਂ ਨਿਰੰਕਾਰ ਦਾ ਸ਼ੁਕਰਾਨਾ ਕਰ ਰਿਹਾ ਹਾਂ ਕਿ ਚਾਰ ਵਾਰੇ ਹਨ ਅਤੇ ਹਜ਼ਾਰਾਂ ਬਚਾਏ ਹਨ। ਜਿਸ ਪਰਮਾਤਮਾ ਨੇ ਮੈਨੂੰ ਸਿੱਖਾਂ ਦਾ ਇੰਨਾ ਪਿਆਰ ਬਖਸ਼ਿਆ ਹੈ, ਮੈਂ ਉਸ ਪਰਮਾਤਮਾ ਦਾ ਜਿੰਨਾ ਵੀ ਸ਼ੁਕਰਾਨਾ ਕਰਾਂ ਥੋੜ੍ਹਾ ਹੈ। ਸਾਡਾ ਗਿਆ ਬਹੁਤ ਥੋੜ੍ਹਾ ਹੈ, ਬਚਿਆ ਬਹੁਤ ਜ਼ਿਆਦਾ ਹੈ।

ਅਠੇ ਪਹਿਰ ਗਿਲੇ ਕਰਨ ਵਾਲਾ ਬੰਦਾ ਤੁਹਾਨੂੰ ਵੀ ਚੰਗਾ ਨਹੀਂ ਲੱਗਦਾ, ਬੇਸ਼ੱਕ ਆਪਣਾ ਪੁੱਤਰ ਹੋਵੇ ਭਾਵੇਂ ਪਿਤਾ ਹੋਵੇ। ਵੈਸੇ ਨੌਜਵਾਨਾਂ ਨਾਲੋਂ ਬਜ਼ੁਰਗ ਜ਼ਿਆਦਾ ਗਿਲਿਆਂ ਨਾਲ ਭਰਿਆ ਹੁੰਦਾ ਹੈ। ਜੇਕਰ ਬਜ਼ੁਰਗਾਂ ਦੀ ਬਹੁਤ ਦੁਰਗਤੀ ਹੈ, ਸੁਣਦਾ ਕੋਈ ਨਹੀਂ ਤਾਂ ਇਕ ਵੱਡਾ ਕਾਰਨ ਇਹ ਹੈ ਕਿ ਜਦੋਂ ਸੁਣੇ ਸੁਣਾਉਣੇ ਗਿਲੇ ਹੀ ਹਨ, ਸ਼ਿਕਵੇ ਹੀ ਹਨ ਤਾਂ ਫਿਰ ਕੌਣ ਸੁਣੇ। ਕਈ ਵਾਰ ਜਦੋਂ ਆਪਣੇ ਪੁੱਤਰ, ਪੋਤਰੇ, ਨੂੰਹਾਂ ਨਹੀਂ ਸੁਣਦੀਆਂ ਤਾਂ ਬਜ਼ੁਰਗ, ਗੁਆਂਢੀਆਂ ਨੂੰ ਵੀ ਸੁਣਾ ਆਉਂਦੇ ਹਨ। ਗਿਲੇ ਕੌਣ ਸੁਣੇ, ਗਿਲਿਆਂ ਵਾਲਾ ਬੰਦਾ ਤੁਹਾਨੂੰ ਵੀ ਚੰਗਾ ਨਹੀਂ ਲੱਗਦਾ, ਰੱਬ ਨੂੰ ਵੀ ਨਹੀਂ ਚੰਗਾ ਲੱਗਦਾ।

ਜਿਹੜਾ ਅੱਠੇ ਪਹਿਰ ਸ਼ੁਕਰਾਨਾ ਹੀ ਕਰੇ ਭਾਵੇਂ ਆਪਣਾ ਹੋਵੇ, ਭਾਵੇਂ ਬੇਗਾਨਾ ਹੋਵੇ, ਉਹ ਪਿਆਰਾ ਲਗਦਾ ਹੈ। ਸ਼ੁਕਰਾਨੇ ਵਾਲੇ ਬੰਦੇ ਪਾਸ ਬੈਠਣ ਤੇ ਜੀ ਕਰਦਾ ਹੈ। ਸ਼ੁਕਰਾਨੇ ਵਾਲੇ ਹਿਰਦੇ ਵਿਚ ਹੀ ਪਰਮਾਤਮਾ ਬੈਠਦਾ ਹੈ ਅਤੇ ਸ਼ੁਕਰਾਨੇ ਵਾਲੇ ਹਿਰਦੇ ਵਿਚ ਸਦਾ ਲਈ ਅਨੰਦ ਬਣਿਆ ਰਹਿੰਦਾ ਹੈ।

ਕਬੀਰ ਸਾਹਿਬ ਤਾਹੀਉਂ ਕਹਿੰਦੇ ਹਨ–

*ਅਹਿਰਖਵਾਦੁ ਨਾ ਕੀਜੈ ਰੇ ਮਨ॥*
*ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ।*

—ਆਸਾ ਕਬੀਰ ਜੀ, ਪੰਨਾ ੪੭੯

ਗੁਰਮੁਖ ਹਮੇਸ਼ਾ ਕਹਿੰਦਾ ਹੈ ਕਿ ਹੇ ਪ੍ਰਮਾਤਮਾ ਜਿਥੇ ਰੱਖੇਂ ਮੈਂ ਰਾਜ਼ੀ ਹਾਂ, ਜੋ ਕਰਾਏਂ ਸੋਈ ਭਲਾ ਹੈ। ਗਿਲੇ ਤੋਂ ਸ਼ੁਕਰਾਨੇ ਤੱਕ ਦੀ ਯਾਤਰਾ ਹੀ, ਧਰਮ ਦੀ ਯਾਤਰਾ ਹੈ।

**

Sri Satguru Jagjit Singh Ji eLibrary NamdhariElibrary@gmail.com

# 11 ਰੋਜ਼ੀ ਤੇ ਰਾਜ਼ਕ

ਗੁਰੂ ਸਾਹਿਬ ਦਾ ਫ਼ਰਮਾਨ ਹੈ–

*ਜੇ ਇਕੁ ਹੋਇ ਤਾ ਉਗਵੈ ਰੁਤੀ ਹੂ ਰੁਤਿ ਹੋਇ ॥*

—ਵਾਰ ਆਸਾ, ਪੰਨਾ ੪੬੮

ਰੁਤ ਵੀ ਠੀਕ ਹੋਵੇ ਅਤੇ ਬੀਜ ਵੀ ਸਾਬਤ ਹੋਵੇ ਤਾਂ ਹੀ ਉੱਗਦਾ ਹੈ, ਦੋ ਫਾੜ ਬੀਜ ਨਹੀਂ ਉੱਗਦਾ। ਦਲੇ ਹੋਏ ਬੀਜ ਵਿਚੋਂ ਕੋਈ ਪੌਦਾ ਪੈਦਾ ਨਹੀਂ ਹੋ ਸਕਦਾ ਅਤੇ ਖਿੰਡੇ ਹੋਇ ਮਨ ਵਿਚੋਂ, ਦੂਚਿੱਤੇ ਮਨ ਵਿਚੋਂ ਜੋਤ ਸਰੂਪ ਪਰਮਾਤਮਾ ਵੀ ਪ੍ਰਗਟ ਨਹੀਂ ਹੋ ਸਕਦਾ। ਦੋ ਫਾੜ ਹੋਇਆ ਬੀਜ ਤਾਂ ਦੁਬਾਰਾ ਨਹੀਂ ਜੁੜ ਸਕਦਾ। ਬੀਜ ਨੂੰ ਕਿਰਸਾਨ ਪਹਿਲਾਂ ਹੀ ਸੰਭਾਲ ਕੇ ਰੱਖਦਾ ਹੈ। ਪਰ ਦੂਚਿਤਾ ਮਨ ਜ਼ਰੂਰ ਫਿਰ ਇਕ ਹੋ ਸਕਦਾ ਹੈ। ਮਨ ਦੇ ਟੁਕੜੇ ਵੀ ਹੋ ਸਕਦੇ ਹਨ ਅਤੇ ਟੁਕੜੇ ਜੁੜ ਕੇ ਫਿਰ ਮਨ ਇਕ ਹੋ ਸਕਦਾ ਹੈ। ਧਾਰਮਿਕ ਸਾਧਨਾ ਗੁਰਮਤਿ ਘਾਲ ਕਮਾਈ ਨਾਮ ਅਭਿਆਸ ਨਾਲ ਖਿੰਡਿਆ ਹੋਇਆ ਮਨ ਫਿਰ ਇਕ ਹੋ ਜਾਂਦਾ ਹੈ। ਜਿਨ੍ਹਾਂ ਦਾ ਮਨ ਇਕ ਨਹੀਂ, ਦੂਚਿੱਤੇ ਹਨ ਉਨ੍ਹਾਂ ਦੀ ਕੀ ਹਾਲਤ ਹੈ। ਇਕ ਕਥਾ ਹੈ–

ਤੁਲਸੀ ਇਕ ਦਿਨ ਤੁਰੇ ਜਾ ਰਹੇ ਸਨ। ਅੱਗੋਂ ਇਕ ਭੰਗਨ ਮਾਈ ਆ ਰਹੀ ਸੀ, ਉਸ ਨੇ ਲੋਕਾਂ ਦੇ ਘਰਾਂ ਦਾ ਕੂੜਾ ਉਠਾਇਆ ਹੋਇਆ ਸੀ। ਤੁਲਸੀ ਦਾਸ ਬ੍ਰਾਹਮਣ ਸੀ, ਉਹ ਤਾਂ ਸ਼ੂਦਰਾਂ ਦੇ ਪ੍ਰਛਾਵੇਂ ਤੋਂ ਵੀ ਡਰਦਾ ਸੀ। ਪਰ ਇਹ ਮਾਈ ਤਾਂ ਸਿਰ ਤੇ ਗੰਦ ਉਠਾਈ ਆ ਰਹੀ ਹੈ। ਗਲੀ ਛੋਟੀ ਸੀ, ਮਜਬੂਰੀ ਸੀ। ਕਿਤੇ ਨੱਸਣ ਲਈ ਪਾਸੇ ਹੋਣ ਦੀ ਕੋਈ ਗੁੰਜਾਇਸ਼ ਨਹੀਂ ਸੀ। ਕਈ ਵਾਰ ਐਸਾ ਹੁੰਦਾ ਹੈ ਕਿ ਬੰਦਾ ਜਿਉਂ-ਜਿਉਂ ਬਚਣ ਦਾ ਯਤਨ ਕਰਦਾ ਹੈ, ਤਿਉਂ-ਤਿਉਂ ਟੱਕਰ ਹੋ ਜਾਂਦੀ ਹੈ। ਬੱਚਦਾ-ਬੱਚਦਾ ਟਕਰਾਅ ਹੋ ਗਿਆ। ਉਸ ਮਾਈ ਨੇ ਕਹਿ ਦਿੱਤਾ, ਬ੍ਰਾਹਮਣ ਦੇਵਤਾ ਜੀ, ਇਕ ਪਾਸੇ ਲਗੋ, ਨਹੀਂ ਤਾਂ ਯਾਦ ਰੱਖੋ ਮੇਰਾ ਵਿਗੜਨਾ ਕੁਝ ਨਹੀਂ ਅਤੇ ਤੁਹਾਡਾ ਰਹਿਣਾ ਕੁਝ ਨਹੀਂ। ਕਿਤੇ ਮੇਰੇ ਸਿਰ ਦਾ ਟੋਕਰਾ ਤੁਹਾਡੇ ਸਿਰ ਤੇ ਨਾ ਆ ਪਵੇ। ਮੈਂ ਤਿਆਰੀ ਕਰਕੇ ਚੁੱਕਿਆ ਹੈ, ਤੁਹਾਡੀ ਤਾਂ ਤਿਆਰੀ

ਵੀ ਕੋਈ ਨਹੀਂ। ਪਤਾ ਨਹੀਂ ਇਹ ਅਪਵਿੱਤ੍ਰਤਾ ਕੋਈ ਗੰਗਾ ਵੀ ਉਤਾਰ ਸਕੇ ਕਿ ਨਾ, ਤੁਸੀਂ ਕ੍ਰਿਪਾ ਕਰਕੇ ਇਕ ਪਾਸੇ ਲੱਗੋ।

ਤੁਲਸੀ ਦਾਸ ਨੇ ਉਸ ਮਾਈ ਦੇ ਪੈਰੀਂ ਹੱਥ ਲਾਏ ਅਤੇ ਕਿਹਾ, ਮਾਤਾ ਜੀ ਤੁਸੀਂ ਤਾਂ ਅੱਜ ਤੋਂ ਮੇਰੇ ਗੁਰੂ ਹੋ। ਅੱਜ ਤਕ ਮੈਂ ਇਕ ਪਾਸੇ ਨਹੀਂ ਲੱਗਾ। ਅੱਜ ਤੋਂ ਬਾਅਦ ਮੈਂ ਇਕ ਪਾਸੇ ਲੱਗਾਂਗਾ, ਮੈਂ ਰੱਬ ਵਾਲੇ ਪਾਸੇ ਲੱਗਾਂਗਾ, ਮੈਂ ਘਰ ਛੱਡ ਦਿਆਂਗਾ ਘਰ ਛੱਡ ਵੀ ਦਿੱਤਾ। ਦੁਨੀਆਂ ਸੋਚਦੀ ਹੋਵੇਗੀ ਕਿ ਤੁਲਸੀ ਇਕ ਪਾਸੇ ਲੱਗ ਗਏ। ਨਹੀਂ ਦੁਬਿਧਾ ਮੁੱਕੀ ਨਹੀਂ। ਮਾਈ ਪ੍ਰੇਰਨਾ ਜ਼ਰੂਰ ਦੇ ਗਈ ਪਰ ਗਿਆਨ ਮਾਈ ਦਾ ਨਹੀਂ ਤੁਲਸੀ ਦਾ ਹੀ ਸੀ। ਕਾਸ਼! ਕਿਤੇ ਉਹ ਮਾਈ ਗੁਰੂ ਵੀ ਹੁੰਦੀ ਅਤੇ ਤੁਲਸੀ ਨੂੰ ਕਹਿੰਦੀ ਕਿ ਤੂੰ ਅਜੇ ਵੀ ਇਕ ਪਾਸੇ ਨਹੀਂ ਲੱਗਾ। ਤੂੰ ਕਰਤਾਰ ਨੂੰ ਸੰਸਾਰ ਵਿਚੋਂ ਵੇਖ। ਤੂੰ ਅਨੇਕਤਾ ਵਿਚ ਏਕਤਾ ਨੂੰ ਵੇਖ। ਪਰ ਐਸਾ ਹੋ ਨਹੀਂ ਸਕਿਆ।

ਇਹ ਹਕੀਕਤ ਹੈ ਕਿ ਤੁਲਸੀ ਵੀ ਦੁਚਿੱਤੇ ਰਹੇ ਅਤੇ ਰਾਮਾਇਣ ਪੜ੍ਹਿਆਂ ਪਤਾ ਲਗਦਾ ਹੈ ਤੁਲਸੀ ਦੇ ਰਾਮ ਵੀ ਦੁਚਿੱਤੇ ਰਹੇ। ਭੀਲਨੀ ਦਾ ਸਤਿਕਾਰ ਪਰ ਸ਼ਬੂਕ ਰਿਸ਼ੀ ਦਾ ਕਤਲ। ਸੀਤਾ ਲਈ ਐਡੀ ਵੱਡੀ ਜੰਗ ਫਿਰ ਉਸ ਨੂੰ ਬਨਵਾਸ, ਐਸੀਆਂ ਅਨੇਕ ਘਟਨਾਵਾਂ ਹਨ। ਦੁਚਿਤੇ ਮਨ ਵਿਚੋਂ ਹੀ ਐਸੀਆਂ ਘਟਨਾਵਾਂ ਪੂਜਨੀਕ ਬਣਾ ਕੇ ਲਿਖੀਆਂ ਜਾ ਸਕਦੀਆਂ ਹਨ। ਅਸਲ ਵਿਚ ਮਨੁੱਖ ਨੂੰ ਕੁਝ ਸਿਖਾਇਆ ਹੀ ਐਸਾ ਗਿਆ ਸੀ ਕਿ ਜੇਕਰ ਰੋਜ਼ੀ ਚਾਹੀਦੀ ਹੈ ਤਾਂ ਰਾਜ਼ਕ ਨਹੀਂ ਮਿਲੇਗਾ। ਚੁਣ ਕੀ ਚੁਣਦਾ ਹੈਂ, ਸੰਸਾਰ ਕਿ ਕਰਤਾਰ, ਧਰਮ ਕਿ ਧੰਦਾ। ਗ੍ਰਿਹਸਥ ਕਿ ਸੰਨਿਆਸ। ਮਨੁੱਖ ਜੀਵਨ ਨੂੰ ਜਾਣਨ ਦਾ ਇੱਛੁਕ ਸੀ ਪਰ ਬਿਨਾਂ ਜਾਣਿਆਂ ਹੀ ਮਰ ਜਾਂਦਾ ਸੀ।

ਗੁਰੂ ਅਮਰਦਾਸ ਜੀ ਦੇ ਇਤਿਹਾਸ ਵਿਚ ਇਕ ਬੜੀ ਸੁੰਦਰ ਕਥਾ ਹੈ ਕਿ ਇਕ ਜੋਤਸ਼ੀ ਨੇ ਪੈਰ ਦੀ ਰੇਖਾ ਵੇਖ ਕੇ ਕਹਿ ਦਿੱਤਾ ਸੀ ਕਿ ਤੁਸੀਂ ਚਵਰ ਤਖ਼ਤ ਦੇ ਮਾਲਕ ਹੋਵੋਗੇ। ਜਦੋਂ ਸਤਿਗੁਰੂ ਅਮਰਦਾਸ ਜੀ ਗੁਰਿਆਈ ਪ੍ਰਾਪਤ ਕਰਕੇ ਫਿਰ ਤੀਰਥਾਂ ਤੇ ਗਏ, ਜਾਣ ਦਾ ਕਾਰਨ ਸੀ ਖਲਕਤ ਦਾ ਉਧਾਰ।

*ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥*

—ਤੁਖਾਰੀ, ਪੰਨਾ ੧੧੧੬

ਭਾਵ ਤੀਰਥ ਤੇ ਜਾਣ ਦਾ ਉੱਦਮ ਜੋ ਸਤਿਗੁਰਾਂ ਨੇ ਕੀਤਾ ਉਹ ਸਾਰੇ ਲੋਕਾਂ ਦੇ ਉਧਾਰ ਵਾਸਤੇ ਕੀਤਾ।

ਉਹ ਜੋਤਸ਼ੀ ਫਿਰ ਮਿਲ ਪਿਆ। ਇਸ ਪੰਡਤ ਦੀ ਇਹੀ ਸੋਚ ਸੀ ਕਿ ਜੇਕਰ ਮੈਂ ਇਹ ਲੋਕ ਮੰਗ ਲਿਆ ਤਾਂ ਪ੍ਰਲੋਕ ਨਹੀਂ ਸੰਵਰਨਾ। ਜੇ ਪ੍ਰਲੋਕ ਮੰਗ ਲਿਆ ਤਾਂ ਇਹ ਲੋਕ ਨਹੀਂ ਸੰਵਰਨਾ। ਉਸ ਦੀ ਮੰਗ ਨਾਲ ਇਹੀ ਪ੍ਰਸ਼ਨ ਸੀ ਕਿ ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

ਜੀ ਕਿਤੇ ਸੰਸਾਰ ਤੇ ਕਰਤਾਰ ਦਾ ਸਮਝੌਤਾ ਵੀ ਹੁੰਦਾ ਹੈ ਕਿ ਨਹੀਂ। ਕਿਤੇ ਧਨ ਤੇ ਧਰਮ ਦੋਵੇਂ ਰਲ ਕੇ ਬੈਠ ਵੀ ਸਕਦੇ ਹਨ ਕਿ ਨਹੀਂ। ਮਨ ਚਾਹੁੰਦਾ ਹੈ ਕਿ ਸੰਸਾਰ ਵਿਚ ਸਰੀਰਕ ਲੋੜਾਂ ਵੀ ਪੂਰੀਆਂ ਹੋਣ। ਪਰਮਾਤਮਾ ਦੀ ਯਾਦ ਵੀ ਮਿਲੇ। ਪਰ ਮੇਰੇ ਸ਼ਾਸਤਰ ਅਨੁਸਾਰ ਇਨ੍ਹਾਂ ਦੋਹਾਂ ਗੱਲਾਂ ਦਾ ਸਮਝੌਤਾ ਨਹੀਂ ਹੁੰਦਾ, ਇਨ੍ਹਾਂ ਦਾ ਕੋਈ ਸੁਮੇਲ ਨਹੀਂ। ਮੈਂ ਚਾਹੁੰਦਾ ਹਾਂ ਤੁਸੀਂ ਸਮਰੱਥ ਹੋ ਕਿਤੇ ਤੁਸੀਂ ਐਸਾ ਕਹਿ ਦਿਉ ਕਿ ਹੋ ਸਕਦਾ ਹੈ, ਤਾਂ ਮੇਰਾ ਮਨ ਸ਼ਾਂਤ ਹੋ ਜਾਏ। ਜਗਤ ਦਾ ਵੀ ਭਲਾ ਹੋ ਜਾਏ।

ਭਾਈ ਸੰਤੋਖ ਸਿੰਘ ਜੀ ਨੇ ਉਸ ਦੀ ਮੰਗ ਨੂੰ ਬੜੇ ਹੀ ਸੁੰਦਰ ਸ਼ਬਦਾਂ ਵਿਚ ਲਿਖਿਆ ਹੈ—

*ਨਾਮ ਦੇਹਿੰ, ਧਨ ਦੇਹਿੰ ਨ ਜਨ ਕੋ,*
*ਧਨ ਬਿਹੀਨ ਜਨ ਜਗ ਨ ਸੁਹਾਇ॥*
*ਜੇ ਧਨ ਦੇਹਿੰ ਨਾਮ ਨਹਿ ਦੇਵੈਂ,*
*ਨਾਮ ਬਿਨਾ ਜਨ ਜਮਪੁਰਿ ਜਾਇ॥*
*ਤੁਮ ਪਹਿ ਕਹੀ ਨਹੀਂ ਬਨਿ ਆਵਹਿ,*
*ਜਯੋਂ ਭਾਵੈਂ ਤਯੋਂ ਬਨਤਿ ਬਨਾਇ॥*
*ਗੁਰ ਅਮਰਦਾਸ ਤੇਜੋ ਕੇ ਨੰਦਨ,*
*ਦੋਨਹੁ ਨਿਰਮਲ ਪੰਥ ਚਲਾਇ॥*

—ਗੁ. ਪ੍ਰ. ਸੂ. ਰਾਸਿ ੧, ਅੰਸ਼ੂ ੫੦

ਪੰਡਤ ਨਾਮ ਵੀ ਚਾਹੁੰਦਾ ਹੈ, ਧਨ ਵੀ ਚਾਹੁੰਦਾ ਹੈ। ਇਹ ਜੁਗਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਦਿੱਤੀ ਹੈ ਕਿ ਭਗਤ ਰਿਜ਼ਕ ਵੀ ਕਮਾਉਂਦਾ ਹੈ ਅਤੇ ਆਪਣੇ ਆਪ ਨੂੰ ਪਾਸੇ ਕਰਕੇ ਕਰਤਾ ਭਾਵ ਮੁਕਾ ਕੇ ਕਹਿੰਦਾ ਹੈ ਕਿ ਇਹ ਵਸਤੂਆਂ ਤੈਥੋਂ ਮੈਂ ਮੰਗ ਕੇ ਲੈ ਰਿਹਾ ਹਾਂ। ਫਿਰ ਜਦੋਂ ਰੋਜ਼ੀ ਮੈਨੂੰ ਰਾਜ਼ਕ ਦੇ ਰਿਹਾ ਹੈ ਫਿਰ ਮੇਰੇ ਘਰ ਰਿਜ਼ਕ ਵੀ ਹੈ ਅਤੇ ਰਾਜ਼ਕ ਵੀ ਹੈ।

ਭਗਤ ਕਹਿੰਦਾ ਹੈ ਕਿ ਮੈਂ ਤੇਰਾ ਲੋੜਵੰਦ ਹਾਂ। ਸੁਣਿਆ ਹੈ ਜਿਹੜੇ ਤੇਰੀ ਭਗਤੀ ਕਰਦੇ ਹਨ ਤੂੰ ਉਨ੍ਹਾਂ ਦੇ ਕਾਰਜ ਰਾਸ ਕਰਦਾ ਹੈ। ਮੈਂ ਦਾਲ, ਆਟਾ, ਘਿਉ ਮੰਗਦਾ ਹਾਂ, ਮੇਰਾ ਮਨ ਪ੍ਰਸੰਨ ਰਹੇ। ਜੁੱਤੀ, ਕੱਪੜੇ ਚੰਗੇ ਮੰਗਦਾ ਹਾਂ। ਚੰਗੀ ਤਰ੍ਹਾਂ ਸੱਤ ਵਾਰ ਵਾਹੀ ਖੇਤੀ ਦਾ ਅਨਾਜ ਮੰਗਦਾ ਹਾਂ, ਗਾਂ ਮੱਝ ਲਾਵੇਰੀ ਮੰਗਦਾ ਹਾਂ, ਚੰਗੀ ਘੋੜੀ ਵੀ ਮੰਗਦਾ ਹਾਂ।

ਜਿੱਥੇ ਪੁਰਾਤਨ ਸੰਨਿਆਸੀ ਕਹਿੰਦਾ ਸੀ ਕਿ ਪਰਮਾਤਮਾ ਮੇਰੀ ਪਤਨੀ ਨੂੰ ਮੇਰੇ ਮਗਰੋਂ ਲਾਹ ਤਾਂ ਕਿ ਮੈਂ ਬੰਦਗੀ ਕਰਾਂ। ਕਈ ਤਾਂ ਅੱਧੀ ਰਾਤ ਪਤਨੀ ਨੂੰ ਸੁੱਤੀ ਛੱਡ ਕੇ ਹੀ ਚੋਰੀ ਚਲੇ ਗਏ ਸਨ। ਉਹ ਸੋਚ ਰਹੇ ਸਨ ਪਤਨੀ, ਬੱਚੇ ਬੰਦਗੀ

Sri Satguru Jagjit Singh Ji eLibrary NamdhariElibrary@gmail.com

ਵਿਚ ਰੁਕਾਵਟ ਹਨ। ਭਗਤ ਧੰਨਾ ਜੀ ਕਹਿੰਦੇ ਹਨ, ਚੰਗੀ ਪਤਨੀ ਦੇ, ਨਹੀਂ ਤਾਂ ਮੈਂ ਬੰਦਗੀ ਕਰਾਂਗਾ ਕਿਵੇਂ? ਉਨ੍ਹਾਂ ਨੂੰ ਪਤਨੀ ਬੰਦਗੀ ਵਿਚ ਸਹਾਇਕ ਜਾਪਦੀ ਹੈ, ਇਹ ਮੰਗਦੇ ਹਨ।

*ਗੋਪਾਲ ਤੇਰਾ ਆਰਤਾ॥*
*ਜੋ ਜਨ ਤੁਮਰੀ ਭਗਤਿ ਕਰੰਤੇ॥*
*ਤਿਨ ਕੇ ਕਾਜ ਸਵਾਰਤਾ॥ ਰਹਾਉ॥*
*ਦਾਲਿ ਸੀਧਾ ਮਾਗਉ ਘੀਉ॥*
*ਹਮਰਾ ਖੁਸੀ ਕਰੈ ਨਿਤ ਜੀਉ॥*
*ਪਨੀਆ ਛਾਦਨ ਨੀਕਾ॥*
*ਅਨਾਜ ਮਾਗਉ ਸਤ ਸੀ ਕਾ॥*
*ਗਊ ਭੈਸ ਮੰਗਉ ਲਾਵੇਰੀ॥*
*ਇਕ ਤਾਜਨਿ ਤੁਰੀ ਚੰਗੇਰੀ॥*
*ਘਰ ਕੀ ਗੀਹਨ ਚੰਗੀ॥*
*ਜਨ ਧੰਨਾ ਲੇਵੈ ਮੰਗੀ॥*

—ਧਨਾਸਰੀ, ਪੰਨਾ ੬੯੫

ਜਿਨ੍ਹਾਂ ਬੰਦਿਆਂ ਨੇ ਧਰਮ ਤੇ ਧੰਦੇ ਨੂੰ ਵੱਖ-ਵੱਖ ਕੀਤਾ ਉਹ ਬੁਰੀ ਤਰ੍ਹਾਂ ਅਸਫ਼ਲ ਰਹੇ ਹਨ। ਜਿਹੜੇ ਸਿਰਫ਼ ਧੰਦਾ ਹੀ ਕਰਦੇ ਰਹੇ ਉਹ ਮਾਇਆ ਦੇ ਜੰਜਾਲ ਵਿਚ ਫਸੇ ਰਹੇ ਅਤੇ ਇਕ ਲਾਲਸਾ ਰਹੀ ਕਿ ਕਿਸੇ ਸਾਧੂ ਸੰਤ ਦੀ ਸੇਵਾ ਕਰੀਏ। ਉਸ ਦੇ ਸਿਮਰਨ ਭਜਨ ਵਿਚੋਂ ਕੁਝ ਹਿੱਸਾ ਸਾਨੂੰ ਵੀ ਮਿਲ ਜਾਏ ਅਤੇ ਸਾਡਾ ਵੀ ਉਧਾਰ ਹੋ ਜਾਏ। ਆਪ ਤਾਂ ਜੀਵਨ ਵਿਚ ਕੀਤਾ ਕੁਝ ਨਹੀਂ, ਆਸ ਸਾਧੂ ਸੰਤਾਂ ਦੀ ਹੈ। ਮਾਇਆ ਨਾਲ ਵੀ ਅੰਦਰੋਂ ਪੂਰੀ ਤ੍ਰਿਪਤੀ ਨਹੀਂ ਮਿਲੀ ਕੁਝ ਅਧੂਰਾਪਨ ਹੈ। ਦੂਸਰੇ ਪਾਸੇ ਅਨੇਕ ਸਾਧੂ ਸੰਤ ਵੀ ਸ਼ਰਧਾਲੂ ਇਕੱਠੇ ਕਰਨ ਲਈ ਹਰ ਹੱਥਕੰਡਾ ਵਰਤਦੇ ਹਨ। ਇਸ ਲਈ ਕਿ ਸ਼ਰਧਾਲੂਆਂ ਤੋਂ ਬਿਨਾਂ ਕੰਮ ਨਹੀਂ ਚੱਲਦਾ। ਅਸਲ ਵਿਚ ਮਾਇਆ ਤੋਂ ਬਿਨਾਂ ਕੰਮ ਨਹੀਂ ਚੱਲਦਾ ਤੇ ਸ਼ਰਧਾਲੂਆਂ ਤੋਂ ਬਿਨਾਂ ਮਾਇਆ ਨਹੀਂ। ਕਿੰਨੀ ਤਰਸਯੋਗ ਹਾਲਤ ਹੈ ਇਨ੍ਹਾਂ ਦੋ ਤਰ੍ਹਾਂ ਦੇ ਮਨੁੱਖਾਂ ਦੀ। ਦੋਵੇਂ ਹੀ ਇਕ ਦੂਸਰੇ ਦੀ ਆਸ ਬਣਾ ਕੇ ਬੈਠੇ ਹਨ।

ਬਾਬਾ ਫਰੀਦ ਜੀ ਕਿੰਨਾ ਸੋਹਣਾ ਖ਼ਿਆਲ ਬਖ਼ਸ਼ਦੇ ਹਨ—

*ਫ਼ਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ॥*
*ਧ੍ਰਿਗ ਤਿਨਾਂ ਦਾ ਜੀਵਿਆ ਜਿਨਾਂ ਵਿਡਾਨੀ ਆਸ॥ ੨੧॥*

—ਪੰਨਾ ੧੩੮੦

ਸਤਿਗੁਰੂ ਨਾਨਕ ਦੇਵ ਜੀ ਨੇ ਇਸ ਮੁੱਢਲੀ ਬੀਮਾਰੀ ਨੂੰ ਧਿਆਨ ਨਾਲ ਵੇਖ

Sri Satguru Jagjit Singh Ji eLibrary NamdhariElibrary@gmail.com

ਲਿਆ ਸੀ। ਇਸੇ ਵਾਸਤੇ ਉਨ੍ਹਾਂ ਨੇ ਦੁਕਾਨਦਾਰੀ ਆਪ ਕੀਤੀ, ਵਪਾਰ ਆਪ ਕੀਤਾ ਤੇ ਕ੍ਰਿਸਾਨੀ ਆਪ ਕੀਤੀ। ਤਾਂ ਕਿ ਸਿੱਖਾਂ ਦੇ ਮਨ ਵਿਚੋਂ ਇਹ ਸ਼ੰਕਾ ਨਿਕਲ ਜਾਏ ਕਿ ਧਰਮ ਅਤੇ ਧੰਦਾ ਵੱਖ-ਵੱਖ ਹਨ। ਅਗਰ ਗੁਰੂ ਖੇਤੀ ਕਰਦਾ ਹੈ, ਨੌਕਰੀ ਕਰਦਾ ਹੈ, ਵਪਾਰ ਕਰਦਾ ਹੈ ਤਾਂ ਵੀ ਗੁਰੂ ਹੈ ਤਾਂ ਖੇਤੀ ਕਰਦਾ, ਨੌਕਰੀ ਕਰਦਾ, ਵਪਾਰ ਕਰਦਾ, ਦੁਕਾਨ ਕਰਦਾ ਸਿੱਖ, ਸਿੱਖ ਕਿਉਂ ਨਾ ਹੋਵੇਗਾ।

ਗੁਰੂ ਅੰਗਦ ਦੇਵ ਜੀ ਮਹਾਰਾਜ ਜਦੋਂ ਇਨ੍ਹਾਂ ਦਾ ਨਾਂ ਭਾਈ ਲਹਿਣਾ ਸੀ, ਦੁਕਾਨ ਕਰਦੇ ਸਨ। ਬਾਬਾ ਅਮਰਦਾਸ ਜੀ ਵਪਾਰ ਕਰਦੇ ਸਨ। ਭਾਈ ਮਨਮੁਖ ਪ੍ਰਸਿੱਧ ਵਪਾਰੀ ਸੀ ਜੋ ਸੰਗਲਾਦੀਪ ਤੱਕ ਗਿਆ ਅਤੇ ਗੁਰਮਤਿ ਉਪਦੇਸ਼ ਦੇ ਕੇ ਰਾਜੇ ਸ਼ਿਵ ਰਾਮ ਨੂੰ ਵੀ ਗੁਰਮਤਿ ਦਾ ਧਾਰਨੀ ਬਣਾਇਆ। ਇਨ੍ਹਾਂ ਉਪਦੇਸ਼ਾਂ ਦਾ ਇਹ ਅਸਰ ਹੋਇਆ ਕਿ ਧੰਦਾ ਕਰਦੇ ਹੋਏ ਵੀ ਸਿੱਖ ਆਪਣੇ ਧਰਮ ਨੂੰ ਨਹੀਂ ਸੀ ਭੁਲਦਾ।

ਇਕ ਵਾਰ ਇਕ ਸਿੱਖ ਸਤਿਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ ਭਾਈ ਬੰਨੋ ਪਾਸ ਮਾਂਗਟ ਪੁੱਜਾ ਸੀ। ਭਾਈ ਜੀ ਦੁਕਾਨਦਾਰ ਸਨ। ਇਕ ਗਾਹਕ ਨਾਲ ਦੋ ਪੈਸਿਆਂ ਤੋਂ ਅੜੀ ਬਣ ਗਈ। ਗਾਹਕ ਕਹਿ ਰਿਹਾ ਸੀ ਮੈਂ ਦੋ ਪੈਸੇ ਨਹੀਂ ਦੇਣੇ, ਭਾਈ ਜੀ ਕਹਿ ਰਹੇ ਸਨ ਇਹ ਮੇਰਾ ਧੰਦਾ ਹੈ। ਧੰਦੇ ਵਿਚ ਨਾ ਮੈਂ ਤੇਰਾ ਹੱਕ ਖਾਣਾ ਹੈ ਨਾ ਆਪਣਾ ਹੱਕ ਤੈਨੂੰ ਦੇਣਾ ਹੈ। ਆਖ਼ਿਰ ਗਾਹਕ ਨੂੰ ਇਹ ਗੱਲ ਮੰਨਣੀ ਹੀ ਪਈ ਅਤੇ ਭਾਈ ਸਾਹਿਬ ਨੇ ਦੋ ਪੈਸੇ ਰੱਖ ਲਏ।

ਗਿਆ ਸਿੱਖ ਸਭ ਕੁਝ ਵੇਖ ਰਿਹਾ ਸੀ। ਉਸ ਨੇ ਸਤਿਗੁਰਾਂ ਦਾ ਹੁਕਮਨਾਮਾ ਦਿੱਤਾ। ਭਾਈ ਬੰਨੋ ਨੇ ਮਸਤਕ ਨੂੰ ਲਗਾਇਆ, ਸਿੱਖਾਂ ਨੂੰ ਸੇਵਾ ਪੁੱਛੀ। ਸਿੱਖ ਨੇ ਕਿਹਾ, ਮੈਂ ਇਸ਼ਨਾਨ ਕਰਾਂਗਾ ਪਰ ਘਿਉ ਨਾਲ। ਭਾਈ ਜੀ ਨੇ ਕਿਹਾ ਜ਼ਰੂਰ ਕਰੋ। ਘਿਉ ਦੇ ਪੀਪੇ ਰੱਖ ਦਿੱਤੇ ਅਤੇ ਇਕ ਗੜਵੀ ਭਰ ਕੇ ਇਕ ਫੱਟੀ ਤੇ ਵੀ ਡੋਹਲ ਦਿੱਤੀ। ਸਿੱਖ ਹੈਰਾਨ ਹੋ ਗਿਆ ਅਤੇ ਪੁਛਿਆ, ਭਾਈ ਜੀ ਤੁਸੀਂ ਦੋ ਪੈਸੇ ਛੱਡਣ ਲਈ ਤਿਆਰ ਨਹੀਂ ਸੀ, ਇਹ ਘਿਉ ਦੇ ਪੀਪੇ ਰੋਹੜਨ ਲਈ ਕਿਵੇਂ ਤਿਆਰ ਹੋ ਪਏ ਹੋ। ਭਾਈ ਬੰਨੋ ਨੇ ਕਿਹਾ ਸੀ, ''ਗੁਰਸਿੱਖਾ ! ਉਹ ਮੇਰੀ ਧੰਦੇ ਦੀ ਦੁਨੀਆਂ ਸੀ, ਇਹ ਮੇਰੀ ਧਰਮ ਦੀ ਦੁਨੀਆਂ ਹੈ। ਧੰਦੇ ਦੀ ਦੁਨੀਆਂ ਵਿਚ ਸ਼ੁਭ ਕਿਰਤ ਨਾ ਕਰੀਏ ਤਾਂ ਧਰਮ ਦੀ ਦੁਨੀਆਂ ਵਿਚ ਘਿਉ ਦੇ ਪੀਪੇ ਕਿਵੇਂ ਰੋਹੜੀਏ। ਇਹ ਘਿਉ ਮੈਂ ਦੁਨਿਆਵੀ ਮਾਣ ਵਡਿਆਈ ਲਈ ਨਹੀਂ ਰੋਹੜ ਰਿਹਾ, ਸਤਿਗੁਰਾਂ ਦੇ ਨਾਂ ਤੋਂ ਸਦਕੇ ਕਰ ਰਿਹਾ ਹਾਂ। ਮੇਰਾ ਧਰਮ ਵੀ ਹੈ, ਮੇਰਾ ਧੰਦਾ ਵੀ ਹੈ।''

ਸਿੱਖ ਧਰਮ ਦੀ ਕਿਰਤ ਕਰਦਾ ਹੈ ਅਤੇ ਸਮਾਂ ਪੈਣ ਤੇ ਸਤਿਗੁਰਾਂ ਦੇ ਨਾਮ ਤੋਂ ਕੁਰਬਾਨ ਵੀ ਕਰਦਾ ਹੈ। ਜਿਹੜੇ ਬੰਦੇ ਪਾਪ ਦੀ ਕਮਾਈ ਕਰਦੇ ਹਨ ਅਤੇ ਫਿਰ ਉਸ ਕਮਾਈ ਨਾਲ ਜੁੜ ਕੇ ਮਨ ਵੀ ਪਾਪੀ ਹੋ ਜਾਂਦਾ ਹੈ, ਉਸ ਮਾਇਆ

Sri Satguru Jagjit Singh Ji eLibrary NamdhariElibrary@gmail.com

ਨਾਲ ਸੰਗਤ ਦੀ ਸੇਵਾ ਜਾਂ ਕੁਰਬਾਨੀ ਹੋ ਸਕਣੀ ਬਹੁਤ ਮੁਸ਼ਕਿਲ ਹੈ।

ਸਾਡੇ ਦੇਸ਼ ਦੇ ਸਾਧੂਆਂ ਨੇ ਤਿਆਗ ਦਾ ਪ੍ਰਚਾਰ ਕਰਕੇ ਦੇਸ਼ ਨੂੰ ਬਹੁਤ ਹੀ ਨੁਕਸਾਨ ਪਹੁੰਚਾਇਆ ਹੈ। ਤਿਆਗ ਦੀ ਬਜਾਏ ਕਦੀ ਸ਼ੁਭ ਕਿਰਤ 'ਤੇ ਜ਼ੋਰ ਦਿੱਤਾ ਹੁੰਦਾ ਤਾਂ ਅੱਜ ਦੇਸ਼ ਦੀ ਹਾਲਤ ਮਾਇਕ ਤੌਰ 'ਤੇ ਇੰਨੀ ਪਤਲੀ ਨਾ ਹੁੰਦੀ। ਜਿਸ ਦੇਸ਼ ਵਿਚ ਹਜ਼ਾਰਾਂ ਹੀ ਨਹੀਂ ਲੱਖਾਂ ਬੰਦੇ ਵਿਹਲੇ ਹੋਣ ਅਤੇ ਉਪਦੇਸ਼ ਇਹ ਕਰਨ ਕਿ ਕੰਮ ਨਾ ਕਰੋ, ਸੰਸਾਰ ਤਿਆਗੋ, ਇਸ ਸੰਸਾਰ ਨੇ ਨਾਲ ਨਹੀਂ ਜਾਣਾ; ਮਾਇਆ ਪਾਪ ਹੈ। ਫਿਰ ਜਿਨ੍ਹਾਂ ਨੂੰ ਉਪਦੇਸ਼ ਦੇਣਾ ਹੈ ਰੋਟੀ ਵੀ ਉਨ੍ਹਾਂ ਦੇ ਪਲਿਉਂ ਹੀ ਖਾਣੀ ਹੈ। ਆਖ਼ਿਰ ਇਹ ਪਾਖੰਡ ਕਿੰਨਾ ਕੁ ਚਿਰ ਚਲਣਾ ਸੀ। ਅਗੋਂ ਐਸੇ ਸਾਧੂ ਨਹੀਂ ਚੱਲ ਸਕਣਗੇ। ਸਾਧੂ ਉਹ ਚੱਲ ਸਕੇਗਾ ਜੋ ਅਨੇਕਾਂ ਨੂੰ ਰੋਟੀ ਖੁਆ ਸਕੇ, ਜੋ ਦੂਸਰਿਆਂ ਦੇ ਹੱਥਾਂ ਵੱਲ ਵੇਖੇ, ਉਸ ਸਾਧੂ ਦਾ ਚਲਣਾ ਬੜਾ ਹੀ ਮੁਸ਼ਕਿਲ ਹੋ ਜਾਵੇਗਾ।

ਅੱਜ ਸਾਡੇ ਦੇਸ਼ ਵਿਚ ਪੰਜਾਹ ਲੱਖ ਸੰਨਿਆਸੀ ਹਨ। ਇਹ ਉਹ ਬੰਦੇ ਹਨ ਜਿਹੜੇ ਕੋਈ ਕੰਮ ਨਹੀਂ ਕਰਦੇ, ਬਲਕਿ ਦੂਸਰਿਆਂ ਨੂੰ ਵੀ ਰੋਕ ਰਹੇ ਹਨ ਕਿ ਕਾਰੋਬਾਰ ਬੰਧਨ ਹੈ ਇਸ ਨੂੰ ਤਿਆਗ ਦਿਉ। ਇਹ ਧਾਰਨਾ ਖ਼ਤਰਨਾਕ ਹੈ। ਇਸ ਧਾਰਨਾ ਨੇ ਪਿੱਛੇ ਵੀ ਬਹੁਤ ਨੁਕਸਾਨ ਕੀਤਾ ਹੈ ਅਤੇ ਅੱਗੋਂ ਵੀ ਜੇ ਅਸੀਂ ਨਾ ਸੰਭਲੇ ਤਾਂ ਨੁਕਸਾਨ ਹੋਵੇਗਾ।

ਗੁਰੂ ਨਾਨਕ ਦੇਵ ਜੀ ਨੇ ਇਸ ਬੀਮਾਰੀ ਨੂੰ ਵੇਖ ਲਿਆ ਸੀ ਅਤੇ ਇਲਾਜ ਵੀ ਅਰੰਭ ਦਿੱਤਾ ਸੀ। ਜਦੋਂ ਕਰਤਾਰਪੁਰ ਬਹੁਤ ਵਿਹਲੇ ਲੋਕ ਇਕੱਠੇ ਹੋ ਗਏ ਜਿਵੇਂ ਕਿ ਆਮ ਸਾਧੂ ਸੰਤਾਂ ਦੇ ਡੇਰਿਆਂ ਵਿਚ ਹੁੰਦਾ ਹੈ। ਭਾਗਾਂ ਦੀ ਗੱਲ ਹੈ ਕਦੀ ਮਨੁੱਖਤਾ ਦੇ ਸਭ ਤੋਂ ਕੀਮਤੀ ਰਤਨ ਧਾਰਮਿਕ ਅਸਥਾਨਾਂ ਤੇ ਮਿਲਦੇ ਸਨ। ਅੱਜ ਸਭ ਤੋਂ ਨਿਕੰਮੇ ਬੰਦੇ ਜਿਹੜੇ ਕਿਸੇ ਵੀ ਕੰਮ ਜੋਗੇ ਨਹੀਂ, ਸਿਰਫ਼ ਰੋਟੀਆਂ ਦੀ ਤਾਕ ਵਿਚ ਬੈਠੇ ਤੁਹਾਨੂੰ ਧਾਰਮਿਕ ਅਸਥਾਨਾਂ ਤੇ ਬੈਠੇ ਮਿਲ ਜਾਣਗੇ। ਸਤਿਗੁਰੂ ਨਾਨਕ ਦੇਵ ਜੀ ਨੇ ਵੇਖਿਆ ਕਿ ਐਸੇ ਬੰਦੇ ਕਰਤਾਰਪੁਰ ਧਰਮਸ਼ਾਲਾ ਵਿਚ ਵੀ ਇਕੱਠੇ ਹੋ ਰਹੇ ਹਨ। ਲਾਂਗਰੀ ਨੂੰ ਕਹਿ ਦਿੱਤਾ ਕਿ ਲੰਗਰ ਇਕ ਵੇਲੇ ਅੱਠੀਂ ਪਹਿਰੀ ਪਕਾਉ ਅਤੇ ਸਭ ਨੂੰ ਕਿਹਾ ਕਿ ਖੇਤਾਂ ਵਿਚ ਕੰਮ ਕਰਨਾ ਪਵੇਗਾ ਕੋਈ ਵਿਹਲਾ ਨਹੀਂ ਰਹੇਗਾ। ਜਦੋਂ ਵਿਹਲਿਆਂ ਬੰਦਿਆਂ ਨੇ ਵੇਖਿਆ ਕਿ ਇੱਥੇ ਖਾਣ ਨੂੰ ਘੱਟ ਅਤੇ ਸੇਵਾ ਵਧੇਰੇ ਹੈ। ਜਿੰਨੇ ਵਿਹਲੜ ਸਨ ਸਭ ਦੌੜ ਗਏ, ਅਸਲ ਸੇਵਾਦਾਰ ਰਹਿ ਗਏ। ਜਿਹੜਾ ਬੰਦਾ ਆਪਣੀ ਰੋਟੀ ਨਹੀਂ ਕਮਾ ਸਕਦਾ ਉਹ ਧਰਮ ਕੀ ਕਮਾਏਗਾ। ਹਕੀਕਤ ਤਾਂ ਇਹ ਹੈ ਕਿ ਜਿਹੜੇ ਬੰਦੇ ਲਈ ਧਨ ਬੇਕਾਰ ਹੋ ਜਾਏ ਉਸ ਦੀ ਧਰਮ ਵਾਲੇ ਪਾਸੇ ਅੱਖ ਖੁਲ੍ਹਦੀ ਹੈ।

ਇਕ ਬੜੀ ਸੁੰਦਰ ਕਥਾ ਹੈ—

Sri Satguru Jagjit Singh Ji eLibrary NamdhariElibrary@gmail.com

ਇਕ ਸਿੱਖ ਦਾ ਬੱਚਾ ਜਿਸ ਦਾ ਨਾਮ ਅਨੰਦ ਸਿੰਘ ਸੀ। ਉਸ ਦੇ ਮਾਤਾ-ਪਿਤਾ ਨੇ ਕਿਹਾ ਕਿ ਪਾਤਸ਼ਾਹ! ਸਾਡਾ ਘਰ ਬਚਾਉ। ਸਾਡਾ ਲੜਕਾ ਕਹਿ ਰਿਹਾ ਹੈ ਕਿ ਮੈਂ ਸਾਧੂ ਹੋ ਜਾਣਾ ਹੈ। ਸਤਿਗੁਰਾਂ ਕਿਹਾ ਤੁਹਾਨੂੰ ਹੋਰ ਕੀ ਚਾਹੀਦਾ ਹੈ। ਕੀ ਇਹ ਚੋਰ ਹੋ ਜਾਏ ਤਾਂ ਤੁਸੀਂ ਖੁਸ਼ ਹੋ। ਉਨ੍ਹਾਂ ਕਿਹਾ ਨਹੀਂ। ਸਤਿਗੁਰੂ ਜੀ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਇਹ ਘਰ-ਬਾਰ ਛੱਡ ਕੇ ਬਾਹਰ ਜਾਣਾ ਚਾਹੁੰਦਾ ਹੈ। ਸਤਿਗੁਰਾਂ ਪੁਛਿਆ ਸੀ, ''ਕਾਕਾ ਤੁਹਾਨੂੰ ਇਹ ਉਪਰਾਮਤਾ ਕਿਵੇਂ ਮਿਲੀ।'' ਉਸ ਬੱਚੇ ਕਿਹਾ, ਪਾਤਸ਼ਾਹੋ! ਮੈਂ ਇਕ ਦਿਨ ਪਾਠ ਕਰ ਰਿਹਾ ਸਾਂ, ਅਨੰਦ ਸਾਹਿਬ ਦਾ ਤਾਂ ਇਕ ਪੰਗਤੀ ਆ ਗਈ—

*ਏ ਮਨ ਪਿਆਰਿਆ ਤੂੰ ਸਦਾ ਸਚੁ ਸਮਾਲੇ॥*
*ਇਹੁ ਕੁਟੰਬੁ ਤੂੰ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥*
*ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥*
*ਐਸਾ ਕੰਮੁ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ॥*

ਮੈਨੂੰ ਵੈਰਾਗ ਹੋ ਗਿਆ ਹੈ—

ਸਤਿਗੁਰਾਂ ਕਿਹਾ ਸੀ ਅਗਲੀ ਪੰਗਤੀ ਵੀ ਪੜ੍ਹ ਲੈਣੀ ਸੀ।

*ਸਤਿਗੁਰੂ ਕਾ ਉਪਦੇਸੁ ਸੁਣਿ ਤੂੰ ਹੋਵੈ ਤੇਰੈ ਨਾਲੇ॥*

—ਅਨੰਦ ਸਾਹਿਬ, ਪੰਨਾ ੯੧੮

ਸਤਿਗੁਰੂ ਦਾ ਉਪਦੇਸ਼ ਹੈ ਭਿਖਾਰੀ ਨਹੀਂ ਬਣਨਾ, ਦਰ-ਦਰ ਮੰਗਣਾ ਨਹੀਂ, ਸ਼ੁਭ ਕਿਰਤ ਕਰਨੀ ਹੈ। ਪਰਵਾਰ ਦੇ ਵਿਚ ਹੀ ਰਹਿਣਾ ਹੈ, ਫਰਜ਼ ਸਾਰੇ ਨਿਭਾਉਣੇ ਹਨ, ਸੰਸਾਰ ਤੋਂ ਦੌੜਨਾ ਨਹੀਂ, ਸੰਸਾਰ ਵਿਚ ਰਹਿ ਕੇ ਹੀ ਸਫ਼ਲ ਜੀਵਨ ਜਿਊਣਾ ਹੈ। ਕਜਲ ਦੀ ਕੋਠੜੀ ਵਿਚ ਹੀ ਰਹਿਣਾ ਹੈ ਅਤੇ ਦਾਗ ਵੀ ਕੋਈ ਨਹੀਂ ਲੱਗਣ ਦੇਣਾ।

ਘਰ ਨੂੰ ਹੀ ਜੰਗਲ ਸਮਝਣਾ ਹੈ ਮਨ ਕਰਕੇ ਉਦਾਸ ਰਹਿਣਾ ਹੈ—

*ਰੇ ਮਨ ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਭੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥*

—ਦਸਮ ਗ੍ਰੰਥ

ਉਸ ਸਿੱਖ ਬੱਚੇ ਨੇ ਪ੍ਰਵਾਨ ਕੀਤਾ ਸੀ ਕਿ ਮੈਂ ਗ੍ਰਿਹਸਤ ਵਿਚ ਰਹਿ ਕੇ ਹੀ ਪਰਮਾਤਮਾ ਦਾ ਸਿਮਰਨ ਕਰਾਂਗਾ ਅਤੇ ਸੰਗਤਾਂ ਦੀ ਸੇਵਾ ਕਰਾਂਗਾ। ਉਸ ਦੇ ਮਾਤਾ-ਪਿਤਾ ਨੂੰ ਸਤਿਗੁਰਾਂ ਨੇ ਕਿਹਾ ਸੀ ਲਉ ਪ੍ਰੇਮੀਉ ਹੁਣ ਇਹ ਲੋਕ-ਪ੍ਰਲੋਕ ਵਿਚ ਤੁਹਾਡਾ ਘਰ ਵਸਾਵੇਗਾ, ਉਜਾੜੇਗਾ ਨਹੀਂ। ਤੁਸੀਂ ਕੋਈ ਫ਼ਿਕਰ ਨਹੀਂ ਕਰਨਾ। ਹੁਣ ਇਹ ਅੰਤਰ ਆਤਮੇ ਟਿਕੇਗਾ, ਬਾਹਰ ਨਹੀਂ ਦੌੜੇਗਾ। ਹੁਣ ਇਹ ਰੋਜ਼ੀ ਵੀ ਕਮਾਏਗਾ ਅਤੇ ਰਾਜ਼ਕ ਨੂੰ ਵੀ ਸਿਮਰੇਗਾ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਦਾ ਫ਼ੁਰਮਾਨ ਹੈ—

*ਜੋਗੀ ਹੋਵਾਂ ਜਗਿ ਭਵਾਂ ਘਰਿ ਘਰਿ ਭੀਖਿਆ ਲੇਉ॥*
*ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰ ਦੇਉ॥*

—ਸਲੋਕ ਮਹਲਾ ੩, ਪੰਨਾ ੧੦੯੯

*ਗੁਰ ਪੀਰੁ ਸਦਾਇ ਮੰਗਣ ਜਾਇ॥*
*ਤਾ ਕੈ ਮੂਲਿ ਨਾ ਲਗੀਐ ਪਾਇ॥*
*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥*

—ਸਲੋਕ ਮਹਲਾ ੧, ਪੰਨਾ ੧੨੪੫

ਬੰਦੇ ਦਾ ਉਲਾਰ ਜੀਵਨ ਹੀ ਸਤਿਗੁਰਾਂ ਨੂੰ ਪਸੰਦ ਨਹੀਂ ਸੀ। ਕੁਝ ਬੰਦੇ ਤਾਂ ਇੰਨੇ ਭੁਲ ਗਏ ਕਿ ਰੋਜ਼ੀ ਦੀ ਯਾਦ ਰਹਿ ਗਈ ਅਤੇ ਰਾਜ਼ਕ ਵਿਸਰ ਹੀ ਗਿਆ।

*ਖੁਦਾ ਕੋ ਭੂਲ ਗਏ ਲੋਗ ਫ਼ਿਕਰੇ ਰੋਜ਼ੀ ਮੇਂ।*
*ਖਿਆਲੇ ਰਿਜ਼ਕ ਹੈ ਰਾਜ਼ਕ ਕਾ ਕੁਝ ਖਿਆਲ ਨਹੀਂ।*

ਗੁਰਮਤਿ ਤਾਂ ਇਹ ਹੈ ਕਿ—

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*

—ਸਲੋਕ ਕਬੀਰ, ਪੰਨਾ ੧੩੭੬

ਗੁਰੂ ਗੋਬਿੰਦ ਸਿੰਘ ਜੀ ਜ਼ਫ਼ਰਨਾਮੇ ਵਿਚ ਲਿਖਦੇ ਹਨ ਕਿ ਤੂੰ ਦਾਤੇ 'ਤੇ ਭਰੋਸਾ ਰੱਖ, ਉਹ ਹਰ ਇਕ ਨੂੰ ਮਨ ਭਾਉਂਦੀ ਰੋਜ਼ੀ ਦਿੰਦਾ ਹੈ, ਬਖ਼ਸ਼ਿਸ਼ ਕਰਨ ਵਾਲਾ ਹੈ।

*ਅਮਾਂ ਬਖਸ਼ ਬਖਸ਼ੰਦਾ, ਓ ਦਸਤਗੀਰ॥*
*ਖ਼ਤਾ ਬਖ਼ਸ਼ ਰੋਜ਼ੀ ਦਿਹੁ ਦਿਲ ਪਜ਼ੀਰ॥*

—ਜ਼ਫ਼ਰਨਾਮਾ

ਇਕ ਵਿਦਵਾਨ ਕਹਿੰਦੇ ਹਨ—

*ਜਬ ਦਾਂਤ ਨਾ ਥੇ ਤਬ ਦੂਧ ਦੀਆ॥*
*ਜਬ ਦਾਂਤ ਦੀਏ ਤਬ ਰੋਜ਼ੀ ਨਾ ਦੈ ਹੈ॥*

ਗੁਰਸਿੱਖ ਲਈ ਤਾਂ ਖਾਸ ਕਰਕੇ ਇਹ ਉਪਦੇਸ਼ ਕਿ ਰਿਜ਼ਕ ਉਸ ਦਾਤੇ ਨੇ ਤੇਰੇ ਲਈ ਬਣਾਇਆ ਹੈ ਉਹ ਰਿਜ਼ਕ ਪ੍ਰਾਪਤ ਕਰਨ ਲਈ ਤੂੰ ਸ਼ੁਭ ਕਿਰਤ ਕਰ, ਉੱਦਮ ਕਰ, ਕਿਰਤ ਤੇ ਉਦਮ ਨੂੰ ਤੂੰ ਕਦੀ ਵੀ ਨਾ ਤਿਆਗ। ਐਸੇ ਫ਼ਕੀਰਾਂ ਨੂੰ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ, ਜੋ ਗੱਲਾਂ ਬ੍ਰਹਮ ਦੀਆਂ ਕਰਨ ਅਤੇ ਰੋਟੀ ਵਾਸਤੇ ਘਰ-ਘਰ ਮੰਗਦੇ ਫਿਰਨ।

Sri Satguru Jagjit Singh Ji eLibrary NamdhariElibrary@gmail.com

*ਦਰਵੇਸੀ ਕੋ ਜਾਣਸੀ, ਵਿਰਲਾ ਕੋ ਦਰਵੇਸੁ ॥*
*ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ ॥*

—ਸਲੋਕ ਮਹਲਾ ੩, ਪੰਨਾ ੫੫੦

ਸਾਰਕੁਤਾਵਲੀ ਦੇ ਕਰਤੇ ਨੇ ਲਿਖਿਆ ਹੈ—

ਬ੍ਰਹਮਾ ਨੇ ਇਕ ਅਨੀਤੀ ਕੀਤੀ ਹੈ ਇਹ ਚੰਗਾ ਨਹੀਂ ਕੀਤਾ। ਉਹ ਕਿਹੜੀ ਗ਼ਲਤੀ ਹੈ ਜੋ ਬ੍ਰਹਮਾ ਨੇ ਕੀਤੀ ਹੈ ਕਿ ਨਾਮ ਜਪਣ ਵਾਲੇ ਭਲੇ ਪੁਰਖਾਂ ਨੂੰ ਪੇਟ ਲਗਾ ਦਿੱਤਾ ਹੈ। ਪੇਟ ਨਾ ਹੁੰਦਾ ਤਾਂ ਭੁੱਖ ਨਾ ਲੱਗਦੀ, ਫਿਰ ਰੋਟੀ ਦਾ ਫ਼ਿਕਰ ਨਾ ਹੁੰਦਾ ਤਾਂ ਇਹ ਦਿਨ ਰਾਤ ਨਾਮ ਹੀ ਜਪਦੇ ਰਹਿੰਦੇ। ਪਰ ਇਹ ਖ਼ਿਆਲ ਗ਼ਲਤ ਹੈ ਜੇ ਪੇਟ ਨਾ ਹੁੰਦਾ ਤਾਂ ਫਿਰ ਮਨੁੱਖਾ ਸਰੀਰ ਵੀ ਨਾ ਹੁੰਦਾ, ਬੰਦਾ ਪੱਥਰ ਹੁੰਦਾ। ਨਾ ਹੀ ਜ਼ੁਬਾਨ ਹੁੰਦੀ, ਨਾ ਜਪ ਹੁੰਦਾ ਅਤੇ ਨਾ ਹੀ ਮਨ ਹੁੰਦਾ, ਨਾ ਹੀ ਸਿਮਰਨ ਹੁੰਦਾ। ਪੇਟ ਲਗਾਉਣ ਵਾਲਾ ਇਆਣਾ ਨਹੀਂ, ਸਰਬ ਕਲਾ ਦਾ ਗਿਆਤਾ ਹੈ। ਇਹ ਸਾਡੀ ਭੁੱਲ ਹੈ ਅਸੀਂ ਸੋਚਦੇ ਹਾਂ—

***ਏਕ ਅਨੀਤ ਕਰੀ ਬਿਧਿ ਨੇ ਸ਼ੁਭ ਸੰਤਨ ਕੋ ਜੋ ਪੇਟੁ ਲਗਾਇਓ ॥***

—ਸਾਰਕੁਤਾਵਲੀ

ਪਰ ਇਹ ਅਨੀਤੀ ਨਹੀਂ ਸ਼ੁਭ ਨੀਤੀ ਹੈ। ਇਹ ਮਨੁੱਖ ਦੀ ਪਰਖ ਹੈ ਕਿ ਇਹ ਧਰਮ ਦੀ ਕਿਰਤ ਕਰਕੇ ਪੇਟ ਭਰੇ ਅਤੇ ਸ਼ੁੱਭ ਵਿਚਾਰ ਨਾਲ ਮਨ ਭਰੇ ਅਤੇ ਨਾਮ ਜਪ ਕੇ ਆਤਮਿਕ ਭੁਖ ਮਿਟਾਵੇ। ਇਹ ਰੋਜ਼ੀ ਕਮਾਉਂਦਾ ਵੀ ਯਾਦ ਰੱਖੇ ਕਿ—

***ਰੋਜ਼ੀ ਦਹਿੰਦ ਹੈ ਕਿ ਰਾਜ਼ਕ ਰਹਿੰਦ ਹੈ ॥***

—ਜਾਪੁ ਸਾਹਿਬ

*ਰੋਜੀ ਹੀ ਰਾਜ਼ ਬਿਲੋਕਤ ਰਾਜ਼ਕ ॥*
*ਰੋਖ ਰੂਹਾਨ ਕੀ ਰੋਜ਼ੀ ਨਾ ਟਾਰੈ ॥*

ਪਰਮਾਤਮਾ ਰੋਜ਼ਾਨਾ ਹੀ ਮਨੁੱਖ ਦੇ ਰਾਜ਼ ਭੇਦ ਵੇਖਦਾ ਹੈ। ਪਰ ਗੁੱਸਾ ਕਰਕੇ ਰੂਹਾਂ ਦੀ ਰੋਜ਼ੀ ਦੇਣੀ ਨਹੀਂ ਭੁੱਲਦਾ। ਉਹ ਬੜਾ ਦਇਆਲੂ ਹੈ। ਮਨੁੱਖ ਦੇ ਹੱਥ ਵਿਚ ਰੋਜ਼ੀ ਹੋਵੇ ਤਾਂ ਇਹ ਜ਼ਰੂਰ ਮਨੁੱਖ ਨੂੰ ਭੁੱਖਾ ਮਾਰ ਦੇਵੇ। ਵੇਖ ਕੇ ਹੈਰਾਨੀ ਹੁੰਦੀ ਹੈ ਕਿ ਉਸ ਨੇ ਜ਼ਮੀਨ ਮੁਫਤ ਦਿੱਤੀ, ਮਨੁੱਖ ਫੁੱਟਾਂ ਦੇ ਹਿਸਾਬ ਨਾਲ ਵੇਚਦਾ ਹੈ। ਉਸ ਨੇ ਧਰਤੀ ਬਣਾਈ, ਇਸ ਨੇ ਵੰਡ ਕੇ ਅਨੇਕਾਂ ਹੱਦਾਂ ਬਣਾ ਦਿੱਤੀਆਂ। ਉਸ ਨੇ ਪਾਣੀ ਦਿੱਤਾ, ਪਾਣੀ ਅਮੁੱਲ ਸੀ ਪਰ ਇਹ ਮੁੱਲ ਵੇਚਦਾ ਹੈ। ਉਸ ਨੇ ਹਵਾ ਅਮੁੱਲ ਦਿੱਤੀ ਸੀ ਪਰ ਮਨੁੱਖ ਮੁੱਲ ਨਾਲ ਵੇਚਦਾ ਹੈ। ਇਹ ਤਾਂ ਆਕਾਸ਼ ਵੀ ਮੁੱਲ ਨਾਲ ਵੇਚਦਾ ਹੈ। ਪਲਾਟ ਕਿੰਨਾ ਲੰਮਾ ਚੌੜਾ ਅਤੇ ਕਿੰਨਾ ਉੱਚਾ ਲੈਣਾ ਹੈ। ਉਸ ਨੇ ਰੋਜ਼ੀ ਦਿੱਤੀ ਸੀ ਬੰਦਾ ਤਾਕਤ ਨਾਲ ਕਬਜ਼ਾ ਕਰਕੇ ਅਨੇਕਾਂ ਨੂੰ ਭੁੱਖਾ ਰੱਖਦਾ ਹੈ। ਰੱਬ ਦਾ ਪ੍ਰਬੰਧ ਪੂਰਾ ਹੈ ਜੇਕਰ ਕੋਈ ਬੰਦਾ ਭੁੱਖਾ ਹੈ ਤਾਂ ਬੰਦੇ ਦੇ ਕਾਰਨ ਹੀ ਹੈ। ਪਰਮਾਤਮਾ ਦੇ ਕਾਰਣ ਨਹੀਂ।

Sri Satguru Jagjit Singh Ji eLibrary NamdhariElibrary@gmail.com

ਇਸ ਪ੍ਰਥਾਇ ਇਕ ਬੜੀ ਸੁੰਦਰ ਕਥਾ ਹੈ–

ਇਬਰਾਹੀਮ ਪੈਗੰਬਰ ਦਾ ਕਿ ਨੇਮ ਸੀ ਇਕ ਆਏ ਲੋੜਵੰਦ ਨੂੰ ਜਦੋਂ ਤੱਕ ਖਾਣਾ ਨਹੀਂ ਸੀ ਖੁਆ ਦਿੰਦਾ ਉਹ ਆਪ ਨਹੀਂ ਸੀ ਖਾਂਦਾ। ਇਕ ਵਾਰ ਅੱਠ ਦਿਨ ਗੁਜ਼ਰ ਗਏ ਅਤੇ ਕੋਈ ਲੋੜਵੰਦ ਨਾ ਆਇਆ। ਇਬਰਾਹੀਮ ਭੁੱਖਾ ਬੈਠਾ ਸੀ। ਅੱਠਾਂ ਦਿਨਾਂ ਬਾਅਦ ਇਕ ਬਜ਼ੁਰਗ ਆਇਆ ਜਿਸਦੀ ਉਮਰ ਸੌ ਸਾਲ ਦੇ ਕਰੀਬ ਹੋਵੇਗੀ। ਇਬਰਾਹੀਮ ਉਡੀਕ ਵਿਚ ਸੀ। ਬਜ਼ੁਰਗ ਦਾ ਸਵਾਗਤ ਕੀਤਾ ਅਤੇ ਭੋਜਨ ਪਰੋਸ ਕੇ ਉਸ ਅੱਗੇ ਰਖਿਆ। ਜਦੋਂ ਉਹ ਬਜ਼ੁਰਗ ਖਾਣ ਲੱਗਾ ਤਾਂ ਇਬਰਾਹੀਮ ਨੇ ਇਸ ਦਾ ਹੱਥ ਫੜ ਲਿਆ ਅਤੇ ਕਿਹਾ ਬਾਬਾ ਤੂੰ ਕਾਫਰ ਤਾਂ ਨਹੀਂ। ਤੂੰ ਦੇਣ ਵਾਲੇ ਦਾ ਸ਼ੁਕਰਾਨਾ ਕਿਉਂ ਨਹੀਂ ਕੀਤਾ। ਬਜ਼ੁਰਗ ਨੇ ਕਿਹਾ, ''ਮੈਂ ਤੇਰੇ ਰੱਬ ਵਰਗਾ ਬੇਇਨਸਾਫ਼ ਨਹੀਂ ਖਾਵਾਂ ਕਿਸੇ ਹੋਰ ਦਾ ਤੇ ਸ਼ੁਕਰਾਨਾ ਕਿਸੇ ਹੋਰ ਦਾ ਕਰਾਂ। ਮੈਂ ਤੇਰਾ ਸ਼ੁਕਰਾਨਾ ਤਾਂ ਕਰਦਾ ਹਾਂ ਜਿੰਨੀਆਂ ਬੁਰਕੀਆਂ ਖਾਵਾਂਗਾ ਉਨੀ ਵਾਰ ਸ਼ੁਕਰਾਨਾ ਕਰਾਂਗਾ। ਉਸ ਦਾ ਕੀ ਸ਼ੁਕਰਾਨਾ ਕਰਾਂ ਜਿਸ ਨੇ ਕਦੀ ਦਿੱਤਾ ਹੀ ਕੁਝ ਨਹੀਂ। ਜੇਕਰ ਉਹ ਹਾਜ਼ਰ ਹੁੰਦਾ ਤਾਂ ਮੈਨੂੰ ਤੇਰੇ ਘਰ ਕਿਉਂ ਆਉਣਾ ਪੈਂਦਾ। ਉਹ ਮੇਰੇ ਘਰ ਹੀ ਪਹੁੰਚਾ ਦਿੰਦਾ। ਉਸ ਦਾ ਸ਼ੁਕਰਾਨਾ ਨਹੀਂ ਕੀਤਾ। ਅੱਜ ਤੱਕ ਨਹੀਂ ਕੀਤਾ ਅਤੇ ਨਾ ਹੀ ਅਗੋਂ ਤੋਂ ਕਦੀ ਕਰਾਂਗਾ, ਤੇਰੀ ਮਰਜ਼ੀ ਹੈ ਰੋਟੀ ਦੇਣੀ ਹੈ ਤਾਂ ਦੇ, ਨਹੀਂ ਤਾਂ ਨਾ ਦੇ ਮੈਂ ਤੇਰਾ ਸਮਝ ਕੇ ਖਾ ਲਵਾਂਗਾ ਖੁਦਾ ਦੀ ਕਹੇਂ ਤਾਂ ਮੈਂ ਖਾਣ ਵਾਸਤੇ ਵੀ ਤਿਆਰ ਨਹੀਂ।'' ਇਬਰਾਹੀਮ ਨੂੰ ਗੁੱਸਾ ਆ ਗਿਆ ਉਸ ਨੇ ਕਿਹਾ, ''ਬਾਬਾ ਇਹ ਰੋਟੀ ਮੇਰੀ ਨਹੀਂ ਖੁਦਾ ਦੀ ਹੈ। ਮੈਂ ਉਸ ਦੇ ਨਾਂ ਤੇ ਤੈਨੂੰ ਦੇ ਰਿਹਾ ਹਾਂ। ਇਹ ਰੋਟੀ ਉਹੀ ਖਾਏਗਾ ਜੋ ਖ਼ੁਦਾ ਦੇ ਨਾਂ ਤੇ ਖਾਣ ਲਈ ਤਿਆਰ ਹੋਵੇ।'' ਬਜ਼ੁਰਗ ਕੋਲੋਂ ਰੋਟੀ ਵਾਪਿਸ ਲੈ ਲਈ। ਉਹਦੇ ਬਜ਼ੁਰਗ ਨੇ ਕਿਹਾ ਤੂੰ ਤਾਂ ਖੁਦਾ ਨਾਲੋਂ ਵੀ ਨਿਕੰਮਾ ਨਿਕਲਿਆ ਹੈਂ। ਉਹ ਤਾਂ ਨਾਮੁਰਾਦ ਬੇਇਨਸਾਫ਼ ਹੈ ਹੀ ਸੀ, ਤੂੰ ਉਹਦੇ ਨਾਲੋਂ ਵੀ ਗਿਆ ਗੁਜ਼ਰਿਆ ਨਿਕਲਿਆ ਹੈਂ। ਇਬਰਾਹੀਮ ਦੇ ਸਬਰ ਦੀ ਹੱਦ ਹੋ ਗਈ ਕਿ ਇਹ ਬੁੱਢਾ ਖੁਦਾ ਨੂੰ ਵੀ ਗਾਲੀ ਦੇ ਰਿਹਾ ਹੈ ਉਸ ਨੇ ਧੱਕਾ ਦਿੱਤਾ ਅਤੇ ਬਜ਼ੁਰਗ ਨੂੰ ਘਰੋਂ ਬਾਹਰ ਕੱਢ ਦਿੱਤਾ ਪਰ ਉਹ ਬਜ਼ੁਰਗ ਜਾਂਦਾ ਜਾਂਦਾ ਵੀ ਖ਼ੁਦਾ ਨੂੰ ਗਾਲੀ ਦੇ ਰਿਹਾ ਸੀ।

ਅੱਜ ਇਬਰਾਹੀਮ ਫਿਰ ਭੁੱਖਾ ਸੀ ਰਾਤ ਸਮਾਧੀ ਵਿਚ ਜੁੜਨ ਲੱਗਾ ਤਾਂ ਜੁੜ ਨਹੀਂ ਸਕਿਆ। ਇਸ ਨੇ ਪ੍ਰਾਰਥਨਾ ਕੀਤੀ ਕਿ ਐ ਪਰਮਾਤਮਾ! ਕ੍ਰਿਪਾ ਕਰ ਸੁਰਤ ਕਿਉਂ ਨਹੀਂ ਜੁੜ ਰਹੀ। ਜਿਵੇਂ ਰਵਿਦਾਸ ਜੀ ਕਹਿੰਦੇ ਹਨ–

*ਹਉ ਬਲਿ ਬਲਿ ਜਾਉ ਰਮਈਆ ਕਾਰਨੇ,*
*ਕਾਰਨ ਕਵਨ ਅਬੋਲ॥*

–ਧਨਾਸਰੀ ਰਵਿਦਾਸ ਜੀ, ਪੰਨਾ ੬੯੪

Sri Satguru Jagjit Singh Ji eLibrary NamdhariElibrary@gmail.com

ਕਿਸ ਕਾਰਨ ਤੂੰ ਨਹੀਂ ਬੋਲਦਾ। ਇਕ ਅਵਾਜ਼ ਆਈ ਕਿ ''ਇਬਰਾਹੀਮ! ਮੈਂ ਤੇਰੇ ਨਾਲ ਕਿਵੇਂ ਬੋਲਾਂ ਤੂੰ ਬਹੁਤ ਵੱਡਾ ਗੁਨਾਹ ਕੀਤਾ ਹੈ। ਵੇਖ ਤੇਰੇ ਮੇਰੇ ਸੁਭਾਅ ਵਿਚ ਕਿੰਨਾ ਕੁ ਫਰਕ ਹੈ? ਜਿਹੜਾ ਮਨੁੱਖ ਸਾਰੀ ਉਮਰ ਮੈਨੂੰ ਗਾਲੀ ਦਿੰਦਾ ਰਿਹਾ ਹੈ ਮੈਂ ਉਸ ਨੂੰ ਰੋਜ਼ੀ ਦਿੰਦਾ ਰਿਹਾ ਹਾਂ। ਤੇਰੇ ਘਰ ਆਇਆ, ਤੂੰ ਉਸਦੀ ਰੋਜ਼ੀ ਖੋਹੀ ਹੈ।''

*ਮਨ ਦਾਦੇ ਸਦ ਸਾਲਾ ਰੋਜ਼ੀ ਔ ਜਾਂ,*
*ਤੁਰਾ ਨਫਰਤ ਦਾਦੇ ਅਜ਼ੋ ਯਕ ਜ਼ਮਾਂ।*

—ਸਾਅਦੀ

ਅੱਜ ਉਹ ਭੁੱਖਾ ਰਿਹਾ ਸਿਰਫ਼ ਤੇਰੇ ਕਾਰਨ, ਮੇਰੇ ਕਾਰਨ ਨਹੀਂ। ਇਬਰਾਹੀਮ ਨੇ ਅੱਗੋਂ ਤੋਂ ਤੋਅਬਾ ਕੀਤੀ ਕਿ ਹੇ ਪਰਮਾਤਮਾ ਅੱਗੋਂ ਤੋਂ ਮੈਂ ਕਿਸੇ ਦੀ ਰੋਜ਼ੀ ਨਹੀਂ ਖੋਹਵਾਂਗਾ। ਪਰਮਾਤਮਾ ਤਾਂ ਇਨਾ ਦਇਆਲੂ ਹੈ ਐਸੇ ਬੰਦਿਆਂ ਨੂੰ ਵੀ ਦਿੰਦਾ ਹੈ, ਐਬ ਵੇਖਦਾ ਹੈ ਫਿਰ ਵੀ ਦਿੰਦਾ ਹੈ !

*ਦੀਨ ਦਇਆਲ ਦਇਆ ਨਿਧ॥*
*ਦੋਖਨ ਦੇਖਤ ਹੈ, ਪਰ ਦੇਤ ਨਾ ਹਾਰੇ॥*

ਸਿੱਖ ਨੇ ਉੱਦਮ ਕਰਨਾ ਹੈ, ਰੋਜ਼ੀ ਕਮਾਉਣੀ ਹੈ ਅਤੇ ਆਪਣੀ ਕਮਾਈ ਨੂੰ ਵੀ ਰਾਜ਼ਕ ਦੀ ਕ੍ਰਿਪਾ ਹੀ ਸਮਝਣੀ ਹੈ। ਇਸੇ ਲਈ ਸਿੱਖ ਨਾ ਹੀ ਕਿਸੇ ਅਵਧੂਤ ਕੋਲੋਂ ਆਪਣੇ ਉਧਾਰ ਲਈ ਬੰਦਗੀ ਦੀ ਖ਼ੈਰ ਮੰਗਣ ਜਾਂਦਾ ਹੈ ਅਤੇ ਨਾ ਹੀ ਕਿਸੇ ਕੋਲੋਂ ਰੋਜ਼ੀ ਮੰਗਣ ਜਾਂਦਾ ਹੈ।

ਇਸ ਦਾ ਸਤਿਗੁਰੂ ਹੈ ਜੋ ਬਾਦਸ਼ਾਹ ਵੀ ਹੈ ਅਤੇ ਦਰਵੇਸ਼ ਵੀ ਹੈ।

*ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ।*
*ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ।*

—ਭਾਈ ਨੰਦ ਲਾਲ

ਸਿੱਖ ਰੋਜ਼ੀ ਕਮਾਉਂਦਾ ਖਾਂਦਾ ਹੋਇਆ ਵੀ ਦਰਵੇਸ਼ ਹੈ।

ਸਿੱਖ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਨੇ ਮੈਨੂੰ ਪੇਟ ਲਗਾ ਕੇ ਸੰਸਾਰ ਵਿਚ ਭੇਜਿਆ ਹੈ ਇਸ ਲਈ ਰਿਜ਼ਕ ਪ੍ਰਾਪਤ ਕਰਨਾ ਮੇਰਾ ਹੱਕ ਹੈ, ਕੋਈ ਪਾਪ ਨਹੀਂ। ਜਦੋਂ ਉਸ ਨੇ ਪੇਟ ਦਿੱਤਾ ਹੈ ਤਾਂ ਰਿਜ਼ਕ ਵੀ ਮੇਰੇ ਲਈ ਹਲਾਲ ਹੈ। ਤੇ ਜਦੋਂ ਉਸਨੇ ਮੈਨੂੰ ਚਿੱਤ ਦਿੱਤਾ ਹੈ ਤਾਂ ਸਿਮਰਨ ਉਸ ਪ੍ਰਭੂ ਦੀ ਯਾਦ ਚੇਤੇ ਵਿਚ ਰਹਿਣੀ ਇਹ ਵੀ ਮੇਰਾ ਅਧਿਕਾਰ ਹੈ। ਇਕ ਸਰੀਰ ਵਿਚ ਜਦੋਂ ਪੇਟ ਵੀ ਹੈ ਅਤੇ ਚਿੱਤ ਵੀ ਫਿਰ ਰੋਜ਼ੀ ਅਤੇ ਰਾਜ਼ਕ ਦੋਵੇਂ ਕਿਉਂ ਨਾ ਇਕੱਠੇ ਰਹਿਣ।

ਰਿਜ਼ਕ ਲੈਂਦਿਆਂ ਰਾਜ਼ਕ ਦਾ ਸ਼ੁਕਰਾਨਾ ਕਰਨਾ, ਇਹੀ ਹੈ ਧਰਮ ਦੀ ਯਾਤਰਾ।

**

Sri Satguru Jagjit Singh Ji eLibrary NamdhariElibrary@gmail.com

# 12 ਮਿੱਠ ਬੋਲੜਾ

*ਮਿੱਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥*

—ਪੰਨਾ ੭੮੪

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬੈਠੇ ਸਨ, ਦੀਵਾਨ ਸਜਿਆ ਸੀ। ਅਚਾਨਕ ਇਕ ਰਿੱਛ ਵਾਲਾ ਕਲੰਦਰ ਦੀਵਾਨ ਦੀ ਸਮਾਪਤੀ ਸਮੇਂ ਆ ਪੁੱਜਾ। ਉਸ ਨੇ ਆ ਕੇ ਬੇਨਤੀ ਕੀਤੀ, ''ਕਲਗੀਧਰ ਪਾਤਸ਼ਾਹ! ਮੈਂ ਨਵਾਂ ਰਿੱਛ ਲਿਆਂਦਾ ਹੈ, ਸਿਖਾਇਆ ਹੈ ਅਤੇ ਅੱਜ ਇਸ ਦਾ ਪਹਿਲਾ ਤਮਾਸ਼ਾ ਤੁਹਾਨੂੰ ਵਿਖਾ ਕੇ ਹੀ ਆਪਣਾ ਕੰਮ ਸ਼ੁਰੂ ਕਰਨਾ ਹੈ, ਤੁਹਾਡੀ ਅਸੀਸ ਲੈਣੀ ਹੈ।'' ਸਤਿਗੁਰਾਂ ਆਗਿਆ ਦੇ ਦਿੱਤੀ। ਸਿੱਖ ਹੈਰਾਨ ਸਨ ਕਿ ਸਤਿਗੁਰਾਂ ਨੇ ਤਮਾਸ਼ੇ ਲਈ ਰਿੱਛ ਵਾਲੇ ਨੂੰ ਰਿੱਛ ਨਚਾਉਣ ਦੀ ਆਗਿਆ ਦੇ ਦਿੱਤੀ ਹੈ। ਕਥਾ ਕੀਰਤਨ ਦਾ ਰਸ ਮਾਨਣ ਤੋਂ ਬਾਅਦ ਕੀ ਸੰਗਤ ਹੁਣ ਰਿੱਛ ਦਾ ਤਮਾਸ਼ਾ ਵੇਖੇਗੀ। ਰਿੱਛ ਦਾ ਤਮਾਸ਼ਾ ਸ਼ੁਰੂ ਹੋਇਆ। ਰਿੱਛ ਨੇ ਐਸੇ ਸਾਂਗ ਬਣਾਏ ਕਿ ਸਾਰੀਆਂ ਸੰਗਤਾਂ ਹੱਸ ਰਹੀਆਂ ਸਨ। ਚਉਰ ਬਰਦਾਰ ਏਨਾ ਹੱਸਿਆ ਕਿ ਚਉਰ ਜ਼ਮੀਨ ਤੇ ਡਿੱਗ ਪਿਆ। ਸਤਿਗੁਰੂ ਬਹੁਤ ਗੰਭੀਰ ਹੋ ਗਏ। ਤਮਾਸ਼ਾ ਰੋਕ ਦਿੱਤਾ ਗਿਆ ਅਤੇ ਚਉਰ ਬਰਦਾਰ ਨੂੰ ਜਿਸ ਦਾ ਨਾਂ ਕੀਰਤੀਆ ਸੀ, ਸਤਿਗੁਰਾਂ ਪੁਛਿਆ ਕਿ ਭਾਈ ਕੀਰਤੀਆ! ਤੂੰ ਦੱਸ ਸਕਦਾ ਹੈਂ ਇਹ ਰਿੱਛ ਕੌਣ ਹੈ?'' ਭਾਈ ਕੀਰਤੀਏ ਨੇ ਕਿਹਾ, ''ਪਾਤਸ਼ਾਹ ਇਹ ਰਿੱਛ ਹੈ, ਇਸ ਤੋਂ ਵਧੀਕ ਮੈਂ ਕੀ ਦੱਸ ਸਕਦਾ ਹਾਂ।''

ਸਤਿਗੁਰਾਂ ਕਿਹਾ, ''ਇਹ ਤੇਰਾ ਬਾਪ ਭਾਈ ਸੋਭਾ ਰਾਮ ਹੈ। ਇਹ ਮਰਨ ਤੋਂ ਬਾਅਦ ਰਿੱਛ ਦੀ ਜੂਨ ਵਿਚ ਆਇਆ ਹੈ।'' ਭਾਈ ਕੀਰਤੀਆ ਨਾਰਾਜ਼ ਹੋ ਗਿਆ। ਕਹਿਣ ਲੱਗਾ, ''ਪਾਤਸ਼ਾਹੋ! ਦਾਸ ਨੂੰ ਆਗਿਆ ਦਿਉ ਮੈਂ ਜਾਂਦਾ ਹਾਂ। ਮੇਰੀ ਇਸ ਤੋਂ ਵੱਡੀ ਕੀ ਬੇਇਜ਼ਤੀ ਹੋ ਸਕਦੀ ਹੈ। ਮੇਰਾ ਬਾਪ ਜੋ ਸਾਰੀ ਉਮਰ ਸੇਵਾ ਕਰਦਾ ਰਿਹਾ, ਉਹ ਰਿੱਛ ਬਣਿਆ ਹੈ, ਮੈਨੂੰ ਬਾਂਦਰ ਬਣਾ ਦਿਉਗੇ ਤੇ ਮੈਨੂੰ ਅਫਸੋਸ ਹੈ ਇਨ੍ਹਾਂ ਸਾਰੇ ਸਿੱਖਾਂ ਤੇ ਜੋ ਦਿਨ ਰਾਤ ਆਪ ਦੇ ਦਰਬਾਰ ਵਿਚ ਸੇਵਾ ਕਰ ਰਹੇ ਹਨ ਇਹ ਕੀ ਬਣਨਗੇ? ਕੀ ਇਹੋ ਫਲ ਮਿਲਦਾ ਹੈ ਸੇਵਾ ਕਰਨ ਦਾ।


Sri Satguru Jagjit Singh Ji eLibrary NamdhariElibrary@gmail.com

''ਸਤਿਗੁਰਾਂ ਕਿਹਾ ਸੇਵਾ ਮਿਲਦੀ ਤਾਂ ਭਾਗਾਂ ਨਾਲ ਹੈ, ਮੱਤ ਥੋੜ੍ਹੀ ਹੋਣ ਕਰਕੇ ਬੰਦਾ ਜਿਵੇਂ ਧਨ ਗੁਆ ਬੈਠਦਾ ਹੈ ਮੱਤ ਥੋੜ੍ਹੀ ਹੋਣ ਕਰਕੇ ਇੱਜ਼ਤ ਵੀ ਗੁਆ ਬੈਠਦਾ ਹੈ, ਮੱਤ ਥੋੜ੍ਹੀ ਹੋਣ ਕਰਕੇ ਕੀਤੀ ਸੇਵਾ ਵੀ ਗੁਆ ਬੈਠਦਾ ਹੈ–

*ਮਤਿ ਥੋੜੀ ਸੇਵ ਗਵਾਈਐ॥*

—ਵਾਰ ਆਸਾ, ਪੰਨਾ ੪੬੭

ਇਸ ਨੇ ਸੇਵਾ ਕੀਤੀ ਪਰ ਗੁਰੂ ਦੀ ਮੱਤ ਨਹੀਂ ਲਈ। ਗੁਰੂ ਦੀ ਮੱਤ ਕਹਿੰਦੀ ਸੀ ਤੂੰ ਸੇਵਾ ਤੇ ਕਰ ਪਰ ਨਾਲ ਮਿੱਠਾ ਵੀ ਬੋਲ। ਅਫਸੋਸ ਕਿ ਇਸ ਨੇ ਇਕ ਨਾ ਮੰਨੀ। ਕੜਾਹ ਪ੍ਰਸ਼ਾਦ ਵਰਗੀ ਅਮੋਲਕ ਅੰਮ੍ਰਿਤ ਦਾਤ ਵਰਤਾਉਂਦਾ ਵੀ ਫਿੱਕਾ ਤੇ ਕੜਵਾ ਹੀ ਬੋਲਦਾ ਰਿਹਾ।

ਇਕ ਸੱਜਣ ਬਹੁਤ ਕੌੜੀਆਂ ਗੋਲੀਆਂ ਵੇਚ ਰਿਹਾ ਸੀ ਜਿਸ ਵਿਚ ਉਸ ਨੇ ਨਿੰਮ ਪਾਈ ਸੀ। ਇਕ ਗੋਲੀਆਂ ਕੌੜੀਆਂ ਇਕ ਉਸ ਦੀ ਜ਼ਬਾਨ ਕੌੜੀ। ਹੋਕਾ ਦਿੰਦਾ ਕਹਿੰਦਾ ਸੀ ਲੈਣੀਆਂ ਹਨ ਤਾਂ ਲੈ ਲਉ ਨਹੀਂ ਤਾਂ ਤੁਹਾਨੂੰ ਕੱਲ੍ਹ ਫੋੜੇ ਨਿਕਲ ਆਏ ਤਾਂ ਕੀ ਕਰੋਗੇ। ਕੋਹੜੇ ਹੋ ਕੇ ਮਰੋਗੇ, ਫਿਰ ਰੋਵੋਗੇ ਮੈਨੂੰ ਯਾਦ ਕਰਕੇ। ਅਖੀਰ ਕਹਿੰਦਾ ਸੀ ਜਿਹੜਾ ਲੈਂਦਾ ਲਵੇ ਜਿਹੜਾ ਨਹੀਂ ਲੈਂਦਾ ਨਾ ਲਵੇ। ਅਸੀਂ ਚੱਲਦੇ ਹਾਂ ਮੁੜ ਕੇ ਇਧਰ ਆਉਣਾ ਹੀ ਨਹੀਂ। ਕਿਸੇ ਦਾਨੇ ਨੇ ਕਿਹਾ ਭਲੇ ਪੁਰਸ਼ਾਂ! ਤੂੰ ਤਾਂ ਨਿੰਮ੍ਹ ਦੀਆਂ ਕੌੜੀਆਂ ਗੋਲੀਆਂ ਵੇਚ ਰਿਹਾ ਹੈਂ, ਤੇਰੇ ਪਾਸ ਤਾਂ ਸ਼ਹਿਦ ਹੋਵੇ ਉਹ ਵੀ ਕੋਈ ਨਹੀਂ ਖਰੀਦਣ ਲੱਗਾ। ਨਿੰਮ ਵੀ ਕੌੜੀ ਤੇਰੀ ਜ਼ੁਬਾਨ ਉਸ ਤੋਂ ਵੀ ਕੌੜੀ। ਤੂੰ ਸੌਦਾ ਫਿਰ ਵੇਚੀਂ ਪਹਿਲਾਂ ਕਿਸੇ ਗੁਰੂ ਦੀ ਸ਼ਰਨ ਪਉ ਤੇ ਮਿੱਠਾ ਬੋਲਣਾ ਸਿੱਖ।

ਭਾਈ ਸੋਭਾ ਰਾਮ ਪ੍ਰਸਾਦ ਵਰਤਾਉਂਦਾ ਸੀ ਤੇ ਬੜਾ ਕੌੜਾ ਬੋਲਦਾ ਸੀ। ਇਕ ਦਿਨ ਭਾਈ ਧੰਨਾ ਜੀ ਨੇ ਕਿਹਾ, ''ਭਾਈ ਜੀ ਪ੍ਰਸ਼ਾਦ ਜ਼ਰਾ ਛੇਤੀ ਦੇ ਦਿਉ।'' ਭਾਈ ਸੋਭਾ ਰਾਮ ਨੇ ਸੁਭਾਵਿਕ ਕਿਹਾ, ''ਛੇਤੀ ਕਾਹਦੀ ਹੈ ਤੂੰ ਬੈਠ ਜਾਂ ਐਵੇਂ ਰਿੱਛ ਵਾਂਗੂ ਨਾ ਨੱਚ। ਭਾਈ ਧੰਨਾ ਜੀ ਦੇ ਮੂੰਹੋਂ ਸੁਭਾਵਕ ਬਚਨ ਨਿਕਲਿਆ ਰਿੱਛ ਬਣ ਤੂੰ, ਮੈਂ ਕਿਉਂ ਬਣਾਂ। ਪ੍ਰਸ਼ਾਦ ਥੋੜ੍ਹਾ ਜਿਹਾ ਥੱਲੇ ਡਿੱਗਾ, ਚੁਕਿਆ ਤੇ ਉਹ ਤੁਰ ਗਿਆ। ਉਹ ਬੜੀ ਕਰਨੀ ਵਾਲਾ ਸਿੱਖ ਸੀ, ਉਸਦਾ ਬਚਨ ਪੂਰਾ ਹੋਇਆ। ਇਸ ਨੂੰ ਬਚਨ ਨਾ ਮੰਨਣ ਦੀ ਸਜ਼ਾ ਮਿਲੀ। ਸਤਿਗੁਰਾਂ ਨੇ ਕਲੰਦਰ ਨੂੰ ਕਿਹਾ ਕਿ ਇਹ ਰਿੱਛ ਤੂੰ ਸਾਨੂੰ ਮੁੱਲ ਦੇ ਦੇ ਤਾਂ ਕਲੰਦਰ ਨੇ ਦੋ ਸੌ ਰੁਪਏ ਮੰਗੇ। ਸਤਿਗੁਰਾਂ ਨੇ ਦੋ ਸੌ ਰੁਪੈ ਹੀ ਦੇ ਦਿੱਤੇ ਤੇ ਰਿੱਛ ਲੈ ਲਿਆ। ਰਿੱਛ ਨੂੰ ਕੜਾਹ ਪ੍ਰਸ਼ਾਦ ਛਕਾਇਆ ਉਹ ਸਰੀਰ ਛੱਡ ਕੇ ਮੁਕਤ ਹੋ ਗਿਆ ਸੀ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ–

*ਤਬ ਕ੍ਰਿਪਾਲ ਨੇ ਇਕ ਸਿਖ ਭੇਜਾ।*
*ਲੇਹੁ ਮੋਲ ਕੋ ਭਾਲਕ ਦੇ ਜਾ।*

Sri Satguru Jagjit Singh Ji eLibrary NamdhariElibrary@gmail.com

ਸੁਨਤ ਕਲੰਦਰ ਨੇ ਤਬਿ ਕਹ੍ਯੋ।
ਇਹ ਸਮ ਰੀਛ ਅਵਰ ਨਹਿ ਲਹ੍ਯੋ।
ਇਸ ਕੇ ਸਾਥ ਕਮਾਈ ਮੇਰੀ।
ਲੇਹੁ ਪੁਰਨਿ ਤੇ ਭਿੱਛ ਘਨੇਰੀ।
ਮੋਹਿ ਰਜਤਪਨ ਦੋ ਸੌ ਦੇਹੁ।
ਤੌ ਭਾਲਕ ਕੋ ਰਾਵਰ ਲੇਹੁ।
ਏਤੇ ਹੀ ਦਿਹੁ ਸਤਿਗੁਰ ਕਹੈ।
ਸੇਵਕ ਗਯੋ ਕੋਸ਼ ਜਹਿ ਅਹੈ।

—ਗੁ. ਪ੍ਰ. ਸੂ.

ਕਲੰਦਰ ਨੇ ਜਦੋਂ ਵੇਖਿਆ ਕਿ ਸਤਿਗੁਰੂ ਨੂੰ ਪੈਸੇ ਦੀ ਘਾਟ ਨਹੀਂ ਤਾਂ ਉਹ ਬੇਈਮਾਨ ਹੋ ਗਿਆ, ਕਹਿਣ ਲੱਗਾ ਮੈਂ ਦੋ ਸੌ ਦਾ ਰਿੱਛ ਨਹੀਂ ਦੇਣਾ, ਪੈਸੇ ਜ਼ਿਆਦਾ ਲਵਾਂਗਾ। ਸਤਿਗੁਰਾਂ ਨੇ ਕਿਹਾ ਮੂੰਹ ਮੰਗੇ ਪੈਸੇ ਦੇ ਰਹੇ ਹਾਂ ਜੇ ਇਹ ਬੇਈਮਾਨ ਹੁੰਦਾ ਹੈ ਤਾਂ ਰਿੱਛ ਲੈ ਕੇ ਬੰਨ੍ਹ ਲਵੋ। ਰਾਤ ਨੂੰ ਸੌ ਰੁਪੈ ਦਾ ਕੜਾਹ ਪ੍ਰਸ਼ਾਦ ਕਰਾਇਆ! ਸਤਿਗੁਰਾਂ ਅਰਦਾਸ ਕਰਕੇ ਸੀਤ ਪ੍ਰਸਾਦ ਰਿੱਛ ਨੂੰ ਦਿੱਤਾ ਤਾਂ—

ਜਬ ਮੁਖ ਮਹਿ ਸੋ ਪਾਵਤ ਭਯੋ।
ਗਯੋ ਉਦਰ ਮਹਿ ਤਤ ਛਿਨ ਮਰਯੋ।
ਉਤਮ ਗਤਿ ਕੋ ਪ੍ਰਾਪਤ ਹੋਵਾਂ।
ਸਿਖਨ ਸਭਨਿ ਅਚੰਭੋ ਜੋਵਾ।

—ਗੁ. ਪ੍ਰ. ਸੂ, ਰਿਤੁ ੧, ਅੰਸੂ ੧੯

ਸਤਿਗੁਰੂ ਤਾਂ ਪੁਕਾਰ ਕੇ ਰੋਜ਼ ਕਹਿੰਦੇ ਸਨ ਕਿ—

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾਂ ਫਿਕੈ ਪਾਇ॥
ਫਿਕਾ ਮੂਰਖ ਆਖੀਐ ਪਾਣਾ ਲਹੈ ਸਜਾਇ॥

—ਵਾਰ ਆਸਾ, ਪੰਨਾ ੪੭੩

ਹੇ ਮੂਰਖ ਅਣਜਾਣ ਮਨ! ਤੂੰ ਸੋਚ ਫਿਕਾ ਬੋਲ ਕੇ ਤਾਂ ਖੁਆਰ ਹੋਈਦਾ ਹੈ, ਉਹ ਬੋਲ ਬੋਲਣਾ ਚਾਹੀਦਾ ਹੈ ਜਿਸ ਨਾਲ ਦਰਗਾਹ ਵਿਚ ਇੱਜ਼ਤ ਮਿਲੇ।

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥

—ਸਿਰੀ ਰਾਗ ਮਹਲਾ ੧, ਪੰਨਾ ੧੫

ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਮਿੱਠਾ ਬੋਲਣ ਵਰਗਾ ਕੋਈ ਸ਼ਹਿਦ

ਮਿੱਠਾ ਨਹੀਂ, ਕੌੜੇ ਸ਼ਬਦਾਂ ਵਰਗਾ ਕੋਈ ਜ਼ਹਿਰ ਵੀ ਕੌੜਾ ਨਹੀਂ। ਕੌੜਾ ਤਪਸ਼ ਤੋਂ ਅੱਗ ਤੋਂ ਵੀ ਗਰਮ ਹੈ। ਮਿੱਠੇ ਬਚਨ ਨਾਲ ਤ੍ਰਿਪਤੀ, ਸੰਤੋਖ ਤੇ ਸ਼ਾਂਤੀ ਮਿਲਦੀ ਹੈ। ਕੌੜੇ ਬਚਨ ਨਾਲ ਧੀਰਜ ਟੁੱਟਦਾ ਹੈ, ਗੁੱਸਾ ਆਉਂਦਾ ਹੈ, ਥਕਾਵਟ ਹੁੰਦੀ ਹੈ। ਮਿੱਠੇ ਬਚਨ ਨਾਲ ਤਾਂ ਔਖੇ ਕੰਮ ਵੀ ਸੌਖੇ ਹੋ ਜਾਂਦੇ ਹਨ। ਕੌੜੇ ਬਚਨ ਨਾਲ ਸੌਖੇ ਕੰਮ ਵੀ ਔਖੇ ਹੋ ਜਾਂਦੇ ਹਨ।

ਕਬਿਤ—

*ਮਧੁਰ ਬਚਨ ਸਮਸਰ ਨਾ ਪੁਜਸ ਮਧ,*
*ਕਰਕ ਸ਼ਬਦ ਸਮ ਬਿਖ ਨਾ ਬਿਖਮ ਹੈ।*
*ਮਧੁਰ ਬਚਨ ਸੀਤਲਤਾ ਮਿਸ਼ਟਾਨ ਪਾਨ,*
*ਕਰਕ ਸ਼ਬਦ ਸ-ਤਪਤ ਕਟ ਕਮ ਹੈ।*
*ਮਧੁਰ ਬਚਨ ਕਰ ਤ੍ਰਿਪਤਿ ਸੰਤੋਖ ਸ਼ਾਂਤਿ।*
*ਕਰਕ ਸ਼ਬਦ ਅਸੰਤੋਖ ਰੋਖ ਸ੍ਰਮ ਹੈ।*
*ਮਧੁਰ ਬਚਨ ਲਗ ਅਗਮ ਸੁਗਮ ਹੋਇ।*
*ਕਰਕ ਸ਼ਬਦ ਲਗ ਸੁਗਮ ਅਗਮ ਹੈ।*

—ਭਾਈ ਗੁਰਦਾਸ ਜੀ

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ—

*ਮਧੁਰ ਬਚਨ ਸਭ ਕੋ ਤ੍ਰਿਪਤਾਵੈ।*
*ਫੀਕਾ ਬੋਲ ਨਾ ਕਿਸੇ ਦੁਖਾਵੈ।*

ਵਿਦਿਆ ਪੜ੍ਹ ਕੇ ਵੀ ਬੰਦਾ ਇਹੀ ਸਮਝੇ ਕਿਸੇ ਨੂੰ ਮੰਦਾ ਨਹੀ ਬੋਲਣਾ।

*ਮੰਦਾ ਕਿਸੈ ਨਾ ਆਖੀਐ ਪੜਿ ਅਖਰੁ ਏਹੋ ਬੁਝੀਐ॥*

—ਵਾਰ ਆਸਾ, ਪੰਨਾ ੪੭੩

ਇਕ ਵਿਦਵਾਨ ਦਾ ਕਥਨ ਹੈ—

*ਕਾਗਾ ਕਾ ਕੋ ਲੇਤ ਹੈ, ਕੋਇਲ ਕਾ ਕੋ ਦੇਤ।*
*ਮੀਠੀ ਬੋਲੀ ਬੋਲ ਕੇ, ਸਭ ਕੋ ਮਨ ਹਰ ਲੇਤ।*

ਦਾਤੂ ਜੀ ਨੇ ਸਤਿਗੁਰੂ ਅਮਰਦਾਸ ਜੀ ਨੂੰ ਲੱਤ ਮਾਰੀ ਪਰ ਸਤਿਗੁਰੂ ਜੀ ਦੀ ਕਿੰਨੀ ਮਹਾਨ ਵਡਿਆਈ ਹੈ, ਉਨ੍ਹਾਂ ਮਿਠਾਸ ਦਾ ਪੱਲਾ ਨਹੀਂ ਛਡਿਆ, ਕਹਿ ਦਿੱਤਾ—

*ਸਿੰਘਾਸਨ ਤੇ ਗਿਰ ਕਰਿ ਪਰੇ।*
*ਬ੍ਰਿਧ ਸਰੀਰ ਕੰਪ ਕਹੁ ਕਰੇ।*
*ਬਹੁਰ ਸੰਭਾਰਿ ਉਠੇ ਤਤਕਾਲਾ।*
*ਗਹਿ ਦਾਤੂ ਕੇ ਚਰਨ ਕ੍ਰਿਪਾਲਾ।*

Sri Satguru Jagjit Singh Ji eLibrary NamdhariElibrary@gmail.com

*ਕਰ ਕਮਲਨ ਸੋਂ ਮਰਦਨ ਕਰੇ।*
*ਬਿਨਤੀ ਸਹਤ ਸੁ ਬਾਕ ਉਚਰੇ।*
*ਇਕ ਤੋ ਸੇਵਾ ਕਰਤ ਰਹਿਯੋਂ ਹੌਂ।*
*ਦੁਤੀਯੇ ਬਯ ਤੇ ਬ੍ਰਿਧ ਭਯੋ ਹੌਂ।*
*ਯਾਂਤੇ ਅਧਿਕ ਸਰੀਰ ਕਠੋਰਾ।*
*ਤੁਮਰੇ ਚਰਨ ਮ੍ਰਿਦੁਲ ਨਹਿ ਥੋਰਾ।*
*ਹੁਯੋ ਹੋਇਗੋ ਕਸ਼ਟ ਮਹਾਨਾ।*
*ਛਿਮਹੁ ਭਯੋ ਅਪਰਾਧ ਅਜਾਣਾ।*

—ਗੁ. ਪ੍ਰ. ਸੂ. ਰਾਸਿ ੧, ਅੰਸੂ ੩੪

ਇਸ ਗੱਲ ਦਾ ਸੰਗਤਾਂ ਤੇ ਕਿੰਨਾ ਅਸਰ ਹੋਇਆ। ਸਤਿਗੁਰੂ ਦਾਤੂ ਜੀ ਨੂੰ ਗੋਇੰਦਵਾਲ ਵਿਹਲਾ ਕਰਕੇ ਦੇ ਗਏ ਪਰ ਦਾਤੂ ਜੀ ਨੂੰ ਕੋਈ ਮੱਥਾ ਟੇਕਣ ਨਹੀਂ ਗਿਆ। ਲੋਕ ਉਸ ਸਤਿਗੁਰੂ ਨੂੰ ਲੱਭਦੇ ਸਨ ਜਿਹੜੇ ਲੱਤਾਂ ਖਾ ਕੇ ਵੀ ਮਿੱਠਾ ਬੋਲਦੇ ਹਨ, ਲੱਤਾ ਮਾਰਨ ਵਾਲੇ ਪਾਸੇ ਕੌਣ ਜਾਏ। ਆਖ਼ਿਰ ਦਾਤੂ ਜੀ ਡੇਰਾ ਡੰਡਾ ਚੁੱਕ ਕੇ ਖਡੂਰ ਆ ਗਏ।

ਸਤਿਗੁਰੂ ਰਾਮਦਾਸ ਜੀ ਨੂੰ ਸ੍ਰੀ ਚੰਦ ਨੇ ਕਿਹਾ ਸੀ—

*ਐਸਾ ਦਾਹੜਾ ਕੈਸ ਵਧਾਇਉ।*

ਨਿੰਮ੍ਰਤਾ ਤੇ ਮਿਠਾਸ ਨਾਲ ਸਤਿਗੁਰਾਂ ਨੇ ਕਿਹਾ ਤੁਹਾਡੇ ਚਰਨ ਝਾੜਨ ਵਾਸਤੇ। ਇੰਨੀ ਗੱਲ ਕਹਿ ਕੇ ਬਾਬਾ ਸ੍ਰੀ ਚੰਦ ਜੀ ਪਾਸੋਂ ਸਾਰੀ ਖੁਸ਼ੀ, ਸਾਰੀਆਂ ਖੂਬੀਆਂ ਲੈ ਲਈਆਂ। ਉਨ੍ਹਾਂ ਨੂੰ ਕਹਿਣਾ ਪਿਆ—

*ਤੁਮਰੀ ਮਹਿਮਾ ਅਧਿਕ ਹੈ ਕਹੀਐ ਕਹਾਂ ਬਨਾਇ।*
*ਤੁਮਰੇ ਸਰ ਮਹਿ ਜੋ ਮਜਹਿ ਪਾਪੀ ਭੀ ਗਤਿ ਪਾਇ।*
*ਇਸੀ ਤੌਰ ਘਰ ਲੁਟਿਓ ਹਮਾਰਾ।*

ਪ੍ਰਮਾਤਮਾ ਬਾਰੇ ਵੀ ਸਤਿਗੁਰੂ ਦੀ ਬਾਣੀ ਵਿਚ ਇਹੀ ਵਿਆਖਿਆ ਹੈ ਕਿ ਉਹ ਸੁਆਮੀ ਮਿੱਠਾ ਬੋਲਣ ਵਾਲਾ ਹੈ ਮੈਂ ਚੇਤੇ ਕਰ ਕੇ ਥੱਕ ਗਈ ਹਾਂ ਕਿ ਕਿਤੇ ਉਸ ਦਾ ਇਕ ਬਚਨ ਤਾਂ ਕੌੜਾ ਬੋਲਿਆ ਯਾਦ ਆ ਜਾਵੇ ਪਰ ਨਹੀਂ ਆਉਂਦਾ। ਕਿਹੜਾ ਐਸਾ ਪਤੀ ਹੈ ਜਿਸਨੇ ਪਤਨੀ ਨੂੰ ਇਕ ਵਾਰ ਵੀ ਜ਼ਿੰਦਗੀ ਵਿਚ ਕੌੜਾ ਬਚਨ ਨਾ ਬੋਲਿਆ ਹੋਵੇ। ਕਦੀ ਨਾ ਕਦੀ ਤਾਂ ਨਰਾਜ਼ਗੀ ਹੋ ਹੀ ਜਾਂਦੀ ਹੈ ਪਰ ਪਰਮਾਤਮਾ ਤਾਂ ਫਿੱਕਾ ਬੋਲਦਾ ਹੀ ਨਹੀਂ। ਜਿਨ੍ਹਾਂ ਨੇ ਪਰਮਾਤਮਾ ਨਾਲ ਸਾਂਝ ਬਣਾਉਣੀ ਹੈ ਉਨ੍ਹਾਂ ਨੂੰ ਉਸ ਦੇ ਅਨੁਸਾਰ ਸੁਭਾਅ ਬਣਾਉਣਾ ਪਵੇਗਾ। ਜੇਕਰ ਪਰਮਾਤਮਾ ਮਿੱਠਾ ਬੋਲਦਾ ਹੈ ਤਾਂ ਕੌੜਾ ਬੋਲਣ ਵਾਲੇ ਦੀ ਉਸ ਨਾਲ ਕਿਵੇਂ ਸਾਂਝ ਬਣੇਗੀ। ਬਾਬਾ ਫ਼ਰੀਦ ਜੀ ਤਾਂ ਕਹਿੰਦੇ ਹਨ ਕਿ ਜੇਕਰ ਤੂੰ ਚਾਹੁੰਦਾ ਹੈਂ ਮੇਰਾ

Sri Satguru Jagjit Singh Ji eLibrary NamdhariElibrary@gmail.com

ਕੌੜਾ ਬਚਨ ਅਤੇ ਕੌੜੇ ਬਚਨ ਦੀ ਕੁੜੱਤਣ ਪਰਮਾਤਮਾ ਤੱਕ ਨਾ ਪਹੁੰਚੇ ਤਾਂ ਤੂੰ ਕਿਸੇ ਨੂੰ ਵੀ ਫਿੱਕਾ ਨਾ ਬੋਲ। ਹਰ ਇਕ ਵਿਚ ਪਰਮਾਤਮਾ ਵੱਸਦਾ ਹੈ। ਤੂੰ ਕਿਸੇ ਨੂੰ ਵੀ ਕੌੜਾ ਬੋਲੇਂਗਾ ਉਹ ਪਰਮਾਤਮਾ ਤੱਕ ਹੀ ਪੁੱਜੇਗਾ।

*ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ।*
*ਹਿਆਉ ਨਾ ਕੈਹੀ ਠਾਹਿ ਮਾਣਕ ਸਭ ਅਮੋਲਵੇ।*

—ਸਲੋਕ ਫ਼ਰੀਦ, ਪੰਨਾ ੧੩੮੪

ਜਿਵੇਂ ਅਸੀਂ ਫਿੱਕੀ ਚੀਜ਼ ਨੂੰ ਭਾਵ ਬੇਰਸੀ ਚੀਜ਼ ਨੂੰ ਪਸੰਦ ਨਹੀਂ ਕਰਦੇ। ਮਨੁੱਖ ਭੋਜਨ ਉਹੀ ਚਾਹੁੰਦਾ ਹੈ ਜਿਸ ਵਿਚ ਰਸ ਹੋਵੇ, ਗੱਲ ਉਹ ਚਾਹੁੰਦਾ ਹੈ ਜਿਸ ਵਿਚ ਰਸ ਹੋਵੇ। ਅਸੀਂ ਮੇਲ ਵੀ ਉਹ ਚਾਹੁੰਦੇ ਹਾਂ ਜਿਸ ਵਿਚ ਰਸ ਹੋਵੇ। ਜੇਕਰ ਅਸੀਂ ਬੇਰਸੇ ਬੰਦੇ ਨੂੰ ਪਸੰਦ ਨਹੀਂ ਕਰਦੇ, ਪਰਮਾਤਮਾ ਵੀ ਬੇਰਸੇ ਬੰਦਿਆਂ ਪਾਸ ਨਹੀਂ ਬੈਠਦਾ।

ਅਸਲ ਵਿਚ ਦੋ ਗੁਣ ਹਿਰਦੇ ਵਿਚ ਹੋਣ ਤਾਂ ਜ਼ੁਬਾਨ ਵਿਚ ਮਿਠਾਸ ਆ ਜਾਵੇਗੀ। ਇਕ ਗੁਣ ਹੈ ਪਰਮਾਤਮਾ ਦਾ ਪ੍ਰੇਮ, ਦੂਸਰਾ ਗੁਣ ਹੈ ਪਰ ਪ੍ਰਮਾਤਮਾ ਦਾ ਅਦਬ। ਜਦੋਂ ਪਰਮਾਤਮਾ ਨਾਲ ਪ੍ਰੇਮ ਬਣੇ ਤਾਂ ਉਸਦੀ ਖਲਕਤ ਨਾਲ ਵੀ ਪ੍ਰੇਮ ਹੋ ਜਾਂਦਾ ਹੈ, ਜਦੋਂ ਪਰਮਾਤਮਾ ਦਾ ਅਦਬ ਹਿਰਦੇ ਵਿਚ ਆ ਵਸੇ ਤਾਂ ਫਿਰ ਰੱਬ ਦੇ ਬੰਦੇ ਦਾ ਅਨਾਦਰ ਕਰਨਾ ਵੀ ਚੰਗਾ ਨਹੀਂ ਲੱਗਦਾ। ਰੱਬ ਦੇ ਪ੍ਰੇਮ ਵਾਲੇ ਤਾਂ ਹਰ ਬੰਦੇ ਨੂੰ ਪਰਮਾਤਮਾ ਦਾ ਹੀ ਰੂਪ ਸਮਝਦੇ ਹਨ।

ਇਕ ਮਹਾਂਪੁਰਖ ਦਾ ਕਥਨ ਹੈ ਕਿ ਉਸ ਬੰਦਗੀ ਕਰਨ ਵਾਲੇ ਦੀ ਬੰਦਗੀ ਸਫ਼ਲ ਨਹੀਂ ਹੁੰਦੀ, ਥਾਂਇ ਨਹੀਂ ਪੈਂਦੀ ਜਿਹੜਾ ਪਰਮਾਤਮਾ ਨਾਲ ਤਾਂ ਚੰਗਾ ਹੈ ਪਰ ਖਲਕਤ ਨਾਲ ਬੁਰਾ ਹੈ। ਜਿਹੜਾ ਪ੍ਰਮਾਤਮਾ ਅੱਗੇ ਤਾਂ ਝੁਕਦਾ ਹੈ ਪਰ ਖਲਕਤ ਅੱਗੇ ਆਕੜਦਾ ਹੈ, ਜਿਹੜਾ ਪਰਮਾਤਮਾ ਨੂੰ ਰੋਜ਼ ਭੋਗ ਲੁਆਉਂਦਾ ਹੈ ਪਰ ਉਸ ਦੇ ਬੰਦਿਆਂ ਨੂੰ ਭੁੱਖੇ ਮਾਰਦਾ ਹੈ, ਪਰਮਾਤਮਾ ਅੱਗੇ ਪ੍ਰਾਰਥਨਾ ਕਰਦਿਆਂ ਬੜੇ ਮਿੱਠੇ ਸ਼ਬਦ ਕਹਿੰਦਾ ਹੈ ਪਰ ਉਸ ਦੇ ਬੰਦਿਆਂ ਨੂੰ ਕੌੜੇ ਬਚਨ ਕਹਿੰਦਾ ਹੈ ਐਸਾ ਬੰਦਾ ਰੱਬ ਦੇ ਘਰ ਪ੍ਰਵਾਨ ਨਹੀਂ।

ਇਕ ਸਿੱਖ ਦਾ ਨਾਂ ਸੀ ਭਾਈ ਮਾਹਣਾ। ਬੜਾ ਫਿੱਕਾ ਬੋਲਦਾ ਸੀ ਹਰ ਵੇਲੇ ਸਿੱਖਾਂ ਨਾਲ ਲੜਦਾ ਹੀ ਰਹਿੰਦਾ ਸੀ। ਸਤਿਗੁਰਾਂ ਨੂੰ ਇਕ ਦਿਨ ਕਹਿਣਾ ਹੀ ਪਿਆ ਕਿ ਤੂੰ ਇਸ ਤਰ੍ਹਾਂ ਹੀ ਕ੍ਰੋਧ ਵਿਚ ਸੜਨਾ ਹੈ। ਰੋਜ਼ ਸੜਨਾ ਹੈ ਤਾਂ ਇਕ ਦਿਨ ਅੱਗ ਵਿਚ ਸੜ ਮਰ। ਰੋਜ਼ ਤੂੰ ਅਨੇਕਾਂ ਹਿਰਦੇ ਦੁਖੀ ਕਰਦਾ ਹੈਂ, ਆਪ ਸੜਦਾ ਹੈਂ, ਹੋਰ ਅਨੇਕਾਂ ਨੂੰ ਤਪਾਂਦਾ ਹੈਂ। ਹੰਕਾਰ ਤੇ ਕ੍ਰੋਧ ਮਨੁੱਖ ਕੋਲੋਂ ਬਹੁਤ ਕੁਝ ਕਰਵਾ ਦਿੰਦੇ ਹਨ। ਜਿੱਥੇ ਕ੍ਰੋਧ ਹੋਵੇਗਾ ਹੰਕਾਰ ਵੀ ਲਾਜ਼ਮੀ ਹੋਵੇਗਾ। ਹੰਕਾਰ ਨੇ ਹਲੂਣਾ ਦਿੱਤਾ ਭਾਈ ਮਾਹਣੇ ਨੇ ਬਾਹਰ ਆ ਕੇ ਚਿਖਾ ਚਿਣ ਲਈ। ਸੜਣ ਲਈ ਤਿਆਰ

ਹੋ ਗਿਆ। ਇਕੱਲਾ ਹੀ ਸੀ ਅੱਗ ਵਿਚ ਕਿਵੇਂ ਸੜੇ? ਹੰਕਾਰ ਦਾ ਰਸ ਦੂਸਰੇ ਦੀਆਂ ਅੱਖਾਂ ਵਿਚ ਹੈ ਸ਼ਾਇਦ ਖਲਕਤ ਕੋਲ ਹੁੰਦੀ। ਵੇਖਣ ਵਾਲੇ ਹੁੰਦੇ ਤਾਂ ਇਹ ਭੱਜ-ਭੱਜ ਕੇ ਚਿਖਾ ਵੱਲ ਜਾਂਦਾ, ਪਰ ਹੁਣ ਤਾਂ ਵੇਖਣ ਵਾਲਾ ਵੀ ਕੋਈ ਨਹੀਂ। ਕਈ ਕੰਮ ਐਸੇ ਹਨ ਜਿਨ੍ਹਾਂ ਨੂੰ ਅਸੀਂ ਬੜੀ ਬਹਾਦਰੀ ਦੇ ਕਹਿੰਦੇ ਹਾਂ, ਵੇਖਣ ਵਾਲੇ ਹੀ ਕਰਵਾ ਦਿੰਦੇ ਹਨ, ਬੰਦਾ ਕਰਨਾ ਨਹੀਂ ਸੀ ਚਾਹੁੰਦਾ। ਇਕੱਲਾ ਹੁੰਦਾ ਤਾਂ ਕਦੀ ਨਾ ਕਰਦਾ ਪਰ ਲੋਕਾਂ ਦੀ ਸ਼ਾਬਾਸ਼ ਕਈ ਵਾਰ ਕੰਜੂਸਾਂ ਨੂੰ ਦਾਨੀ ਬਣਾ ਦਿੰਦੀ ਹੈ, ਕਾਇਰਾਂ ਤੋਂ ਬਹਾਦਰੀ ਕਰਵਾ ਦਿੰਦੀ ਹੈ। ਜਿਹੜਾ ਬੰਦਾ ਇਕੱਲਾ ਹੋਵੇ ਦਮੜੀ ਦੇਣ ਲਈ ਤਿਆਰ ਨਾ ਹੋਵੇ, ਜਦੋਂ ਕਿਤੇ ਆਮ ਦਾਨੀਆਂ ਦੇ ਨਾਂ ਪੁਕਾਰੇ ਜਾਣੇ ਹੋਣ ਉਹ ਵੀ ਪੈਸੇ ਦੇ ਬੈਠਦਾ ਹੈ। ਪਿੱਛੋਂ ਇਕੱਲਾ ਭਾਵੇਂ ਪਛਤਾਉਂਦਾ ਹੀ ਰਹੇ। ਭਾਈ ਮਾਹਣਾ ਉਡੀਕ ਰਿਹਾ ਸੀ ਸ਼ਾਇਦ ਸਤਿਗੁਰੂ ਆਪ ਆਉਣ, ਰੋਕਣ ਕਿ ਐਸਾ ਸਿਦਕੀ ਸਿੱਖ ਹੋਰ ਨਹੀਂ ਮਿਲਣਾ। ਸਾਡੇ ਬਚਨ ਲਈ ਜਿੰਦ ਵਾਰਨ ਲਈ ਤਿਆਰ ਹੋ ਗਿਆ ਹੈ। ਸ਼ਾਇਦ ਕੋਈ ਸਿੱਖ ਹੀ ਭੇਜਣ। ਆਲੇ-ਦੁਆਲੇ ਵੇਖਿਆ ਪਰ ਕੋਈ ਨਜ਼ਰੀਂ ਨਾ ਪਿਆ ਆਖਰ ਮਨ 'ਚ ਖ਼ਿਆਲ ਆਇਆ ਜੇ ਗੁਰੂ ਮੈਨੂੰ ਮਾਰਨਾ ਹੀ ਚਾਹੁੰਦੇ ਹਨ ਤਾਂ ਮੇਰੇ ਸੱਜਣ ਕਾਹਦੇ ਹੋਏ ਦੁਸ਼ਮਣ ਹੋਏ, ਜੇ ਸਤਿਗੁਰਾਂ ਨੂੰ ਮੇਰੇ ਨਾਲ ਕੋਈ ਗਰਜ਼ ਨਹੀਂ ਤਾਂ ਮੈਂ ਸਤਿਗੁਰੂ ਕੋਲੋਂ ਕੀ ਲੈਣਾ ਹੈ। ਚਲੋ ਰਹਿੰਦੇ ਦਿਨ ਕਿਸੇ ਹੋਰ ਥਾਂ ਗੁਜ਼ਾਰ ਲਵਾਂਗੇ।

ਐਸੀਆਂ ਵਿਚਾਰਾਂ ਵਿਚ ਡੁੱਬਾ ਸੀ ਕਿ ਅਚਾਨਕ ਇਕ ਬੰਦਾ ਨਜ਼ਰੀਂ ਪਿਆ। ਇਸ ਨੇ ਸੁਖ ਦਾ ਸਾਹ ਲਿਆ ਕਿ ਸ਼ਾਇਦ ਸਤਿਗੁਰਾਂ ਹੀ ਭੇਜਿਆ ਹੈ। ਇਹ ਛੇਤੀ ਨਾਲ ਉਠਿਆ ਤੇ ਕਹਿਣ ਲੱਗਾ, ''ਨਹੀਂ ਮੈਂ ਸਤਿਗੁਰੂ ਦੇ ਬਚਨ ਤੋਂ ਜਾਨ ਵਾਰ ਹੀ ਦੇਣੀ ਹੈ। ਪਰ ਜਦੋਂ ਵੇਖਿਆ ਕਿ ਇਹ ਤਾਂ ਸੰਗਤ ਦਾ ਬੰਦਾ ਨਹੀਂ, ਫਿਰ ਜੋਸ਼ ਮੱਠਾ ਹੋ ਗਿਆ, ਉਸ ਸੱਜਣ ਨੇ ਪੁੱਛਿਆ ਆਖਰ ਗੱਲ ਕੀ ਹੈ? ਕੀ ਘਰ ਵਾਲੀ ਚੜ੍ਹਾਈ ਕਰ ਗਈ ਹੈ, ਨਾਲ ਸਤੀ ਹੋਣਾ ਚਾਹੁੰਦਾ ਹੈ ਪਰ ਅੱਜ ਤੱਕ ਐਸਾ ਕੋਈ ਮਰਦ ਨਿਤਰਿਆ ਨਹੀਂ। ਪਤਨੀਆਂ ਤਾਂ ਅਨੇਕਾਂ ਪਤੀ ਨਾਲ ਸਤੀ ਹੋਈਆਂ ਹਨ, ਪਤੀ ਕੋਈ ਸਤੀ ਨਹੀਂ ਹੋਇਆ। ਹੋ ਜਾ ਸਤੀ ਇਤਿਹਾਸ ਵਿਚ ਨਾਂ ਆ ਜਾਵੇਗਾ। ਭਾਈ ਮਾਹਣੇ ਨੇ ਅਸਲੀਅਤ ਦੱਸੀ ਕਿ ਅਸਲ ਗੱਲ ਇਹ ਹੈ ਕਿ ਗੁਰੂ ਦਾ ਬਚਨ ਮੰਨ ਕੇ ਆ ਤਾਂ ਗਿਆ ਹਾਂ ਪਰ ਸੜਣ ਤੇ ਮਨ ਨਹੀਂ ਕਰਦਾ। ਇਹ ਬੰਦਾ ਚੋਰ ਸੀ। ਇਹਦੇ ਮਗਰ ਵਾਹਰ ਲੱਗੀ ਸੀ। ਇਹਨੂੰ ਵਿਸ਼ਵਾਸ ਸੀ ਕਿ ਅੱਜ ਮੈਨੂੰ ਬੁਰੀ ਮੌਤ ਮਾਰਨਗੇ। ਇਹ ਕਹਿਣ ਲੱਗਾ ਛੇਤੀ ਕਰ, ਤੂੰ ਮੇਰਾ ਮਾਲ ਲੈ ਲੈ ਮੈਨੂੰ ਆਪਣਾ ਮਾਲ ਦੇ ਦੇ। ਸੌਦਾ ਕਰ ਲੈ। ਭਾਈ ਮਾਹਣੇ ਨੇ ਕਿਹਾ ਕਿਹੜਾ ਮਾਲ? ਚੋਰ ਨੇ ਕਿਹਾ ਮੈਂ ਤੈਨੂੰ ਸੋਨਾ ਚਾਂਦੀ ਦਿੰਦਾ ਹਾਂ ਤੂੰ ਮੈਨੂੰ ਗੁਰੂ ਦਾ ਬਚਨ ਦੇ ਦੇ। ਕ੍ਰੋਧੀ ਜਿੱਥੇ ਹੰਕਾਰੀ ਹੋਵੇਗਾ ਲੋਭੀ ਵੀ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

ਇਹ ਪੰਜੇ ਬੀਮਾਰੀਆਂ ਇਕੱਠੀਆਂ ਹੀ ਰਹਿੰਦੀਆਂ ਹਨ।

ਭਾਈ ਮਾਹਣੇ ਨੇ ਹਾਂ ਕਰ ਦਿੱਤੀ। ਚੋਰ ਸੜ ਗਿਆ ਪਿੱਛੇ ਆਈ ਭੀੜ ਨੇ ਵੇਖਿਆ ਭਾਈ ਮਾਹਣੇ ਨੂੰ। ਤਲਾਸ਼ੀ ਲਈ ਅਤੇ ਸਾਮਾਨ ਨਿਕਲ ਆਇਆ। ਉਹਨਾਂ ਭਾਈ ਮਾਹਣੇ ਨੂੰ ਏਨਾ ਮਾਰਿਆ ਕਿ ਜਾਨੋਂ ਹੀ ਮਾਰ ਦਿੱਤਾ ਅਤੇ ਉਸੇ ਚਿਖਾ ਵਿਚ ਸੁੱਟ ਦਿੱਤਾ। ਸਤਿਗੁਰਾਂ ਨੂੰ ਪਤਾ ਲੱਗਾ, ਕਹਿਣ ਲੱਗੇ ਪਤਾ ਸੀ ਇਹਦੀ ਮੌਤ ਆਈ ਹੈ। ਮਰਿਆ ਹੈ ਪਰ ਬੇਮੁਖ ਹੋ ਕੇ। ਅੰਤ ਸਮੇਂ ਵੀ ਕੌੜਾ ਬੋਲਦਾ ਮਰਿਆ ਹੈ।

ਅਗਰ ਕੌੜਾ ਨਾ ਬੋਲਦਾ ਤਾਂ ਇਹ ਅੰਤ ਨਾ ਹੁੰਦਾ। ਸਿੱਖਾਂ ਪੁੱਛਿਆ, ''ਮਹਾਰਾਜ! ਇਹ ਇਸਨੂੰ ਕੌੜਾ ਬੋਲਣ ਦਾ ਫਲ ਮਿਲਿਆ ਹੈ।'' ਸਤਿਗੁਰਾਂ ਕਿਹਾ, ''ਹਾਂ ਜਿਹੜਾ ਸਾਰੀ ਉਮਰ ਦੂਸਰਿਆਂ ਦਾ ਹਿਰਦਾ ਸਾੜਦਾ ਹੀ ਰਹੇ ਉਸਨੇ ਆਪ ਵੀ ਤਾਂ ਇਸੇ ਤਰ੍ਹਾਂ ਸੜਣਾ ਸੀ।'' ਮਸੰਦ ਇੰਨੇ ਫਿੱਕੇ ਹੋ ਗਏ ਸਨ ਕਿ ਚੰਗੇ-ਚੰਗੇ ਸਿੱਖਾਂ ਦੀ ਬੇਪਤੀ ਕਰ ਦਿੰਦੇ ਸਨ। ਸਤਿਗੁਰਾਂ ਨੇ ਬੜੀਆਂ ਸਜ਼ਾਵਾਂ ਦਿੱਤੀਆਂ। ਕੌੜਾ ਬੋਲਣ ਵਾਲਾ ਬੰਦਾ ਤਾਂ ਹਰ ਕਿੱਤੇ ਵਿਚ ਮਾੜਾ ਹੈ ਪਰ ਦੁਰਭਾਗ ਵੱਸ ਜਿਹੜੇ ਧਰਮ ਵਿਚ ਐਸੇ ਬੰਦੇ ਆ ਜਾਣਗੇ ਉਸ ਧਰਮ ਦਾ ਪ੍ਰਚਾਰ ਰੁਕ ਜਾਏਗਾ।

ਇਕ ਕਾਫਲੇ ਵਿਚ ਇਕ ਸੌਦਾਗਰ ਦੀ ਲੜਕੀ ਰੋਜ਼ ਕਹਿੰਦੀ ਸੀ ਮੈਂ ਆਪਣਾ ਯਹੂਦੀ ਧਰਮ ਛੱਡ ਕੇ ਮੁਸਲਮਾਨ ਹੋ ਜਾਣਾ ਹੈ। ਬਾਪ ਬੜਾ ਚਿੰਤਾਤੁਰ ਸੀ ਪਰ ਬੱਚੀ ਨਾਲ ਅਥਾਹ ਪਿਆਰ ਸੀ ਡਰਦਾ ਕੁਝ ਕਹਿੰਦਾ ਨਹੀਂ ਸੀ। ਡਰ ਸੀ ਕਿ ਬੱਚੀ ਬਹੁਤ ਪਿਆਰੀ ਹੈ, ਕਿਤੇ ਖੁਦਕੁਸ਼ੀ ਨਾ ਕਰ ਬੈਠੇ। ਇਕ ਦਿਨ ਇਕ ਮੁੱਲਾ ਕਾਫਲੇ ਵਿਚ ਆ ਰਲਿਆ। ਉਸ ਬੱਚੀ ਨੇ ਉਸ ਮੁਲਾਂ ਦਾ ਬੜਾ ਆਦਰ ਕੀਤਾ, ਸੇਵਾ ਕੀਤੀ ਪਰ ਉਹ ਮੁਲਾਂ ਬੜਾ ਫਿਕਾ ਬੋਲਣ ਵਾਲਾ ਸੀ। ਹਰ ਵੇਲੇ ਮੱਥੇ ਤੇ ਤਿਉੜੀ, ਬੜਾ ਭੱਦਾ ਮੂੰਹ, ਭੈੜੀ ਸ਼ਕਲ। ਜਿੰਨੀ ਭੈੜੀ ਸ਼ਕਲ ਸੀ ਉਸ ਤੋਂ ਹਜ਼ਾਰ ਗੁਣਾਂ ਭੈੜੀ ਬੋਲੀ ਸੀ। ਹਰ ਵੇਲੇ ਸੜਿਆ ਬਲਿਆ, ਜਿਹੜਾ ਕਾਫਰਾਂ ਨੂੰ ਅਣਗਿਣਤ ਗਾਲੀਆਂ ਦੇ ਰਿਹਾ ਸੀ ਪਸ਼ੂਆਂ ਤੋਂ ਵੀ ਨਖਿਧ ਦੱਸਦਾ ਸੀ। ਇਸ ਬੱਚੀ ਨੂੰ ਮੁਲਾਂ ਤੋਂ ਤਾਂ ਨਫਰਤ ਹੋਣੀ ਹੀ ਸੀ। ਉਸ ਨੂੰ ਇਸਲਾਮ ਤੋਂ ਵੀ ਨਫ਼ਰਤ ਹੋ ਗਈ ਤੇ ਕਹਿਣ ਲੱਗੀ, ''ਪਿਤਾ ਜੀ, ਮੈਂ ਕਦੀ ਮੁਸਲਮਾਨ ਨਹੀਂ ਬਣਾਂਗੀ, ਮੈਂ ਆਪਣੇ ਧਰਮ ਵਿਚ ਹੀ ਰਹਾਂਗੀ। ਉਸ ਸੁਦਾਗਰ ਨੇ ਮੁਲਾਂ ਨੂੰ ਬੜਾ ਧਨ ਦਿੱਤਾ ਤੇ ਉਸ ਦਾ ਲੱਖ-ਲੱਖ ਸ਼ੁਕਰ ਕੀਤਾ। ਮੁਲਾਂ ਨੇ ਕਿਹਾ, ਤੂੰ ਤਾਂ ਮੁਸਲਮਾਨ ਨਹੀਂ ਫਿਰ ਮੈਨੂੰ ਇਹ ਧਨ ਕਿਉਂ ਦਿੰਦਾ ਹੈਂ। ਉਸ ਸੌਦਾਗਰ ਨੇ ਕਿਹਾ ਤੇਰੀ ਕ੍ਰਿਪਾ ਨਾਲ ਮੇਰੀ ਬੱਚੀ ਮੁਸਲਮਾਨ ਹੋਣ ਤੋਂ ਬਚ ਗਈ। ਕਦੇ ਮਿੱਠੇ ਸੁਭਾਅ ਦਾ ਮਿੱਠਬੋਲਾ ਮੁਲਾਂ ਆ ਜਾਂਦਾ ਤਾਂ ਅੱਜ ਮੇਰੀ ਬੱਚੀ ਮੁਸਲਮਾਨ ਹੋ ਜਾਂਦੀ ਅਤੇ

Sri Satguru Jagjit Singh Ji eLibrary NamdhariElibrary@gmail.com

ਇਸ ਨੂੰ ਮੁਸਲਮਾਨ ਵੇਖ ਕੇ ਮੇਰੇ ਦਿਲ ਤੇ ਕੀ ਬੀਤਦੀ ਉਹ ਮੈਂ ਹੀ ਜਾਣਦਾ ਹਾਂ। ਪਰਮਾਤਮਾ ਕਰੇ ਤੇਰੇ ਵਰਗੇ ਸਾਰੇ ਮੁਲਾਂ ਹੋਣ ਅਤੇ ਸਾਰੀ ਦੁਨੀਆਂ ਨੂੰ ਇਸਲਾਮ ਤੋਂ ਨਫ਼ਰਤ ਹੋ ਜਾਏ।

ਗੁਰੂ ਨਾਨਕ ਦੇਵ ਜੀ ਮਹਾਰਾਜ ਤਾਂ ਇਸ ਗੱਲ ਨੂੰ ਪਹਿਲਾਂ ਅੱਗੇ ਰੱਖਦੇ ਸਨ ਕਿ ਸੱਚ ਕੌੜਾ ਹੈ ਪਰ ਇਸ ਨੂੰ ਮਿੱਠਾ ਕਰ ਕੇ ਦੇਣਾ ਹੈ। ਕੌੜਾ ਕੌਣ ਪ੍ਰਵਾਨ ਕਰੇਗ਼ਾ। ਨਾਲ ਰਾਗ ਦੀ ਮਿਠਾਸ ਪਾ ਦਿੱਤੀ। ਫਿਰ ਇਕ ਹੋਰ ਢੰਗ ਬਣਾਇਆ, ਕਿਸੇ ਨੂੰ ਕਹਿਣ ਦੀ ਬਜਾਏ ਗੱਲ ਆਪਣੇ ਨਾਲ ਜੋੜ ਦੇਣੀ ਤਾਕਿ ਅਗਲਾ ਸਮਝ ਜਾਏ।

ਚਿਰਾਂ ਦੀਆਂ ਪਰੀਤਾਂ ਬੁਰਾ ਬੋਲਣ ਨਾਲ ਟੁੱਟ ਜਾਂਦੀਆਂ ਹਨ।

*ਟੂਟਿ ਪਰੀਤਿ ਗਈ ਬੁਰ ਬੋਲਿ।*

—ਰਾਮਕਲੀ, ਉਅੰਕਾਰ, ਪੰਨਾ ੯੩੩

ਅੰਮ੍ਰਿਤ ਵਰਗੇ ਗੁਣ ਉਨ੍ਹਾਂ ਜੀਵਾਂ ਵਿਚ ਪੈਦਾ ਹੁੰਦੇ ਹਨ ਜਿਹੜੇ ਅੰਮ੍ਰਿਤ ਵਰਗੇ ਮਿੱਠੇ ਬਚਨ ਕਰਦੇ ਹਨ—

*ਅੰਮ੍ਰਿਤ ਫਲ ਤਿਨ ਜਨ ਕਉ ਲਾਗੇ॥*
*ਜੋ ਬੋਲਹਿ ਅੰਮ੍ਰਿਤ ਬਾਤਾ ਹੇ॥*

—ਮਾਰੂ ਸੋਲਹੇ, ਪੰਨਾ ੧੦੫੧

ਭਾਈ ਗੁਰਦਾਸ ਜੀ ਤਾਂ ਸਿੱਖ ਦੀ ਸਿਫ਼ਤ ਹੀ ਇਹ ਲਿਖਦੇ ਹਨ ਕਿ ਮਿੱਠਾ ਬੋਲਦਾ ਹੈ, ਨਿਮਰਤਾ ਵਿਚ ਚੱਲਦਾ ਹੈ, ਹੱਥੋਂ ਦੇਂਦਾ ਹੈ ਅਤੇ ਚੰਗਾ ਮੰਨਦਾ ਹੈ—

*ਮਿੱਠਾ ਬੋਲਣ ਨਿਵਿ ਚਲਣ ਹਥਹੁੰ ਦੇ ਕੇ ਭਲਾ ਮਨਾਏ।*

—ਭਾਈ ਗੁਰਦਾਸ ਜੀ

ਭਾਈ ਗੁਰਦਾਸ ਜੀ ਕਹਿੰਦੇ ਹਨ ਗੁਰਮੁਖ ਜਿੰਨਾ ਮਿੱਠਾ ਬੋਲਦਾ ਹੈ, ਪਰਮਾਤਮਾ ਦੀ ਹਜ਼ੂਰੀ ਵਿਚ ਉਹ ਸਾਰਾ ਜਪ ਵਿਚ ਹੀ ਗਿਣਿਆ ਜਾਂਦਾ ਹੈ।

*ਗੁਰਮੁਖ ਮਿਠਾ ਬੋਲਣਾ ਜੋ ਬੋਲੈ ਸੋਈ ਜਪ ਜਾਪੈ।*

—ਭਾਈ ਗੁਰਦਾਸ ਜੀ

ਆਖਰ ਮਨੁੱਖ ਕੌੜਾ ਕਿਉਂ ਹੁੰਦਾ ਹੈ। ਜਦੋਂ ਇਹ ਮਿੱਠੇ ਪਿਆਰੇ ਨਾਲੋਂ ਟੁਟ ਜਾਂਦਾ ਹੈ। ਬਿਖ ਜ਼ਹਿਰ ਕੌੜਾ ਹੈ, ਬਿਖਿਆ ਮਾਇਆ ਵੀ ਕੌੜੀ ਹੈ। ਤੁਸੀਂ ਮਾਇਆਧਾਰੀ ਦੀ ਮਿੱਤਰਤਾ ਨਾ ਵੇਖੋ, ਇਨ੍ਹਾਂ ਨੂੰ ਮਾਇਆ ਤੋਂ ਲੜਦੇ ਵੇਖੋ, ਇਕ ਦੂਸਰੇ ਦੀ ਜਾਨ ਲੈਣ ਤੱਕ ਜਾਂਦੇ ਹਨ। ਜਿਹੜਾ ਪਰਮਾਤਮਾ ਦਾ ਪੱਲਾ ਛੱਡ ਕੇ ਮਾਇਆ ਦਾ ਪੱਲਾ ਫੜ ਲਵੇਗਾ, ਉਹ ਕੌੜਾ ਹੋ ਹੀ ਜਾਏਗਾ।

ਜਗਤ ਨੂੰ ਮਾਇਆ ਦੀ ਕੁੜੱਤਣ ਚਿੰਬੜੀ ਹੈ। ਰੱਬ ਦੇ ਬੰਦਿਆਂ ਨੇ ਇਹ

Sri Satguru Jagjit Singh Ji eLibrary NamdhariElibrary@gmail.com

ਵਿਚਾਰ ਲਿਆ ਹੈ ਕਿ ਮਿੱਠੇ ਹੋਣਾ ਹੈ ਤਾਂ ਮਿੱਠਾ ਤਾਂ ਪਰਮਾਤਮਾ ਦਾ ਨਾਂ ਹੈ।

*ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ॥*
*ਨਾਨਕ ਜਨਿ ਵੀਚਾਰਿਆ ਮੀਠਾ ਹਰ ਕਾ ਨਾਉ॥*

—ਗਉੜੀ ਵਾਰ, ਪੰਨਾ ੩੨੦

ਮਨਮੁਖ ਦੇ ਅੰਦਰ ਸਾਰੀ ਕੁੜੱਤਣ ਆ ਜਾਂਦੀ ਹੈ, ਜਦੋਂ ਮਿੱਠਾ ਰੱਬ ਯਾਦ ਨਹੀਂ ਆਉਂਦਾ।

*ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿੰਮੁ ਫਲ॥*
*ਮਨਿਮੁਖਿ ਵਸਹਿ ਤਿਸੁ ਜਿਸ ਤੂੰ ਚਿਤਿ ਨਾ ਆਵਹੀ॥*

—ਮਾਝ ਵਾਰ, ਪੰਨਾ ੧੪੭

ਮਿੱਠਾ ਬੋਲਣ ਦੀ ਦਾਤ ਤਾਂ ਸਤਿਗੁਰੂ ਦੀ ਸੰਗਤਿ ਵਿਚ ਆ ਕੇ ਬੈਠੀਏ ਤਾਂ ਹੀ ਮਿਲਦੀ ਹੈ।

*ਸਾਧ ਸੰਗਿ ਹੋਇ ਸਭ ਕੀ ਰੇਨ॥*
*ਸਾਧ ਕੈ ਸੰਗਿ ਮਨੋਹਰ ਬੈਨ॥*

—ਸੁਖਮਨੀ, ਪੰਨਾ ੨੭੧

ਸੰਗਤ ਵਿਚ ਆ ਕੇ ਜਦੋਂ ਸਭ ਦੀ ਚਰਨ ਧੂੜ ਬਣਦੇ ਹਾਂ ਤਾਂ ਗੁਰੂ ਦੀ ਸੰਗਤ ਵਿਚ ਸੁਭਾਵਕ ਹੀ ਬਚਨ ਸੁੰਦਰ ਹੋ ਜਾਂਦੇ ਹਨ।

ਇਕ ਯਾਤਰੀ ਗੰਗਾ ਦੀ ਯਾਤਰਾ ਨੂੰ ਗਿਆ ਸੀ, ਸੋਚਿਆ ਹੋਰ ਬਹੁਤਾ ਰਾਸ਼ਨ ਤਾਂ ਮੈਂ ਲਿਜਾ ਨਹੀਂ ਸਕਦਾ ਚਾਵਲ ਦਾਲ ਮਿਲਾ ਕੇ ਨਾਲ ਲੈ ਲਏ। ਇਹ ਬਣਾਉਣ ਵਾਸਤੇ ਵੀ ਕੋਈ ਟਿਕਾਣਾ ਚਾਹੀਦਾ ਹੈ। ਇਕ ਨਗਰ ਵਿਚ ਅਟਕਿਆ ਸੀ। ਨਗਰ ਵਿਚ ਕੋਈ ਧਰਮਸ਼ਾਲਾ ਵੀ ਨਹੀਂ। ਇਕ ਮਾਤਾ ਨੂੰ ਕਿਹਾ, ਮਾਤਾ ਜੀ ਮੈਂ ਯਾਤਰੀ ਹਾਂ। ਮਾਈ ਨੇ ਇਸ ਦੀ ਖਿੱਚੜੀ ਬਣਨੀ ਧਰ ਦਿੱਤੀ। ਖਿੱਚੜੀ ਬਣ ਰਹੀ ਸੀ। ਇਸ ਨੇ ਕਿਹਾ, ਮਾਂ ਘਰ ਦਾ ਹੈ ਕਿ ਮਰ ਗਿਆ ਹੈ। ਮਾਈ ਨੇ ਬੁਰਾ ਤਾਂ ਮਨਾਇਆ ਪਰ ਘਰ ਆਏ ਮਹਿਮਾਨ ਨੂੰ ਕੁਝ ਨਾ ਕਿਹਾ। ਇੰਨਾ ਹੀ ਕਿਹਾ ਸੁਖ ਨਾਲ ਜਿਉਂਦੇ ਹਨ। ਫਿਰ ਉਸ ਨੇ ਕਿਹਾ, ਮਾਈ ਕਿੰਨੇ ਪੁੱਤਰ ਹਨ। ਮਾਈ ਨੇ ਕਿਹਾ ਤਿੰਨ। ਫਿਰ ਉਸ ਨੇ ਕਿਹਾ, ਤਿੰਨੇ ਜਿਉਂਦੇ ਹਨ। ਫਿਰ ਉਸ ਨੇ ਕਿਹਾ, ਤਿੰਨੇ ਜਿਉਂਦੇ ਹਨ। ਹੁਣ ਮਾਈ ਥੋੜ੍ਹੀ ਗਰਮ ਸੀ ਪਰ ਸੋਚਿਆ ਖਿੱਚੜੀ ਬਣੇ ਤੇ ਇਹ ਕਿਹੜੇ ਵੇਲੇ ਘਰੋਂ ਜਾਵੇ।

ਫਿਰ ਇਸ ਨੇ ਕਿਹਾ, ''ਮਾਈ! ਤੇਰਾ ਦਰਵਾਜ਼ਾ ਬੜਾ ਛੋਟਾ ਹੈ, ਜੇ ਤੇਰੀ ਮੱਝ ਮਰ ਜਾਏ ਤਾਂ ਇਸ ਦਰਵਾਜ਼ੇ ਰਾਹੀਂ ਤਾਂ ਬਾਹਰ ਵੀ ਨਹੀਂ ਨਿਕਲਣੀ। ਮਾਈ ਦੇ ਸਬਰ ਦੀ ਹੱਦ ਹੋ ਗਈ ਸੀ। ਉਸ ਨੇ ਕਿਹਾ, ਪਰਨੇ ਦਾ ਪੱਲਾ ਕਰ। ਅੱਧ ਰਿੱਝੀ ਖਿੱਚੜੀ ਉਸ ਦੇ ਪੱਲੇ ਵਿਚ ਪਾ ਦਿੱਤੀ। ਇਹ ਕਹਿਣ ਲੱਗਾ, ਮਾਈ ਇਹ

Sri Satguru Jagjit Singh Ji eLibrary NamdhariElibrary@gmail.com

ਕੀ ਵੱਗ ਰਿਹਾ ਹੈ। ਮਾਈ ਨੇ ਕਿਹਾ, ਤੇਰੀ ਜ਼ਬਾਨ ਦਾ ਰਸ। ਗਰਮ ਪਾਣੀ ਇਸ ਦੇ ਪੈਰਾਂ ਤੇ ਪਿਆ। ਕਹਿਣ ਲੱਗਾ, ਮਾਈ ਮੇਰੇ ਪੈਰ ਸੜ ਗਏ। ਮਾਈ ਕਹਿਣ ਲੱਗੀ, ਜਿਹੜਾ ਕਿਸੇ ਦਾ ਦਿਲ ਸਾੜੇ ਉਹਦੇ ਪੈਰ ਜ਼ਰੂਰ ਸੜਦੇ ਹਨ। ਤੂੰ ਯਾਤਰਾ ਤੇ ਨਾ ਜਾ, ਪਹਿਲਾਂ ਕਿਤੋਂ ਬੋਲਣਾ ਸਿੱਖ ਕੇ ਆ। ਜੇ ਗੰਗਾ ਮਾਂ ਵੀ ਮੇਰੇ ਵਰਗਾ ਦਿਲ ਰੱਖਦੀ ਹੋਈ ਤਾਂ ਤੈਨੂੰ ਡੋਬ ਕੇ ਮਾਰੇਗੀ। ਤੂੰ ਉਥੇ ਬਿਲਕੁਲ ਨਾ ਜਾਈਂ ਤੂੰ ਵਾਪਸ ਘਰ ਚਲਾ ਜਾ।

ਅਪਵਿੱਤਰ ਜ਼ਬਾਨ ਵਿਚੋਂ ਹਮੇਸ਼ਾਂ ਉਹ ਬਚਨ ਨਿਕਲਣਗੇ ਜਿਹੜੇ ਦੂਸਰੇ ਨੂੰ ਦੁਖ ਦੇਣਗੇ। ਪਵਿੱਤਰ ਤੇ ਸੁੱਚੀ ਜ਼ਬਾਨ ਵਿਚੋਂ ਹਮੇਸ਼ਾਂ ਉਹ ਬਚਨ ਨਿਕਲਣਗੇ ਜਿਹੜੇ ਸਰਬੱਤ ਦਾ ਭਲਾ ਮੰਗਣ ਵਾਲੇ ਹੋਣਗੇ। ਰਸਨਾ ਪਵਿੱਤਰ ਹੁੰਦੀ ਹੈ ਪਰਮਾਤਮਾ ਦਾ ਨਾਂ ਲਿਆਂ।

*ਨਾਮੁ ਕਹਿਤ ਗੋਵਿੰਦ ਕਾ ਸੂਚੀ ਭਈ ਰਸਨਾ ॥*

—ਬਿਲਾਵਲ ਮ: ੫, ਪੰਨਾ ੮੧੧

ਫਿਰ ਨਰਮ ਬਾਣੀ ਮੂੰਹ ਤੋਂ ਨਿਕਲਦੀ ਹੈ ਜਿਸ ਨੂੰ ਸੁਣ ਕੇ ਹਰ ਇਕ ਬੰਦੇ ਦੇ ਮਨ ਨੂੰ ਧੀਰਜ ਆਉਂਦਾ ਹੈ।

*ਕੋਮਲ ਬਾਣੀ ਸਭ ਕਉ ਸੰਤੋਖੈ ॥*

—ਗਉੜੀ ਮ: ੫, ਪੰਨਾ ੨੯੯

ਜਿਹੜਾ ਕੌੜਾ ਬੋਲਦਾ ਹੈ, ਉਹ ਰੱਬ ਤੋਂ ਦੂਰ ਹੈ। ਉਹ ਸਿੱਖੀ ਨੂੰ ਨਹੀਂ ਸਮਝਿਆ। ਜਿਹੜਾ ਮਿੱਠਾ ਬੋਲਦਾ ਹੈ ਉਹ ਰੱਬ ਦੇ ਨੇੜੇ ਹੈ, ਉਸ ਨੇ ਗੁਰਮਤਿ ਨੂੰ ਸਮਝਿਆ ਹੈ।

ਭਾਵੇਂ ਪੁਰਸ਼ ਹੋਵੇ ਭਾਵੇਂ ਇਸਤਰੀ, ਕੌੜਾ ਬੋਲ ਦੋਵਾਂ ਦੇ ਮੂੰਹੋਂ ਨਹੀਂ ਸ਼ੋਭਾ ਪਾਉਂਦਾ, ਪਰ ਇਸਤਰੀ ਫਿੱਕਾ ਬੋਲਦੀ ਤਾਂ ਬਿਲਕੁਲ ਹੀ ਚੰਗੀ ਨਹੀਂ ਲੱਗਦੀ। ਗੁਰੂ ਸਾਹਿਬ ਬਾਣੀ ਵਿਚ ਫ਼ਰਮਾਉਂਦੇ ਹਨ, ਜੋ ਸ਼ੀਤਲ ਸੁਭਾਅ ਦੀ ਹੈ, ਸੰਜਮ ਵਿਚ ਰਹਿੰਦੀ ਹੈ, ਪਤੀ ਦੀ ਆਗਿਆ ਮੰਨਦੀ ਹੈ, ਐਸੀ ਇਸਤਰੀ ਨੂੰ ਕੋਈ ਜਮਾਂ ਦਾ ਦੁੱਖ ਨਹੀਂ।

*ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥*
*ਤਿਸੁ ਨਾਰੀ ਕਉ ਦੁਖੁ ਨਾ ਜਮਾਨੈ ॥*

ਦਸਮ ਗ੍ਰੰਥ ਉਪਖਿਯਾਨ ਚਰਿਤ੍ਰ ਵਿਚ ਇਕ ਸਵੈਯਾ ਹੈ ਜੋ ਕੌੜਾ ਬੋਲਣ ਵਾਲੀਆਂ ਇਸਤਰੀਆਂ ਵਾਸਤੇ ਨਸੀਹਤ ਹੈ। ਇਕ ਇਸਤਰੀ ਦਾ ਜ਼ਿਕਰ ਕਰਦੇ ਹਨ ਕਿ ਦਿਨ ਚੜ੍ਹਦਿਆਂ ਹੀ ਬੋਲਣ ਲੱਗ ਪੈਂਦੀ ਹੈ। ਲੋਕ ਵਰਜਦੇ ਹਨ, ਪਤੀ ਤਾੜਨਾ ਵੀ ਕਰਦਾ ਹੈ ਪਰ ਉਹ ਛੁਪੀ ਨਹੀਂ ਰਹਿੰਦੀ। ਸੱਸ ਨੂੰ ਡਰਦਿਆਂ ਉੱਚੀ ਸਾਹ ਨਹੀਂ ਆਉਂਦਾ। ਦਰਵਾਜ਼ੇ ਅੱਗੇ ਜਿਠਾਣੀ ਆਉਂਦੀ ਹੈ ਪਰ ਉਸ ਨੂੰ

Sri Satguru Jagjit Singh Ji eLibrary NamdhariElibrary@gmail.com

ਬੋਲਦਿਆਂ ਸੁਣ ਕੇ ਵਾਪਸ ਚਲੀ ਜਾਂਦੀ ਹੈ। ਗਵਾਂਢੀ ਮਕਾਨ ਵੇਚ ਕੇ ਬਾਹਰ ਚਲੇ ਗਏ ਹਨ, ਲੋਕਾਂ ਦਾ ਨੱਕ ਵਿਚ ਦਮ ਆਇਆ ਹੈ। ਜਿਹੜਾ ਪਾਣੀ ਮੰਗੇ ਉਸ ਦੇ ਸਿਰ ਵਿਚ ਪੱਥਰ ਮਾਰਦੀ ਹੈ। ਨਾਰ ਨਹੀਂ ਇਹ ਤਾਂ ਨਾਹਰ ਸ਼ੇਰਨੀ ਆ ਗਈ ਹੈ।

*ਭੋਰ ਹੁਤੇ ਗਰਜੇ ਤਰਜੇ, ਬਰਜੇ ਬਹੁ ਲੋਕ ਰਹੈ ਨਾਛਾਨੀ।*
*ਸਾਸ ਕੇ ਤ੍ਰਾਸਿ ਨਾ ਆਵਤ ਸਾਸ, ਦੁਆਰਨ ਤੇ ਫਿਰ ਜਾਤ ਜਿਠਾਨੀ।*
*ਪਾਸ ਪਰੋਸਨ ਬਾਸ ਗਹਿਓ ਬਨ, ਲੋਕ ਭਏ ਸਭ ਹੀ ਨਕਵਾਨੀ।*
*ਪਾਨੀ ਕੇ ਮਾਂਗਤ ਪਾਥਰ ਮਾਰਤ, ਨਾਰ ਕਿਧੌ, ਗ੍ਰਿਹਿ ਨਾਹਰ ਆਨੀ॥*

—ਦਸਮ ਗ੍ਰੰਥ

ਅਗਰ ਘਰ ਵਿਚ ਮਿੱਠਾ ਬੋਲਣ ਵਾਲੀ ਇਸਤਰੀ ਹੋਵੇ ਤਾਂ ਉਹ ਘਰ ਸਵਰਗ ਹੈ। ਨਹੀਂ ਤਾਂ ਸਾਰ ਕੁਤਾਵਲੀ ਵਿਚ ਲਿਖਿਆ ਹੈ—

*ਨਾਰ ਕਲਿਹਣੀ, ਗ੍ਰਾਮ ਘਰ, ਦੇਹ ਦੁਖੀ, ਨ੍ਰਿਪ ਨੀਚ॥*
*ਪਰਵਸ, ਪਾਚੋ ਨਰਨ ਕੀ, ਜੀਵਤ ਹੀ ਹੈ ਮੀਚ॥*

ਘਰ ਵਿਚ ਕੁਲੈਹਣੀ ਇਸਤਰੀ, ਛੋਟੇ ਪਿੰਡ ਵਿਚ ਘਰ, ਦੇਹ ਨੂੰ ਦੁੱਖ, ਰਾਜਾ ਨੀਚ, ਪਰਾਈ ਗ਼ੁਲਾਮੀ। ਇਹ ਪੰਜਾਂ 'ਚੋਂ ਕੋਈ ਵੀ ਹੋਵੇ, ਜਿਊਂਦੇ ਹੀ ਮਰਨ ਵਾਲੀ ਗੱਲ ਹੈ।

ਪਰਮਾਤਮਾ ਕਰੇ ਇਕ ਦਿਨ ਐਸਾ ਆਵੇ ਜਿਸ ਦਿਨ ਸੰਸਾਰ ਮਿੱਠ ਬੋਲੇ ਸਜਣਾਂ ਨਾਲ ਭਰਪੂਰ ਹੋਵੇ।

ਮਿੱਠਾ ਬੋਲਣਾ ਇਕ ਐਸਾ ਗੁਣ ਹੈ। ਇਹ ਗੁਣ ਆਉਣ ਨਾਲ ਕਰੋੜਾਂ ਔਗੁਣ ਚਲੇ ਜਾਂਦੇ ਹਨ। ਮਿੱਠਾ ਬੋਲਣ ਦਾ ਗੁਣ ਇਕ ਦਿਨ ਮਿੱਠ ਬੋਲੜੇ ਸਜਣ ਸੁਆਮੀ ਪਾਸ ਪਹੁੰਚਾ ਦਿੰਦਾ ਹੈ।

ਜੀਵਨ ਵਿਚ ਕੁੜੱਤਣ ਮੁਕਾਉਣੀ ਤੇ ਮਿਠਾਸ ਪੈਦੀ ਕਰਨੀ, ਇਹੀ ਹੈ ਧਰਮ ਦੀ ਯਾਤਰਾ।

Sri Satguru Jagjit Singh Ji eLibrary NamdhariElibrary@gmail.com

# 13 ਹੈ ਤਉ ਸਹੀ ਲਖੈ ਜਉ ਕੋਈ

*ਹੈ ਤਉ ਸਹੀ ਲਖੈ ਜਉ ਕੋਈ॥*
*ਤਬ ਓਹੀ ਉਹੁ ਇਹੁ ਨਾ ਹੋਈ॥*

—ਗਉੜੀ ਕਬੀਰ ਜੀ, ਪੰਨਾ ੩੪੨

ਇਕ ਬੜੀ ਸੁੰਦਰ ਕਥਾ ਹੈ।

ਪੀਰ ਦਸਤਗੀਰ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਪ੍ਰਸ਼ਨ ਕੀਤਾ ਸੀ ਕਿ ਪਰਮਾਤਮਾ ਹੈ ਤਾਂ ਦਿੱਸਦਾ ਕਿਉਂ ਨਹੀਂ। ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਸ਼ਨ ਦੇ ਉੱਤਰ ਵਿਚ ਕਿਹਾ ਸੀ, ਦਸਤਗੀਰ ਕੁਝ ਦੁੱਧ ਮੰਗਵਾ। ਜਦੋਂ ਦੁੱਧ ਆ ਗਿਆ ਤਾਂ ਸਾਹਿਬ ਕਹਿੰਦੇ ਹਨ ਸੁਣਿਆ ਹੈ, ਦੁੱਧ ਵਿਚ ਮੱਖਣ ਹੁੰਦਾ ਹੈ। ਪੀਰ ਨੇ ਕਿਹਾ, ਸੁਣਿਆ ਕੀ, ਦੁੱਧ ਵਿਚ ਮੱਖਣ ਹੈ। ਇਹ ਦੁੱਧ ਜੋ ਤੁਹਾਡੇ ਸਾਹਮਣੇ ਹੈ ਇਸ ਵਿਚ ਵੀ ਮੱਖਣ ਹੈ, ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ। ਗੁਰੂ ਨਾਨਕ ਦੇਵ ਜੀ ਕਹਿਣ ਲੱਗੇ ਦਿੱਸਦਾ ਤਾਂ ਨਹੀਂ। ਪੀਰ ਨੇ ਕਿਹਾ, ਇਸ ਤਰ੍ਹਾਂ ਨਹੀਂ ਦਿਸੇਗਾ, ਇਸ ਦੁੱਧ ਨੂੰ ਗਰਮ ਕਰਾਂਗੇ, ਫਿਰ ਜਾਗ ਲਗਾਵਾਂਗੇ ਫਿਰ ਦਹੀਂ ਬਣੇਗਾ, ਦਹੀਂ ਨੂੰ ਰਿੜਕਾਂਗੇ ਫਿਰ ਮੱਖਣ ਦਿਸੇਗਾ। ਸਾਹਿਬਾਂ ਕਿਹਾ, ਇਕ ਗੱਲ ਤਾਂ ਤੂੰ ਮੰਨ ਗਿਆ ਹੈਂ ਕਿ ਜੋ ਹੈ ਉਸ ਨੂੰ ਵੇਖਣ ਵਾਸਤੇ ਘਾਲਣਾ ਘਾਲਣ ਦੀ ਲੋੜ ਹੈ। ਪਰ ਤੇਰੇ ਪਾਸ ਅਜੇ ਸ਼ੁਭ ਕਰਮਾਂ ਦਾ ਦੁੱਧ ਨਹੀਂ, ਸੁਰਤ ਦੀ ਜਾਗ ਨਹੀਂ, ਪ੍ਰਭੂ 'ਤੇ ਡੋਰੀ ਸੁੱਟ ਕੇ ਜਮਾਇਆ ਨਹੀਂ ਫਿਰ ਰਿੜਕਣ ਦੀ ਗੱਲ ਦੂਰ ਹੈ। ਤੂੰ ਤਾਂ ਕੁਝ ਵੀ ਨਹੀਂ ਕੀਤਾ ਤੇ ਵੇਖਣਾ ਪਰਮਾਤਮਾ ਨੂੰ ਚਾਹੁੰਦਾ ਹੈਂ। ਸਗੋਂ ਇਕ ਸ਼ੰਕਾ ਵੀ ਤੇਰੇ ਅੰਦਰ ਟਿਕਿਆ ਹੈ ਕਿ ਪਰਮਾਤਮਾ ਦਿੱਸਦਾ ਕਿਉਂ ਨਹੀਂ। ਪਰਮਾਤਮਾ ਤੇ ਮੱਖਣ ਵਿਚ ਇਕ ਹੋਰ ਵੀ ਅੰਤਰ ਹੈ। ਘਾਲਣਾ ਨਾਲ ਮੱਖਣ ਤਾਂ ਬਾਹਰਲੀਆਂ ਅੱਖਾਂ ਨਾਲ ਨਜ਼ਰ ਆਉਂਦਾ ਹੈ ਪਰ ਪਰਮਾਤਮਾ ਤਾਂ ਜਿਹੜਾ ਘਾਲਣਾ ਕਰਦਾ ਹੈ ਉਸੇ ਨੂੰ ਨਜ਼ਰ ਆਉਂਦਾ ਹੈ ਦੂਸਰੇ ਨੂੰ ਨਜ਼ਰ ਵੀ ਨਹੀਂ ਆਉਂਦਾ।

ਇਕ ਮਹਾਤਮਾ ਬੈਠੇ ਸਨ। ਇਕ ਸੱਜਣ ਆਏ, ਬੜੇ ਆਲਸੀ ਸਨ। ਸਿਰਫ਼



Sri Satguru Jagjit Singh Ji eLibrary NamdhariElibrary@gmail.com

ਧਰਮ ਦੀਆਂ ਗੱਲਾਂ ਸੁਣ ਕੇ ਮਨ ਵਿਚ ਆਉਂਦਾ ਸੀ ਕਿ ਕੋਈ ਪਰਮਾਤਮਾ ਹੈ ਵੀ ਤਾਂ ਵੀ ਕੋਈ ਵਿਖਾ ਦੇਵੇ, ਅਗਰ ਨਹੀਂ ਵੀ ਤਾਂ ਕੋਈ ਕਹਿ ਦੇਵੇ ਕੇ ਨਹੀਂ। ਤਾਂ ਝੰਝਟ ਮੁਕੇ। ਅਸੀਂ ਆਪ ਤਾਂ ਕੁਝ ਕਰ ਨਹੀਂ ਸਕਦੇ। ਮਹਾਤਮਾ ਬੜੇ ਸਿਆਣੇ ਸਨ। ਜਦੋਂ ਇਸ ਨੇ ਪੁੱਛਿਆ ਪਰਮਾਤਮਾ ਹੈ? ਮਹਾਤਮਾ ਨੇ ਕਿਹਾ ਨਹੀਂ।

ਇਸ ਨੂੰ ਗਿਆਂ ਥੋੜ੍ਹੀ ਦੇਰ ਹੋਈ ਸੀ ਇਕ ਸੱਜਣ ਹੋਰ ਆ ਗਏ। ਉਸ ਨੂੰ ਤਾਜ਼ਾ ਹੀ ਰੱਬੀ ਅਨੁਭਵ ਹੋਇਆ ਸੀ। ਉਹ ਕੋਈ ਨਾਲ ਪ੍ਰਮਾਣ ਚਾਹੁੰਦਾ ਸੀ ਕਿ ਜਿਹੜਾ ਹੀਰਾ ਮੈਨੂੰ ਮਿਲਿਆ ਹੈ ਉਹ ਖਰਾ ਹੈ ਕਿ ਖੋਟਾ ਹੈ। ਮਹਾਤਮਾ ਨੂੰ ਉਸ ਨੇ ਪੁੱਛਿਆ ਪ੍ਰਮਾਤਮਾ ਹੈ? ਮਹਾਤਮਾ ਨੇ ਕਿਹਾ, ਸੱਜਣ ਜੀ! ਪਰਮਾਤਮਾ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ। ਪਾਸ ਬੈਠੇ ਚੇਲੇ ਹੈਰਾਨ ਸਨ। ਪਹਿਲੇ ਨੂੰ ਕਿਹਾ ਹੈ ਕਿ ਪਰਮਾਤਮਾ ਨਹੀਂ, ਹੁਣ ਵਾਲੇ ਨੂੰ ਕਿਹਾ ਹੈ, ਹੈ। ਉਨ੍ਹਾਂ ਪੁੱਛਿਆ ਮਹਾਰਾਜ ਇਹ ਵੱਖ-ਵੱਖ ਉੱਤਰ ਕਿਉਂ? ਮਹਾਤਮਾ ਨੇ ਕਿਹਾ, ਬੰਦੇ ਦੋ ਸਨ। ਇਕ ਅੰਨ੍ਹਾ ਸੀ, ਇਕ ਸੁਜਾਖਾ ਸੀ। ਅੰਨ੍ਹੇ ਦਾ ਪ੍ਰਸ਼ਨ ਵੱਖਰਾ, ਉਸ ਦਾ ਉੱਤਰ ਵੱਖਰਾ। ਸੁਜਾਖੇ ਦਾ ਪ੍ਰਸ਼ਨ ਵੱਖਰਾ, ਉੱਤਰ ਵੱਖਰਾ। ਚੇਲੇ ਹੈਰਾਨ ਸਨ ਕਿ ਮਹਾਰਾਜ ਪ੍ਰਸ਼ਨ ਤਾਂ ਦੋਵਾਂ ਦਾ ਇਕੋ ਹੀ ਸੀ। ਮਹਾਤਮਾ ਨੇ ਕਿਹਾ, ਤੁਹਾਡੇ ਮੇਰੇ ਵਿਚ ਵੀ ਅਜੇ ਇੰਨਾ ਫਰਕ ਹੈ ਜਿੰਨਾ ਅੰਨ੍ਹੇ ਤੇ ਸੁਜਾਖੇ ਵਿਚ ਹੁੰਦਾ ਹੈ। ਵੇਖਣ ਸੁਣਨ ਨੂੰ ਤੁਹਾਨੂੰ ਪ੍ਰਸ਼ਨ ਇਕੋ ਜਿਹੇ ਜਾਪੇ ਹਨ ਪਰ ਉਨ੍ਹਾਂ ਪ੍ਰਸ਼ਨਾਂ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਸੀ।

ਇਕ ਅੱਖਾਂ ਵਾਲਾ ਸੀ, ਉਸ ਨੇ ਪ੍ਰਕਾਸ਼ ਵੇਖਿਆ ਸੀ ਅਤੇ ਜੋ ਉਸ ਨੇ ਵੇਖਿਆ ਸੀ ਮੈਨੂੰ ਕਸਵੱਟੀ ਸਮਝ ਕੇ ਪਰਖ ਵਾਸਤੇ ਆਇਆ ਸੀ। ਮੈਂ ਉਸ ਨੂੰ ਕਹਿ ਦਿੱਤਾ ਹੈ ਕਿ ਜੋ ਤੂੰ ਵੇਖਿਆ ਹੈ ਉਹ ਠੀਕ ਹੈ। ਉਹ ਪ੍ਰਸੰਨ ਗਿਆ ਹੈ। ਦੂਸਰਾ ਅੰਨ੍ਹਾ ਸੀ ਉਹ ਸਿਰਫ਼ ਸੁਣ ਕੇ ਹੀ ਪ੍ਰਸ਼ਨ ਕਰ ਰਿਹਾ ਸੀ ਕਿ ਪ੍ਰਕਾਸ਼ ਹੈ। ਅੰਨ੍ਹੇ ਨੂੰ ਪ੍ਰਕਾਸ਼ ਦਾ ਕੀ ਅਨੁਭਵ ਹੋਵੇਗਾ। ਅੰਨ੍ਹੇ ਨੂੰ ਤਾਂ ਹਨੇਰੇ ਦਾ ਵੀ ਅਨੁਭਵ ਨਹੀਂ। ਇਸ ਲਈ ਮੈਂ ਉਸ ਨੂੰ ਕਹਿ ਦਿੱਤਾ ਹੈ ਤੂੰ ਕੁਝ ਨਹੀਂ ਵੇਖਿਆ, ਇਸ ਲਈ ਤੇਰੇ ਪਾਸ ਅੱਖਾਂ ਨਹੀਂ, ਇਸ ਲਈ ਤੇਰੇ ਲਈ ਪ੍ਰਕਾਸ਼ ਵੀ ਨਹੀਂ, ਤੇਰੇ ਲਈ ਰੱਬ ਵੀ ਨਹੀਂ। ਪ੍ਰਕਾਸ਼ ਉਨ੍ਹਾਂ ਲਈ ਹੈ ਜਿਨ੍ਹਾਂ ਪਾਸ ਅੱਖਾਂ ਹਨ, ਰੱਬ ਉਨ੍ਹਾਂ ਲਈ ਹੈ ਜਿਨ੍ਹਾਂ ਪਾਸ ਅਨੁਭਵ ਹੈ। ਜੋ ਰੱਬ ਨੂੰ ਮੰਨਦੇ ਹਨ ਪਰ ਜਾਣਦੇ ਨਹੀਂ, ਉਹ ਧਰਮੀ ਨਹੀਂ। ਅਸਲੀ ਧਰਮੀ ਉਹ ਹਨ ਜੋ ਰੱਬ ਨੂੰ ਜਾਣਦੇ ਹਨ ਤੇ ਮੰਨਦੇ ਹਨ। ਪਰਮਾਤਮਾ ਦੀ ਤੇ ਉਨ੍ਹਾਂ ਦੀ ਇਸ ਤਰ੍ਹਾਂ ਦੀ ਸਾਂਝ ਹੈ।

*ਹਉ ਪੂਤ ਤੇਰਾ ਤੂੰ ਬਾਪ ਮੇਰਾ॥*
*ਏਕੈ ਠਾਹਰ ਦੁਹਾਂ ਬਸੇਰਾ॥*

—ਆਸਾ ਕਬੀਰ ਜੀ, ਪੰਨਾ ੪੭੬

*ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ॥*
*ਤੂੰ ਮੇਰਾ ਬੰਧਪ ਤੂ ਮੇਰਾ ਭ੍ਰਾਤਾ॥*

—ਮਾਝ ਮਹਲਾ ੫, ਪੰਨਾ ੧੦੩

ਇਸ ਤਰ੍ਹਾਂ ਦੇ ਜੋ ਮੰਨਣ ਵਾਲੇ ਹਨ ਉਨ੍ਹਾਂ ਲਈ ਹੀ ਜਪੁਜੀ ਵਿਚ ਕਿਹਾ ਹੈ—

*ਮੰਨੇ ਕੀ ਗਤਿ ਕਹੀ ਨਾ ਜਾਇ॥*

—ਜਪੁ, ਪੰਨਾ ੩

ਪਰ ਵੇਖਾ ਵੇਖੀ ਨਹੀਂ, ਸੁਣੀ ਸੁਣਾਈ ਨਹੀਂ—

*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥*

ਮਨ ਕਰਕੇ ਕੋਈ ਮੰਨ ਕੇ ਵੇਖੇ।

ਪਰ ਮਨ ਉਦੋਂ ਹੀ ਮੰਨਦਾ ਹੈ ਜਦੋਂ ਕੋਈ ਸ਼ੰਕਾ ਬਾਕੀ ਨਾ ਰਹਿ ਜਾਏ। ਪੂਰੀ ਸਾਂਝ ਬਣ ਜਾਏ। ਜਦੋਂ ਤਕ ਸ਼ੰਕਾ ਹੈ, ਸ਼ੰਕਾ ਹੀ ਦੱਸ ਰਿਹਾ ਹੈ ਕਿ ਅਜੇ ਮਨ ਨਹੀਂ ਮੰਨਿਆ।

ਸੰਸਾਰ ਵਿਚ ਪਰਮਾਤਮਾ ਦੇ ਨਾਂ ਤੇ ਬਹੁਤ ਧਾਰਮਿਕ ਗ੍ਰੰਥ ਹਨ ਜਿਨ੍ਹਾਂ ਵਿਚ ਪਰਮਾਤਮਾ ਦੇ ਬੇਅੰਤ ਨਾਮ ਹਨ। ਬੇਅੰਤ ਧਾਰਮਿਕ ਅਸਥਾਨ ਹਨ ਜਿਨ੍ਹਾਂ ਵਿਚ ਅਣਗਿਣਤ ਪਰਮਾਤਮਾ ਦੇ ਸ਼ਰਧਾਲੂ ਪੂਜਾ ਕਰਨ ਵਾਸਤੇ ਆਉਂਦੇ ਹਨ। ਅਣਗਿਣਤ ਤੀਰਥ ਹਨ ਜਿਨ੍ਹਾਂ ਉੱਤੇ ਲੋਕ ਰੱਬ ਦੇ ਨਾਂ 'ਤੇ ਤੀਰਥ ਯਾਤਰਾ ਕਰਨ ਆਉਂਦੇ ਹਨ। ਅਣਗਿਣਤ ਸਾਧੂ ਤਪੱਸਿਆ ਕਰ ਰਹੇ ਹਨ। ਕੁਝ ਜਾਪ ਕਰ ਰਹੇ ਹਨ, ਕੁਝ ਤਪ ਕਰ ਰਹੇ ਹਨ, ਕੁਝ ਕਰਮ-ਕਾਂਡ ਕਰ ਰਹੇ ਹਨ ਪਰ ਹਰ ਇਕ ਦਾ ਦਾਅਵਾ ਇਹੀ ਹੈ ਕਿ ਮੈਂ ਇਹ ਸਭ ਕੁਝ ਪਰਮਾਤਮਾ ਦੀ ਪ੍ਰਾਪਤੀ ਵਾਸਤੇ ਕਰ ਰਿਹਾ ਹਾਂ। ਪਰ ਹੈਰਾਨਗੀ ਦੀ ਗੱਲ ਹੈ ਕਿ ਫਿਰ ਵੀ ਇਕ ਸ਼ੰਕਾ ਅੰਦਰ ਟਿਕਿਆ ਹੈ। ਓਹੀ ਸ਼ੰਕਾ ਜੋ ਪੀਰ ਦਸਤਗੀਰ ਦੇ ਮਨ ਵਿਚ ਸੀ, ਖ਼ੁਦਾ ਹੈ ਤਾਂ ਦਿੱਸਦਾ ਕਿਉਂ ਨਹੀਂ, ਭਾਵ ਹੈ ਕਿ ਨਹੀਂ?

ਇੰਨੀ ਬੰਦਗੀ ਪਰਮਾਤਮਾ ਦੀ ਹੋ ਰਹੀ ਹੈ।

*ਅਸੰਖ ਜਪ ਅਸੰਖ ਭਾਉ॥*
*ਅਸੰਖ ਪੂਜਾ ਅਸੰਖ ਤਪ ਤਾਉ॥*

—ਜਪੁ, ਪੰਨਾ ੩

ਇਨ੍ਹਾਂ ਕੁਝ ਕਰਦਿਆਂ ਫਿਰ ਵੀ ਸ਼ੰਕਾ ਕਿਉਂ ਹੈ। ਫਿਰ ਇਹ ਸ਼ੰਕਾ ਉਨ੍ਹਾਂ ਦੇ ਮਨ ਵਿਚ ਹੀ ਨਹੀਂ ਜਿਨ੍ਹਾਂ ਕੀਤਾ ਕੁਝ ਨਹੀਂ ਸਗੋਂ ਇਹ ਸ਼ੰਕਾ ਉਨ੍ਹਾਂ ਬੰਦਿਆਂ ਦੇ ਮਨ ਵਿਚ ਵੀ ਹੈ ਜਿਨ੍ਹਾਂ ਦੀ ਧਾਰਮਿਕ ਕੰਮ ਕਰਦਿਆਂ ਉਮਰ ਹੀ ਗੁਜ਼ਰ ਗਈ

Sri Satguru Jagjit Singh Ji eLibrary NamdhariElibrary@gmail.com

ਹੈ। ਫਿਰ ਇਸ ਦਾ ਉੱਤਰ ਤਾਂ ਵਿਚਾਰਕਾਂ ਪਾਸੋਂ ਹੀ ਪੁੱਛਣਾ ਹੈ ਕਿ ਦੱਸੋ ਰੱਬ ਹੈ ਕਿ ਨਹੀਂ?

ਵਿਚਾਰਕ ਵੀ ਦੋ ਤਰ੍ਹਾਂ ਦੇ ਹਨ–ਇਕ ਉਹ ਹਨ ਜਿਹੜੇ ਕਹਿੰਦੇ ਹਨ ਕਿ ਸਾਡੇ ਪਾਸ ਬਹੁਤ ਦਲੀਲਾਂ ਹਨ ਕਿ ਪ੍ਰਮਾਤਮਾ ਹੈ। ਦੂਸਰੇ ਉਹ ਜਿਹੜੇ ਕਹਿੰਦੇ ਹਨ ਕਿ ਸਾਡੇ ਪਾਸ ਬਹੁਤ ਦਲੀਲਾਂ ਹਨ ਕਿ ਪਰਮਾਤਮਾ ਨਹੀਂ ਹੈ। ਪਰ ਇਨ੍ਹਾਂ ਦੋਵਾਂ ਦੇ ਪਾਸ ਦਲੀਲਾਂ ਹਨ, ਵਿਚਾਰ ਹਨ, ਪਰਮਾਤਮਾ ਨਹੀਂ। ਇਹ ਦੋਵੇਂ ਆਸਤਕ ਤੇ ਨਾਸਤਕ ਐਸੇ ਹਨ ਜਿਵੇਂ ਕਿਸੇ ਬੰਦੇ ਪਾਸ ਧਨ ਦੀ ਗਿਣਤੀ ਤੇ ਹੋਵੇ ਪਰ ਧਨ ਨਾ ਹੋਵੇ। ਧਨ ਬਾਰੇ ਵਿਚਾਰ ਤੇ ਹੋਣ ਪਰ ਧਨ ਨਾ ਹੋਵੇ। ਇਕ ਕੰਗਾਲ ਬੰਦਾ ਧਨ ਦੀਆਂ ਗੱਲਾਂ ਕਰਦਾ ਤੁਹਾਨੂੰ ਕਿਹੋ ਜਿਹਾ ਲੱਗੇਗਾ ?

ਇਕ ਬੰਦੇ ਪਾਸ ਸੰਤੋਖ ਨਾ ਹੋਵੇ ਸਿਰਫ਼ ਸੰਤੋਖ ਦੀ ਵੀਚਾਰ ਹੀ ਹੋਵੇ, ਇਕ ਬੰਦੇ ਪਾਸੇ ਪ੍ਰੇਮ ਨਾ ਹੋਵੇ ਸਿਰਫ਼ ਪ੍ਰੇਮ ਦੀ ਵਿਚਾਰ ਹੀ ਹੋਵੇ, ਇਕ ਬੰਦੇ ਪਾਸ ਧਰਮ ਨਹੀਂ, ਧਰਮ ਦੀ ਵਿਚਾਰ ਹੀ ਹੈ, ਐਸਾ ਹੀ ਹੈ ਇਹ ਬੰਦਾ ਜਿਸ ਪਾਸ ਪ੍ਰਮਾਤਮਾ ਨਹੀਂ ਸਿਰਫ਼ ਪਰਮਾਤਮਾ ਦੀ ਵਿਚਾਰ ਹੈ, ਦਲੀਲਾਂ ਹਨ।

ਸੰਸਾਰ ਵਿਚ ਇਕ ਅਜੀਬ ਤਮਾਸ਼ਾ ਹੁੰਦਾ ਰਿਹਾ ਹੈ ਕਿ ਕੁਝ ਬੰਦੇ ਇਕ ਬੰਦੇ ਦੀਆਂ ਦਲੀਲਾਂ ਸੁਣ ਕੇ ਆਸਤਕ ਹੋ ਗਏ, ਉਨ੍ਹਾਂ ਕਹਿ ਦਿੱਤਾ ਕਿ ਪਰਮਾਤਮਾ ਹੈ। ਦੂਸਰਾ ਪ੍ਰਬਲ ਆ ਗਿਆ। ਉਸ ਨੇ ਕਹਿ ਦਿੱਤਾ ਪਰਮਾਤਮਾ ਨਹੀਂ, ਨਾਸਤਕ ਹੋ ਗਏ। ਦਲੀਲਾਂ ਨੇ ਮਨੁੱਖ ਨੂੰ ਚੱਕਰ ਵਿਚ ਪਾ ਦਿੱਤਾ ਹੈ। ਕਦੀ ਸਮਾਂ ਆਇਆ ਕਿ ਭਾਰਤ ਦੇ ਲੋਕ ਮਨੁੱਖਾਂ ਨੂੰ, ਪਸ਼ੂਆਂ ਨੂੰ, ਬਨਾਸਪਤੀ ਨੂੰ, ਜੜ੍ਹ ਪਦਾਰਥਾਂ ਨੂੰ ਵੀ ਰੱਬ ਆਖ ਕੇ ਪੂਜਣ ਲੱਗ ਪਏ। ਵਿਦਵਾਨਾਂ ਇਹ ਤਰਕ ਦੇ ਦਿੱਤਾ ਕਿ ਉਸ ਪਰਮਾਤਮਾ ਬਿਨਾਂ ਹੈ ਹੀ ਕੁਝ ਨਹੀਂ। ਤੂੰ ਉਸ ਦੀ ਬਣਾਈ ਹਰ ਚੀਜ਼ ਦੀ ਪੂਜਾ ਕਰ। ਜੇਕਰ ਉਹਨਾਂ ਵੇਖਿਆ ਹੁੰਦਾ ਤਾਂ ਇਹ ਨਾ ਕਹਿੰਦੇ ਪੂਜਾ ਕਰ, ਇਹ ਕਹਿੰਦੇ ਕਿ ਉਸ ਦੀ ਕੁਦਰਤ ਵਿਚੋਂ ਉਸ ਨੂੰ ਵੇਖ।

ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ–

*ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤ ਨਾ ਜਾਈ ਲਖਿਆ॥*

--ਵਾਰ ਆਸਾ, ਪੰਨਾ ੪੬੯

ਪਰ ਉਨ੍ਹਾਂ ਮਨੁੱਖ ਨੂੰ ਪ੍ਰਕ੍ਰਿਤੀ ਦੀ ਪੂਜਾ ਵੱਲ ਲਗਾ ਦਿੱਤਾ।

ਬੁੱਧ ਆਏ, ਉਨ੍ਹਾਂ ਕਿਹਾ ਤੂੰ ਆਪਣਾ ਆਪਾ ਸੰਵਾਰਨਾ ਹੈ, ਤੈਨੂੰ ਗਿਆਨ ਚਾਹੀਦਾ ਹੈ, ਤੈਨੂੰ ਹੀ ਗਿਆਨ ਹੋਣਾ ਹੈ, ਤੂੰ ਹੀ ਮੁਕਤ ਹੋਣਾ ਹੈ, ਕੌਣ ਹੈ ਪਰਮਾਤਮਾ। ਤੂੰ ਦੂਸਰੇ ਦੇ ਚੱਕਰ ਵਿਚ ਕਿਉਂ ਪੈਂਦਾ ਹੈ। ਤੂੰ ਆਪਣੇ ਆਪ ਦੀ ਗੱਲ ਕਰ। ਦੂਸਰੇ ਵੱਲ ਜਿੰਨਾ ਧਿਆਨ ਦੇਵੇਂਗਾ, ਤੂੰ ਆਪਣਾ ਸਮਾਂ ਨਸ਼ਟ ਕਰੇਂਗਾ। ਕਿਥੇ ਹੈ ਪਰਮਾਤਮਾ? ਤੂੰ ਹੀ ਤਾਂ ਹੈਂ ਆਪਣੇ ਵੱਲ ਧਿਆਨ ਦੇ। ਤਰਕ

Sri Satguru Jagjit Singh Ji eLibrary NamdhariElibrary@gmail.com

ਏਨਾ ਪ੍ਰਬਲ ਸੀ ਹਿੰਦੁਸਤਾਨ ਬੋਧੀ ਹੋ ਗਿਆ।

ਸਮਾਂ ਆਇਆ, ਸ਼ੰਕਰਾਚਾਰਯ ਆ ਗਏ, ਉਨ੍ਹਾਂ ਕਿਹਾ ਕਿ ਵੇਦਾਂਤ ਦੇ ਆਸਰੇ ਸਾਰੇ ਜੀਵ ਮੁਕਤ ਹੋ ਗਏ ਸਨ। ਨਰਕ ਵਿਹਲੇ ਹੋ ਗਏ, ਧਰਮ ਰਾਜੇ ਨੇ ਪਰਮਾਤਮਾ ਪਾਸ ਪੁਕਾਰ ਕੀਤੀ ਕਿ ਮੇਰੀ ਰੌਣਕ ਮੁਕ ਗਈ ਹੈ, ਹੁਣ ਜਾਂ ਨਰਕ ਬੰਦ ਕਰ ਦਿਓ ਜਾਂ ਇਨ੍ਹਾਂ ਵਿਚ ਵੀ ਕੁਝ ਜੀਵ ਆਉਣ ਦਿਓ। ਵੈਸੇ ਧਰਮ ਰਾਜੇ ਨੂੰ ਹੀ ਨਹੀਂ ਸਾਨੂੰ ਵੀ ਉਸ ਰੌਣਕ ਦਾ ਬੜਾ ਫ਼ਿਕਰ ਹੈ।

ਮੈਂ ਇਕ ਸੱਜਣ ਦੀ ਗੱਲ ਸੁਣ ਰਿਹਾ ਸਾਂ। ਉਹ ਦੂਸਰੇ ਨੂੰ ਕਹਿ ਰਿਹਾ ਸੀ, ਮੈਂ ਕਦੀ ਕਿਸੇ ਵੱਲ ਬੁਰੀ ਨਜ਼ਰ ਨਾਲ ਨਹੀਂ ਵੇਖਿਆ, ਕਦੀ ਜੂਆ ਨਹੀਂ ਖੇਡਿਆ, ਕਦੀ ਸ਼ਰਾਬ ਨਹੀਂ ਪੀਤੀ, ਕਦੀ ਚੋਰੀ ਨਹੀਂ ਕੀਤੀ, ਕਦੀ ਝੂਠ ਨਹੀਂ ਬੋਲਿਆ, ਕਦੀ ਕਿਸੇ ਦਾ ਹੱਕ ਨਹੀਂ ਮਾਰਿਆ। ਦੂਸਰਾ ਸੱਜਣ ਜੋ ਸੁਣ ਰਿਹਾ ਸੀ ਉਹ ਕਹਿਣ ਲੱਗਾ, ਫਿਰ ਤਾਂ ਅੰਤਮ ਸਮੇਂ ਤੇਰੀ ਬੇ-ਇਜ਼ਤੀ ਹੋਵੇਗੀ। ਉਸ ਨੇ ਪੁੱਛਿਆ, ਕਿਉਂ? ਉਸ ਨੇ ਇਕ ਦਲੀਲ ਦਿੱਤੀ ਕਿ ਇਕ ਬੰਦੇ ਦੇ ਹੱਥ ਵਿਚ ਕਿਤਾਬ ਹੋਵੇ ਲੇਖੇ ਦੀ ਅਤੇ ਮੁਨੀਮ ਆਏ ਹੋਣ ਲੇਖੇ ਵਾਲੇ। ਸ਼ਾਹ ਪਾਸ ਲੇਖਾ ਕਰਨਾ ਹੋਵੇ ਤੇ ਜਦੋਂ ਉਹ ਕਿਤਾਬ ਖੋਲ੍ਹੇ ਉਹ ਨਿਕਲੇ ਕੋਰੀ, ਕੀ ਪੱਲੇ ਰਹੇਗਾ ਉਸ ਬੰਦੇ ਦੇ। ਉਸ ਨੂੰ ਪੁੱਛਿਆ ਨਾ ਜਾਵੇਗਾ ਕਿ ਤੂੰ ਸੌਦਾ ਵੇਚਿਆ ਹੀ ਕੋਈ ਨਹੀਂ। ਧਰਮ ਰਾਜਾ ਰੱਬ ਨੇ ਕਿਉਂ ਬਿਠਾਇਆ ਹੈ, ਸਾਡੇ ਲੇਖੇ ਵਾਸਤੇ। ਕੁਝ ਨਾ ਕੁਝ ਲੇਖਾ ਤਾਂ ਚਾਹੀਦਾ ਹੈ ਤਾਂ ਕਿ ਉਸ ਵਿਚਾਰੇ ਦਾ ਵੀ ਮਨ ਲੱਗਾ ਰਹੇ।

ਇਹ ਫ਼ਿਕਰ ਤਾਂ ਸਾਨੂੰ ਵੀ ਹੈ। ਸ਼ੰਕਰਾਚਾਰਯ ਨੇ ਕਿਹਾ, ਪਰਮਾਤਮਾ ਨੇ ਧਰਮ ਰਾਜ ਤੇ ਤਰਸ ਖਾ ਕੇ ਬੁੱਧ ਅਤੇ ਮਹਾਂਵੀਰ ਵਰਗਿਆਂ ਨੂੰ ਭੇਜਿਆ ਹੈ, ਇਹ ਤਾਂ ਨਰਕ ਦੀ ਰੌਣਕ ਬਣਾਉਣ ਵਾਸਤੇ ਆਏ ਹਨ। ਇਨ੍ਹਾਂ ਦੀ ਜਿੰਨੇ ਮੰਨਣਗੇ ਸਭ ਨਰਕ ਨੂੰ ਜਾਣਗੇ। ਕੁਝ ਜਾ ਪਹੁੰਚੇ ਹਨ, ਦੱਸੋ ਉਨ੍ਹਾਂ ਨੂੰ ਮੰਨਣ ਵਾਲਿਓ! ਨਰਕ ਨੂੰ ਜਾਣਾ ਚਾਹੁੰਦੇ ਹੋ। ਤੁਸੀਂ ਕੌਣ ਹੋ? ਤੁਸੀਂ ਤਾਂ ਮਿਥਿਆ ਹੋ, ਸੁਪਨਾ ਹੈ ਸੰਸਾਰ। ਸੁਪਨੇ ਦਾ ਗਿਆਨ ਸੁਪਨੇ ਨੂੰ। ਕਮਲੇ ਹੋ ਗਏ ਹੋ। ਬ੍ਰਹਮ ਸਤ ਹੈ, ਬ੍ਰਹਮ ਤੋਂ ਬਿਨਾਂ ਤਾਂ ਕੁਝ ਹੈ ਨਹੀਂ। ਤੂੰ ਹੈ ਹੀ ਨਹੀਂ, ਬ੍ਰਹਮ ਹੈ। ਬੁੱਧ ਨੇ ਤੇ ਮਹਾਂਵੀਰ ਨੇ ਕਿਹਾ ਸੀ, ਤੂੰ ਹੀ ਹੈਂ, ਸਿਰਫ਼ ਤੂੰ ਹੀ। ਬ੍ਰਹਮ ਹੈ ਹੀ ਨਹੀਂ।

ਸ਼ੰਕਰ ਨੇ ਉਸ ਤੋਂ ਉਲਟ ਤਰਕ ਦਿੱਤਾ ਕਿ ਤੂੰ ਹੈ ਹੀ ਨਹੀਂ, ਬ੍ਰਹਮ ਹੀ ਹੈ। ਲੋਕਾਂ ਨੇ ਬੁੱਧ ਧਰਮ ਨੂੰ ਭਾਰਤ ਵਿਚੋਂ ਖਤਮ ਹੀ ਕਰ ਦਿੱਤਾ। ਲੇਕਿਨ ਪੱਲੇ ਨਾ ਪਹਿਲਿਆਂ ਦੇ ਪਿਆ ਨਾ ਬਾਅਦ ਵਾਲਿਆਂ ਦੇ। ਬੁੱਧ ਜਾਂ ਸ਼ੰਕਰ ਦਾ ਤਾਂ ਇਹ ਅਨੁਭਵ ਹੋਵੇਗਾ ਪਰ ਸੁਣਨ ਵਾਲਿਆਂ ਵੇਖਿਆ ਕੁਝ ਨਾ। ਉਨ੍ਹਾਂ ਦੇ ਪੱਲੇ ਸਿਰਫ਼ ਦਲੀਲਾਂ ਹੀ ਪਈਆਂ। ਐਸੇ ਸੁਣਨ ਵਾਲੇ ਜਾਂ ਅਖਾਉਤੀ ਆਸਤਕ ਹੋ ਜਾਂਦੇ ਹਨ ਜਾਂ ਨਾਸਤਕ ਹੋ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari


ਬਿਨਾਂ ਅਨੁਭਵ ਦੇ ਜੋ ਕਹਿ ਰਿਹਾ ਹੈ, 'ਪਰਮਾਤਮਾ ਹੈ।' ਇਕ ਤਲ ਤੇ ਤਾਂ ਉਹ ਸੱਚ ਕਹਿ ਰਿਹਾ ਹੈ ਕਿਉਂਕਿ ਉਹ ਹੈ ਉਸ ਬਿਨਾਂ ਕੁਝ ਹੋ ਹੀ ਨਹੀਂ ਸਕਦਾ ਪਰ ਇਕ ਤਲ ਤੇ ਉਹ ਝੂਠ ਵੀ ਕਹਿ ਰਿਹਾ ਹੈ, ਉਹ ਝੂਠਾ ਹੋ ਸਕਦਾ ਹੈ। ਉਸ ਨੇ ਜਾਣਿਆ ਨਹੀਂ। ਜਦੋਂ ਕਿਸੇ ਨੇ ਉਸ ਨੂੰ ਕਸਵੱਟੀ ਤੇ ਲਗਾਇਆ ਤਾਂ ਐਸਾ ਬੰਦਾ ਖਿੜਕ ਜਾਏਗਾ। ਜਿਵੇਂ ਕਿਸੇ ਬੰਦੇ ਨੇ ਕੋਈ ਦੇਸ਼ ਵੇਖਿਆ ਨਾ ਹੋਵੇ ਸਿਰਫ਼ ਉਸ ਬਾਰੇ ਸੁਣਿਆ ਹੀ ਹੋਵੇ। ਜਿਸ ਨੇ ਵੇਖਿਆ ਹੋਵੇ ਉਸ ਦੇ ਸਾਹਮਣੇ ਉਹ ਜ਼ਰੂਰ ਖਿੜਕੇਗਾ।

ਮੈਂ ਸੁਣਿਆ ਹੈ ਇਕ ਸੱਜਣ ਜਿਹੜੇ ਕਿਸੇ ਵੀ ਬਾਹਰਲੇ ਦੇਸ਼ ਨਹੀਂ ਸਨ ਗਏ, ਉਨ੍ਹਾਂ ਨੂੰ ਇਹ ਸ਼ੌਕ ਸੀ ਕਿ ਮੈਂ ਸਾਬਤ ਕਰਾਂ ਕਿ ਮੈਂ ਸਭ ਦੇਸ਼ਾਂ ਵਿਚੋਂ ਹੋ ਕੇ ਆਇਆ ਹਾਂ। ਜਦੋਂ ਕੋਈ ਕਹਿੰਦਾ ਇੰਗਲੈਂਡ, ਉਹ ਕਹਿੰਦਾ ਮੈਂ ਪੰਜ ਸਾਲ ਉਥੇ ਰਿਹਾ ਹਾਂ। ਕੋਈ ਕਹਿੰਦਾ ਕੈਨੇਡਾ, ਉਹ ਕਹਿੰਦਾ ਮੈਂ ਦਸ ਸਾਲ ਰਿਹਾ ਹਾਂ। ਅਮਰੀਕਾ, ਉਹ ਕਹਿੰਦਾ ਮੈਂ ਪੰਜ ਸਾਲ ਰਿਹਾ ਹਾਂ। ਜਾਪਾਨ, ਮੈਂ ਪੰਜ ਸਾਲ ਰਿਹਾ ਹਾਂ। ਹਾਂਗਕਾਂਗ, ਮੈਂ ਤਿੰਨ ਸਾਲ ਰਿਹਾ ਹਾਂ। ਗੱਲ ਕੀ ਕਿਸੇ ਦੇਸ਼ ਦਾ ਨਾਮ ਲਵੋ ਉਹਦੇ ਘੱਟੋ-ਘੱਟ ਤਿੰਨ ਸਾਲ ਤਾਂ ਪੱਕੇ ਸਨ। ਸੁਣਨ ਵਾਲੇ ਸੱਜਣ ਨੇ ਕਿਹਾ, ਤੁਹਾਨੂੰ ਫਿਰ ਜ਼ੁਗਰਾਫੀਏ ਦੀ ਕਾਫ਼ੀ ਵਾਕਫ਼ੀ ਹੋਵੇਗੀ। ਉਹ ਕਹਿਣ ਲੱਗਾ, ਹਾਂ ਕਿਉਂ ਨਹੀਂ, ਮੈਂ ਜ਼ੁਗਰਾਫੀਏ ਵਿਚ ਤਾਂ ਪੰਜ ਸਾਲ ਰਿਹਾ ਹਾਂ। ਬੜਾ ਅੱਛਾ ਦੇਸ਼ ਹੈ।

ਇਨ ਬਿਨ ਇਹੀ ਹਾਲਤ ਹੁੰਦੀ ਹੈ ਰੱਬ ਦੇ ਦੇਸ਼ ਦੀਆਂ ਗੱਲਾਂ ਕਰਨ ਵਾਲਿਆਂ ਦੀ। ਵੇਖਿਆ ਕੁਝ ਵੀ ਨਹੀਂ ਲੇਕਿਨ ਦੱਸ ਬਹੁਤ ਕੁਝ ਰਹੇ ਹਨ। ਸਿਰਫ਼ ਉਪਦੇਸ਼ ਦੀਆਂ ਗੱਲਾਂ ਸੁਣੀਆਂ ਹਨ, ਵੇਖਿਆ ਕੁਝ ਵੀ ਨਹੀਂ। ਬੇਸ਼ੱਕ ਕਿਸੇ ਦੇਸ਼ ਦਾ ਨਕਸ਼ਾ ਵੀ ਹੱਥ ਵਿਚ ਹੋਵੇ ਫਿਰ ਵੀ ਨਕਸ਼ੇ ਵਿਚ ਅਤੇ ਦੇਸ਼ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਹੈ। ਨਕਸ਼ਾ ਵੀ ਤਾਂ ਹੀ ਕੰਮ ਆਏਗਾ, ਜਦੋਂ ਉਸ ਦੇਸ਼ ਵਿਚ ਪੁੱਜੇਗਾ। ਅਨੇਕਾਂ ਐਸੇ ਆਸਤਕ ਹਨ ਜਿਨ੍ਹਾਂ ਦਾ ਅਨੁਭਵ ਕੋਈ ਨਹੀਂ। ਨਾਸਤਕ ਕੁਝ ਤਰਕ ਦਿੰਦਾ ਹੈ ਤਾਂ ਚੁਪ ਕਰਾ ਦਿੰਦਾ ਹੈ।

ਪਰ ਇਹ ਨਾਸਤਕ ਦੀ ਵੀ ਬਦਕਿਸਮਤੀ ਹੈ ਕਿ ਉਸ ਦੀ ਆਪਣੀ ਖੋਜ ਕੋਈ ਨਹੀਂ। ਉਹ ਸਿਰਫ਼ ਇਕ ਗੱਲ ਨੂੰ ਆਧਾਰ ਬਣਾ ਕੇ ਖੜ੍ਹਾ ਹੋ ਗਿਆ ਕਿ ਆਸਤਕ ਪਾਸ ਕੋਈ ਪ੍ਰਮਾਣ ਨਹੀਂ, ਕੋਈ ਸਬੂਤ ਨਹੀਂ ਰੱਬ ਦਾ। ਨਾਸਤਕ ਦੇ ਨਾਂਹ ਕਹਿਣ ਦਾ ਆਧਾਰ ਆਪਣੀ ਖੋਜ ਨਹੀਂ ਸਗੋਂ ਆਸਤਕ ਦੀ ਚੁਪ ਹੈ। ਕਦੀ ਆਪ ਪੂਰਾ ਖੋਜਦਾ ਫਿਰ ਕਹਿੰਦਾ ਪਰਮਾਤਮਾ ਨਹੀਂ। ਪਰ ਮਨੁੱਖਤਾ ਦੇ ਮੰਦੇ ਭਾਗ ਕਿ ਦੋ ਭੁਲਿਆਂ ਹੋਇਆਂ ਨੇ ਇਕ ਦੂਸਰਿਆਂ ਦੀਆਂ ਭੁਲਾਂ ਦੀ ਟੇਕ ਲੈ ਲਈ। ਇੰਝ ਕਹਾਂ ਤਾਂ ਠੀਕ ਹੋਵੇਗਾ, ਅਖਾਉਤੀ ਆਸਤਕ ਤੇ ਨਾਸਤਕ ਰੱਬ ਦੇ ਆਸਰੇ

Sri Satguru Jagjit Singh Ji eLibrary NamdhariElibrary@gmail.com

ਨਹੀਂ ਸਗੋਂ ਇਕ ਦੂਸਰੇ ਦੇ ਆਸਰੇ ਵਾਦ-ਵਿਵਾਦ ਕਰ ਰਹੇ ਹਨ। ਕਿੰਨੇ ਅਫਸੋਸ ਦੀ ਗੱਲ ਹੈ ਕਿ ਬਿਨਾਂ ਸਾਗਰ ਖੋਜਿਆਂ ਹੀ ਕੋਈ ਕਹਿ ਦੇਵੇ, ਕਿ ਮੋਤੀ ਨਹੀਂ ਜਾਂ ਹੈ। ਬਿਨਾਂ ਪਹਾੜ ਖੋਦਿਆਂ ਹੀ ਕੋਈ ਕਹਿ ਦੇਵੇ ਕਿ ਹੀਰਾ ਨਹੀਂ ਜਾਂ ਹੈ।

ਦਾਰਸ਼ਨਿਕ ਤਾਂ ਦੋ ਪ੍ਰਕਾਰ ਦੇ ਸਨ : ਇਕ ਆਸਤਕ ਤੇ ਦੂਸਰੇ ਨਾਸਤਕ। ਆਸਤਕ ਨੇ ਦਲੀਲਾਂ ਦਿੱਤੀਆਂ ਕਿ ਪਰਮਾਤਮਾ ਹੈ। ਨਾਸਤਕ ਨੇ ਦਲੀਲਾਂ ਦਿੱਤੀਆਂ ਕਿ ਪਰਮਾਤਮਾ ਨਹੀਂ। ਪਰ ਖੋਜਿਆ ਦੋਵਾਂ ਨੇ ਹੀ ਨਹੀਂ। ਦੋਵੇਂ ਦਲੀਲਾਂ ਦੇ ਆਸਰੇ ਹਨ। ਜਿਨ੍ਹਾਂ ਖੋਜਿਆ ਨਹੀਂ, ਜਿਨ੍ਹਾਂ ਨੂੰ ਅਜੇ ਮਿਲਿਆ ਕੁਝ ਨਹੀਂ ਸੀ ਉਹ ਤਾਂ ਫਿਰ ਵੀ ਕੁਝ ਵਾਦ-ਵਿਵਾਦ ਕਰਦੇ ਹਨ, ਦਲੀਲਾਂ ਦਿੰਦੇ ਹਨ, ਉਹ ਬੜੇ ਦਾਅਵੇ ਕਰਦੇ ਹਨ। ਸੁਣੀ ਸੁਣਾਈ ਕੋਈ ਗੱਲ ਨਹੀਂ ਛੱਡੀ, ਸਭ ਹੀ ਕਹਿ ਦਿੱਤੀਆਂ ਹਨ। ਪਰ ਜਿਨ੍ਹਾਂ ਨੂੰ ਮਿਲ ਗਿਆ ਉਹ ਤਾਂ ਬਿਲਕੁਲ ਹੀ ਖਾਮੋਸ਼ ਹਨ। ਉਨ੍ਹਾਂ ਨੂੰ ਜਦੋਂ ਬੜਾ ਹੀ ਮਜਬੂਰ ਕੀਤਾ ਗਿਆ ਕਿ ਕੁਝ ਤਾਂ ਬੋਲੋ, ਕੁਝ ਤਾਂ ਕਹੋ। ਉਸ ਦੇਸ਼ ਦੀ ਖ਼ਬਰ ਕੁਝ ਤਾਂ ਦਿਉ। ਉਨ੍ਹਾਂ ਨੇ ਇੰਨੀ ਗੱਲ ਹੀ ਕਹੀ ਕਿ ਮੈਂ ਤੁਹਾਨੂੰ ਉਸ ਦਾ ਅਨੁਮਾਨ ਕੀ ਦੱਸਾਂ। ਤੁਹਾਨੂੰ ਇੰਨਾ ਹੀ ਕਹਿੰਦਾ ਹਾਂ ਕਿ ਜਿੱਥੇ ਮੈਂ ਖੜ੍ਹਾ ਹਾਂ ਤੁਸੀਂ ਵੀ ਆ ਜਾਵੋ, ਜੋ ਮੈਂ ਵੇਖਿਆ ਹੈ ਉਹ ਤੁਸੀਂ ਵੀ ਵੇਖ ਲਉ, ਆਖਿਆਂ ਗੱਲ ਨਹੀਂ ਬਣਨੀ, ਵੇਖਿਆਂ ਹੀ ਗੱਲ ਬਣਨੀ ਹੈ।

ਤੁਹਾਡਾ ਆਪਣਾ ਅਨੁਭਵ ਹੋਵੇਗਾ, ਤਾਂ ਹੀ ਕੁਝ ਤੁਹਾਡੇ ਪੱਲੇ ਪਵੇਗਾ।

*ਕਬੀਰ ਚਰਨ ਕਮਲ ਕੀ ਮਉਜ ਕੋ ਕਹੁ ਕੈਸੇ ਉਨਮਾਨ॥*
*ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ॥*

ਸਤਿਗੁਰੂ ਫ਼ਰਮਾਉਂਦੇ ਹਨ ਮੈਂ ਜਾਣ ਵੀ ਲਵਾਂ ਤਾਂ ਵੀ ਉਸ ਬਾਰੇ ਕੁਝ ਕਹਿ ਨਹੀਂ ਸਕਦਾ।

*ਜੇ ਹਉ ਜਾਣਾ ਆਖਾ ਨਾਹੀ॥*
*ਕਹਣਾ ਕਥਨੁ ਨ ਜਾਈ॥*

—ਜਪੁ, ਪੰਨਾ ੧

ਨਾਸ਼ਤਕਾਂ ਨੂੰ ਇਹ ਗੱਲਾਂ ਸੁਣ ਕੇ ਹੋਰ ਬਲ ਮਿਲਿਆ। ਉਨ੍ਹਾਂ ਕਿਹਾ, ਦਾਰਸ਼ਨਿਕ ਤਾਂ ਹਾਰ ਗਏ, ਉਨ੍ਹਾਂ ਕੋਲ ਰੱਬ ਨਹੀਂ ਸੀ, ਸਿਰਫ਼ ਰੱਬ ਦੀਆਂ ਗੱਲਾਂ ਹੀ ਸਨ।

*ਸਦੀਓਂ ਫ਼ਿਲਾਸਫ਼ੀ ਕੀ ਤਨਾ ਤਨੀ ਰਹੀ।*
*ਲੇਕਿਨ ਖ਼ੁਦਾ ਕੀ ਬਾਤ ਜਹਾਂ ਥੀ ਵਹਾਂ ਰਹੀ॥*

ਇਕ ਹੋਰ ਵਿਦਵਾਨ ਕਹਿੰਦੇ ਹਨ—

*ਜੋ ਹਲ ਹੂਆ ਨਾ ਹੋਗਾ।*
*ਵੋਹ ਹੈ ਸਵਾਲ ਤੇਰਾ॥*

Sri Satguru Jagjit Singh Ji eLibrary NamdhariElibrary@gmail.com

ਦਾਰਸ਼ਨਿਕ ਤਾਂ ਗੱਲਾਂ ਕਰਦੇ ਸਨ। ਨਵੀਂ ਤੋਂ ਨਵੀਂ ਦਲੀਲ ਦਿੰਦੇ ਸਨ ਪਰ ਭਗਤਾਂ ਕੋਲ ਤਾਂ ਰੱਬ ਦੀ ਗੱਲ ਵੀ ਕੋਈ ਨਹੀਂ। ਅਸੀਂ ਪੁੱਛਦੇ ਹਾਂ, ਰੱਬ ਬਾਰੇ ਦੱਸੋ, ਇਹ ਅੱਖਾਂ ਬੰਦ ਕਰ ਲੈਂਦੇ ਹਨ। ਅਸੀਂ ਪੁੱਛਦੇ ਹਾਂ ਪ੍ਰਮਾਣ, ਇਹ ਗਾਉਣ ਲੱਗ ਪੈਂਦੇ ਹਨ, ਕਦੀ ਰੋਣ ਲੱਗ ਪੈਂਦੇ ਹਨ। ਸਾਨੂੰ ਤਾਂ ਇੰਝ ਜਾਪਦਾ ਹੈ ਕਿ ਦਾਰਸ਼ਨਿਕ ਜੋ ਆਸਤਕ ਹਨ, ਉਹ ਗਾਲੜੀ ਹਨ ਤੇ ਭਗਤ ਦੀਵਾਨੇ ਹਨ। ਇਕ ਕੋਲ ਚਤੁਰਾਈ ਹੈ, ਦੂਸਰੇ ਕੋਲ ਦੀਵਾਨਗੀ ਹੈ। ਰੱਬ ਦੋਵਾਂ ਦੇ ਹੀ ਪਾਸ ਨਹੀਂ।

ਨਾਸਤਕ ਦਾ ਵੱਡਾ ਪ੍ਰਸ਼ਨ ਇਹ ਹੈ ਕਿ ਰੱਬ ਵਿਖਾ ਦਿਉ। ਜੋ ਨਹੀਂ ਦਿੱਸਦਾ, ਮੈਂ ਉਸ ਨੂੰ ਮੰਨਣ ਲਈ ਤਿਆਰ ਨਹੀਂ।

ਇਕ ਵਾਰ ਇਕ ਰੱਬ ਦੇ ਰੰਗ ਵਿਚ ਰੱਤੇ ਮਹਾਂਪੁਰਖ ਨੂੰ ਇਕ ਨਾਸਤਕ ਨੇ ਵਾਰ-ਵਾਰ ਕਿਹਾ, ''ਤੂੰ ਪਾਖੰਡੀ ਹੈਂ। ਅਗਰ ਕੋਈ ਤੇਰਾ ਰੱਬ ਹੈ ਤਾਂ ਮੈਨੂੰ ਵਿਖਾ ਦੇ।'' ਉਸ ਮਹਾਂਪੁਰਖ ਨੇ ਜਿਸ ਨੇ ਅੱਜ ਤਕ ਕਿਸੇ ਨੂੰ ਕੌੜਾ ਨਹੀਂ ਸੀ ਬੋਲਿਆ, ਕਿਸੇ ਨੂੰ ਕਦੀ ਦੁੱਖ ਨਹੀਂ ਸੀ ਦਿੱਤਾ। ਜਤਨ ਕਰਦਾ ਸੀ ਪੈਰ ਥੱਲੇ ਕੋਈ ਕੀੜਾ ਵੀ ਨਾ ਆ ਜਾਵੇ। ਅੱਜ ਪਤਾ ਨਹੀਂ ਉਸ ਦੇ ਮਨ ਵਿਚ ਕੀ ਆਈ ਕਿ ਉਸ ਨੇ ਪੱਥਰ ਚੁੱਕਿਆ ਅਤੇ ਇਸ ਨਾਸਤਕ ਦੇ ਪੈਰ ਤੇ ਇੰਨੇ ਜ਼ੋਰ ਨਾਲ ਮਾਰਿਆ ਕਿ ਖੂਨ ਵਹਿ ਤੁਰਿਆ, ਦਰਦ ਹੋਣ ਲੱਗੀ। ਉਸ ਨਾਸਤਕ ਨੇ ਕਿਹਾ, ਤੁਸੀਂ ਇਹ ਕੀ ਕੀਤਾ। ਮੈਨੂੰ ਤੁਹਾਡੇ ਤੋਂ ਇਹ ਆਸ ਨਹੀਂ ਸੀ ਕਿ ਆਪਣੀ ਹਾਰ ਤੇ ਤੁਸੀਂ ਅੱਜ ਇੰਨੇ ਛਿੱਥੇ ਪੈ ਜਾਓਗੇ ਕਿ ਮੇਰੇ ਪੈਰ ਤੇ ਇੰਨੇ ਜ਼ੋਰ ਨਾਲ ਪੱਥਰ ਮਾਰਿਆ ਹੈ, ਮੈਨੂੰ ਬਹੁਤ ਦਰਦ ਹੋ ਰਹੀ ਹੈ।

ਉਸ ਮਹਾਂਪੁਰਖ ਨੇ ਕਿਹਾ, ''ਮੈਂ ਇਹ ਗੱਲ ਨਹੀਂ ਮੰਨਦਾ ਕਿ ਤੈਨੂੰ ਦਰਦ ਹੋ ਰਹੀ ਹੈ, ਤੂੰ ਝੂਠ ਬੋਲ ਰਿਹਾ ਹੈਂ।'' ਉਸ ਨੇ ਕਿਹਾ, ''ਮਹਾਰਾਜ! ਮੈਂ ਝੂਠ ਨਹੀਂ ਬੋਲਦਾ ਮੈਨੂੰ ਦਰਦ ਹੋ ਰਹੀ ਹੈ, ਬਹੁਤ ਦਰਦ ਹੈ। ਮਹਾਂਪੁਰਖਾਂ ਨੇ ਕਿਹਾ, ''ਅੱਛਾ ਮੈਂ ਮੰਨ ਜਾਵਾਂਗਾ ਤੈਨੂੰ ਦਰਦ ਹੋ ਰਹੀ ਹੈ, ਤੂੰ ਮੈਨੂੰ ਆਪਣੀ ਦਰਦ ਵਿਖਾ ਦੇ ਕਿਹੜੇ ਰੰਗ ਦੀ ਹੈ, ਉਸ ਦਾ ਕੀ ਸਰੂਪ ਹੈ, ਕਿੰਨਾ ਕੁ ਵਜ਼ਨ ਹੈ।'' ਉਸ ਨਾਸਤਕ ਨੇ ਕਿਹਾ, ਮਹਾਰਾਜ! ਦਰਦ ਹੈ ਜ਼ਰੂਰ ਪਰ ਵਿਖਾਈ ਨਹੀਂ ਜਾ ਸਕਦੀ। ਇਹ ਤਾਂ ਜਿਸ ਨੂੰ ਹੁੰਦੀ ਹੈ ਉਸੇ ਨੂੰ ਅਨੁਭਵ ਹੁੰਦਾ ਹੈ।

ਮਹਾਂਪੁਰਖਾਂ ਨੇ ਕਿਹਾ, ''ਤੂੰ ਤਾਂ ਕਹਿੰਦਾ ਸੈਂ ਦਿਸਣ ਵਾਲੇ ਨੂੰ ਹੀ ਮੈਂ ਮੰਨਦਾ ਹਾਂ। ਜੋ ਦਿੱਸੇ ਨਾ ਉਹ ਹੈ ਹੀ ਨਹੀਂ। ਦਰਦ ਦਿੱਸਦੀ ਨਹੀਂ ਪਰ ਹੈ, ਪਿਆਸ ਦਿੱਸਦੀ ਨਹੀਂ ਪਰ ਹੈ, ਭੁੱਖ ਦਿੱਸਦੀ ਨਹੀਂ, ਪਰ ਹੈ, ਨੀਂਦ ਦਿੱਸਦੀ ਨਹੀਂ ਪਰ ਹੈ। ਇਸੇ ਤਰ੍ਹਾਂ ਪਰਮਾਤਮਾ ਦਿੱਸਦਾ ਨਹੀਂ, ਪਰ ਹੈ। ਉਸ ਨੂੰ ਹੀ ਪੀੜ ਦਾ ਅਨੁਭਵ ਹੈ, ਜਿਸ ਨੂੰ ਹੋਵੇ। ਪਰਮਾਤਮਾ ਦਾ ਪਤਾ ਉਸੇ ਨੂੰ ਹੀ ਲੱਗਦਾ ਹੈ ਜਿਸ

ਨੂੰ ਇਹ ਅਨੁਭਵ ਹੋਵੇ—

*ਕਉਨ ਜਾਨੈ ਪੀਰ ਪਰਾਈ॥*

ਅਗਰ ਪਰਮਾਤਮਾ ਨੂੰ ਬਾਹਰ ਹੀ ਖੋਜਿਆ ਗਿਆ ਤਾਂ ਨਾਸਤਕ ਵੀ ਰਹਿਣਗੇ, ਆਸਤਕ ਵੀ ਰਹਿਣਗੇ। ਅਧੂਰੀ ਖੋਜ ਵਾਲੇ ਮਨੁੱਖ ਅਧੂਰੇ ਹੀ ਰਹਿਣਗੇ। ਨਿਰੀਆਂ ਦਲੀਲਾਂ ਦੀ ਖੋਜ ਤਾਂ ਅਧੂਰੀ ਖੋਜ ਹੈ। ਭੋਜਨ ਦੀ ਗੱਲ ਹੀ ਨਹੀਂ, ਭੋਜਨ ਛਕਣਾ ਜ਼ਰੂਰੀ ਹੈ। ਭੋਜਨ ਦੀ ਗੱਲ ਨਾ ਵੀ ਕਰੋਗੇ ਤਾਂ ਕੰਮ ਚੱਲ ਸਕਦਾ ਹੈ ਪਰ ਭੋਜਨ ਛਕਿਆਂ ਬਿਨਾਂ ਕੰਮ ਨਹੀਂ ਚਲਣਾ। ਪ੍ਰਮਾਤਮਾ ਦੀਆਂ ਗੱਲਾਂ ਨਾਲੋਂ ਦਲੀਲਾਂ ਨਾਲੋਂ ਵੀ ਉਸ ਦਾ ਅਨੁਭਵ ਹੋਣਾ, ਉਸ ਨਾਲ ਸਾਂਝ ਪੈਣੀ ਇਹ ਜ਼ਰੂਰੀ ਹੈ।

ਬਾਹਰ ਦੀ ਖੋਜ ਨਾਲ ਪਦਾਰਥ ਮਿਲ ਸਕਦਾ ਹੈ, ਪਰਮਾਤਮਾ ਨਹੀਂ। ਜੇਕਰ ਪ੍ਰਮਾਤਮਾ ਦੀ ਪ੍ਰਾਪਤੀ ਕਰਨੀ ਹੈ ਤਾਂ ਖੋਜ ਦਾ ਵਿਸ਼ਾ ਬਾਹਰ ਪਦਾਰਥ ਨਹੀਂ ਹੋਵੇਗਾ, ਖੋਜ ਦਾ ਵਿਸ਼ਾ ਮਨੁੱਖ ਹੋਵੇਗਾ। ਫਿਰ ਮਹੱਤਵਪੂਰਨ ਸਵਾਲ ਇਹ ਨਹੀਂ ਰਹੇਗਾ ਕਿ ਪਰਮਾਤਮਾ ਕੀ ਹੈ, ਮਹੱਤਵਪੂਰਨ ਸਵਾਲ ਇਹ ਹੋਵੇਗਾ ਕਿ ਮਨੁੱਖ ਕੀ ਹੈ। ਇਹ ਖੋਜਣ ਵਾਸਤੇ ਚੱਲ ਪਵੇ ਕਿ ਮੈਂ ਕੌਣ ਹਾਂ, ਕਿਧਰੋਂ ਆਇਆ ਹਾਂ, ਕਿਧਰ ਜਾਣਾ ਹੈ। ਇਹ ਖੋਜ ਨਾ ਇਸ ਨੂੰ ਆਸਤਕ ਬਣਾਵੇਗੀ ਨਾ ਹੀ ਨਾਸਤਕ ਬਣਾਵੇਗੀ, ਇਹ ਖੋਜ ਤਾਂ ਇਸ ਨੂੰ ਪਰਮਾਤਮਾ ਦਾ ਰੂਪ ਹੀ ਬਣਾ ਦੇਵੇਗੀ।

ਇਹ ਖੋਜੇ ਆਪਣੇ ਆਪ ਨੂੰ। ਖੋਜ ਦਾ ਕੇਂਦਰ ਆਪ ਬਣੇ।

*ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕ ਕਢੈ ਖੋਤਿ॥*

—ਗਉੜੀ ਵਾਰ ਮ: ੪, ਪੰਨਾ ੩੦੯

*ਸਭਿ ਕਿਛੁ ਘਰਿ ਮਹਿ ਬਾਹਰਿ ਨਾਹੀ॥*
*ਬਾਹਰਿ ਟੋਲੈ ਸੋ ਭਰਮਿ ਭੁਲਾਹੀ॥*
*ਗੁਰਪ੍ਰਸਾਦੀ ਜਿਨੀ ਅੰਤਰਿ ਪਾਇਆ*
*ਸੋ ਅੰਤਰਿ ਬਾਹਰਿ ਸੁਹੇਲਾ ਜੀਉ॥*

—ਮਾਝ ਮ: ੫, ਪੰਨਾ ੧੦੨

ਜਦੋਂ ਕੋਈ ਮਨੁੱਖ ਅੰਤਰਮੁਖੀ ਹੁੰਦਾ ਹੈ ਤਾਂ ਸ਼ਾਂਤੀ ਆਉਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਮਨੁੱਖ ਬਹੁਤ ਹੀ ਪ੍ਰੇਸ਼ਾਨ ਹੋਵੇ ਤਾਂ ਫਿਰ ਅੰਤਰਮੁਖੀ ਹੁੰਦਾ ਹੈ। ਬਾਹਰ ਦੀਆਂ ਅੱਖਾਂ ਬੰਦ ਹੋ ਜਾਂਦੀਆਂ ਹਨ, ਫਿਰ ਉਹ ਆਪਣਾ ਹੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵੇਖਦਾ ਹੈ ਅਤੇ ਮੁਕਾਉਂਦਾ ਵੀ ਹੈ। ਉਹ ਕਿਸੇ ਦੇ ਕਹਿਣ ਨਾਲ ਰੱਬ ਤੇ ਭਰੋਸਾ ਨਹੀਂ ਕਰਦਾ ਸਗੋਂ ਆਪਣੇ ਅੰਦਰੋਂ ਹੀ ਆਪਣਾ ਰੱਬ ਲੱਭਦਾ ਹੈ। ਹਰ ਗੁਣ ਔਗੁਣ ਵਿਚ ਆਪਣੇ ਆਪ ਨੂੰ ਹੀ ਅੱਗੇ ਰੱਖਦਾ ਹੈ, ਇਹ ਗੁਣ

ਮੇਰੇ ਵਿਚ ਹੈਣ ਕਿ ਨਹੀਂ। ਅਗਰ ਇਹ ਅਵਗੁਣ ਮੇਰੇ ਵਿਚ ਹੈਣ ਤਾਂ ਕਿਉਂ ਹਨ।

ਐਸਾ ਮਨੁੱਖ ਸੁਖੀ ਹੁੰਦਾ ਹੈ। ਉਸ ਦਾ ਆਪਣਾ ਆਪਾ ਸੰਵਰਿਆ ਹੁੰਦਾ ਹੈ, ਉਹ ਰੱਬ ਨਾਲ ਮਿਲਿਆ ਹੁੰਦਾ ਹੈ। ਉਹ ਰੱਬ ਦਾ ਬਣਦਾ ਹੈ ਅਤੇ ਸਾਰਾ ਜਗਤ ਉਸ ਦਾ ਸੱਜਣ ਬਣਦਾ ਹੈ–

*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖ ਹੋਇ॥*
*ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥*

—ਸਲੋਕ ਫਰੀਦ, ਪੰਨਾ ੧੩੮੨

ਐਸੀ ਹਾਲਤ ਵਿਚ ਹੀ ਸਮਾਧਾਨ, ਨਿਰਣਾ ਮਿਲਦਾ ਹੈ, ਸਮਾਧੀ ਮਿਲਦੀ ਹੈ। ਸ਼ੰਕੇ ਮੁਕਦੇ ਹਨ। ਫਿਰ ਕੋਈ ਪੁੱਛੇ, ਦੱਸੋ ਰੱਬ ਹੈ ਕਿ ਨਹੀਂ। ਫਿਰ ਇਕੋ ਹੀ ਉੱਤਰ ਮਿਲਦਾ ਹੈ, ਜੋ ਮੈਂ ਪਾਇਆ ਹੈ ਤੈਨੂੰ ਵੀ ਪ੍ਰਾਪਤ ਹੋ ਜਾਵੇ, ਤਾਂ ਹੈ। ਨਹੀਂ ਤਾਂ ਕੋਈ ਨਹੀਂ। ਅਗਰ ਤੈਨੂੰ ਨਾ ਦਿੱਸਿਆ ਤਾਂ ਮੇਰੇ ਕਹਿਣ ਨਾਲ ਕੀ ਹੋਵੇਗਾ? ਇਹ ਕਹਿਣ ਨਾਲੋਂ ਕਿ ਰੱਬ ਹੈ ਇਹ ਬਿਹਤਰ ਹੈ ਕਿ ਬੰਦਾ ਆਪਣੇ ਆਪ ਵਿਚੋਂ ਰੱਬ ਦੀ ਖੋਜ ਕਰੇ।

ਕਬੀਰ ਸਾਹਿਬ ਕਹਿੰਦੇ ਹਨ ਜੇ ਮੈਂ ਪ੍ਰਭੂ ਦੀ ਪ੍ਰਾਪਤੀ ਕਰ ਲਈ ਹੈ ਤਾਂ ਉਸ ਬਾਰੇ ਕੀ ਕਹਾਂ ਜੇ ਕਹਾਂ ਵੀ ਤਾਂ ਕੋਈ ਪਰਉਪਕਾਰ ਵਾਲੀ ਗੱਲ ਨਹੀਂ। ਭਾਵ ਇਹ ਹੈ ਕਿ ਮੇਰੇ ਆਖਿਆਂ ਕਿਸੇ ਦਾ ਅਨੁਭਵ ਨਹੀਂ ਬਣੇਗਾ ਸੁਣੀ ਸੁਣਾਈ ਗੱਲ ਹੋਵੇਗੀ। ਵੈਸੇ ਜਿਸਦਾ ਤਿੰਨਾਂ ਲੋਕਾਂ ਵਿਚ ਪਸਾਰਾ ਹੈ ਉਹ ਬੋਹੜ ਦੇ ਬੀਜ ਵਿਚ ਵੀ ਰਮਿਆ ਹੋਇਆ ਹੈ।

*ਅਲਹ ਲਹਉ ਤਉ ਕਿਆ ਕਹਉ*
*ਕਹਉ ਤ ਕੋ ਉਪਕਾਰ॥*
*ਬਟਕ ਬੀਜ ਮਹਿ ਰਵਿ ਰਹਿਓ*
*ਜਾ ਕੋ ਤੀਨਿ ਲੋਕ ਬਿਸਥਾਰ॥*

ਗਉੜੀ ਬਾਵਨ ਅੱਖਰੀ ਕਬੀਰ ਜੀ, ਪੰਨਾ ੩੪੦

ਜਿਉਂ-ਜਿਉਂ ਖੋਜ ਸ਼ੁਰੂ ਹੁੰਦੀ ਹੈ ਪਹਿਲਾਂ ਤਾਂ ਹਉਮੈ ਦਾ ਦੇਸ਼ ਸੀ ਪਰ ਮੈਂ ਕਿਥੋਂ ਹਾਂ, ਫਿਰ ਤਾਂ ਬੂੰਦ ਸਾਗਰ ਵਿਚ ਜਾ ਮਿਲੀ।

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮੁ॥*

—ਬਿਲਾਵਲ ਮ: ੫ ਪੰਨਾ ੮੪੬

ਹੁਣ ਜਦੋਂ ਕੋਈ ਪੁੱਛਦਾ ਹੈ, ਰੱਬ ਹੈ ਤਾਂ ਸੰਤ ਹੱਸ ਦਿੰਦਾ ਹੈ ਕਿ ਇਹ ਬੰਦਾ ਸਿਰਫ਼ ਗਵਾਹੀ ਨਾਲ ਹੀ ਭਰੋਸਾ ਕਰਨਾ ਚਾਹੁੰਦਾ ਹੈ, ਖੋਜ ਨਹੀਂ ਕਰਨਾ ਚਾਹੁੰਦਾ।

Sri Satguru Jagjit Singh Ji eLibrary NamdhariElibrary@gmail.com

ਜਦੋਂ ਕੋਈ ਨਾਸਤਕ ਕਹਿੰਦਾ ਹੈ, ਰੱਬ ਨਹੀਂ ਤਾਂ ਸੰਤ ਰੋ ਵੀ ਦਿੰਦਾ ਹੈ ਕਿ ਇਸ ਅੰਨ੍ਹੇ ਨੂੰ ਰੱਬ ਨਜ਼ਰ ਨਹੀਂ ਆਉਂਦਾ।

ਸੂਫੀ ਸੰਤ ਰਾਬਿਆ ਕਹਿੰਦੀ ਸੀ ਮੈਂ ਹੱਸਦੀ ਹਾਂ ਉਸ ਵੱਲ ਵੇਖ ਕੇ ਜੋ ਚਾਰ ਚੁਫੇਰੇ ਹੈ, ਰੋਂਦੀ ਹਾਂ ਤੁਹਾਡੇ ਵੱਲ ਵੇਖ ਕੇ ਜਿਨ੍ਹਾਂ ਨੂੰ ਕਿਤੇ ਵੀ ਨਜ਼ਰ ਨਹੀਂ ਆਉਂਦਾ।

ਇਕ ਮੱਛੀ ਪਾਣੀ ਵਿਚ ਰਹਿ ਕੇ ਹੀ ਪੁੱਛੇ ਕਿ ਸੱਚੀ ਪਾਣੀ ਹੈ?

ਹੇ ਪਰਮਾਤਮਾ ਤੂੰ ਇਨ੍ਹਾਂ ਜੀਵਾਂ ਨੂੰ ਉਹ ਅੱਖ ਦੇ ਜਿਸ ਨਾਲ ਤੇਰੇ ਦਰਸ਼ਨ ਹੁੰਦੇ ਹਨ। ਉਹ ਅੱਖ ਮਿਲੇ ਲਖਤਾ ਹੋਵੇ ਤਾਂ ਹੀ ਤੂੰ ਹੈਂ।

*ਹੈ ਤਉ ਸਹੀ ਲਖੈ ਜਉ ਕੋਈ॥*

ਜਦੋਂ ਉਸ ਦਾ ਅਨੁਭਵ ਹੋ ਜਾਂਦਾ ਹੈ, ਫਿਰ ਤਾਂ ਮਨੁੱਖ ਦੀ ਆਤਮਿਕ ਅਵਸਥਾ ਇਹ ਹੋ ਜਾਂਦੀ ਹੈ ਕਿ ਪਰਮਾਤਮਾ ਬਿਨਾਂ ਹੋਰ ਕੁਝ ਦਿੱਸਦਾ ਹੀ ਨਹੀਂ। ਫਿਰ ਤਾਂ ਧਰਤੀ ਵਿਚ, ਆਕਾਸ਼ ਵਿਚ ਸਾਰੇ ਉਸ ਦੀ ਜੋਤ ਦਿੱਸਦੀ ਹੈ, ਜੋ ਨਾ ਵਧਦੀ ਹੈ ਨਾ ਘਟਦੀ ਹੈ, ਨਾ ਕਦੀ ਵੱਧ-ਘੱਟ ਹੁੰਦੀ ਹੈ।

*ਜ਼ਿਮੀ ਜ਼ਮਾਨ ਕੇ ਬਿਖੈ ਸਮਸਤ ਏਕ ਜੋਤ ਹੈ॥*

ਫਿਰ ਤਾਂ—

*ਜ਼ਾਹਰ ਜ਼ਹੂਰ ਹੈ ਕਿ ਹਾਜ਼ਰ ਹਜ਼ੂਰ ਹੈ॥*

—ਜਾਪੁ ਸਾਹਿਬ

*ਅੰਤਰਿ ਬਸੇ ਬਾਹਰਿ ਭੀ ਓਹੀ॥*
*ਨਾਨਕ ਦਰਸਨੁ ਦੇਖਿ ਸਭ ਮੋਹੀ॥*

—ਗਉੜੀ ਸੁਖਮਨੀ, ਪੰਨਾ ੨੯੪

ਭਰਮ ਤੋਂ ਤੁਰ ਕੇ ਪਰਮਾਤਮਾ ਦੇ ਅਨੁਭਵ ਤੱਕ ਪੁੱਜਣਾ, ਇਹੀ ਹੈ ਧਰਮ ਦੀ ਯਾਤਰਾ।

Sri Satguru Jagjit Singh Ji eLibrary NamdhariElibrary@gmail.com

# 14 ਸ਼ਬਦ ਗੁਰੂ

ਇਕ ਜਗਿਆਸੂ ਇਕ ਵਾਰ ਇਕ ਆਸ਼ਰਮ ਵਿਚ ਗਿਆ, ਜਿੱਥੇ ਬਹੁਤ ਸਾਧੂ ਸਨ। ਇਸ ਨੇ ਜਾ ਕੇ ਮੁੱਖ ਸਾਧੂ ਨੂੰ ਕਿਹਾ ਕਿ ਮਹਾਰਾਜ ਮੈਨੂੰ ਅੰਦਰੋਂ ਇਕ ਵੇਦਨਾ, ਇਕ ਪੀੜਾ ਦੁਖੀ ਕਰ ਰਹੀ ਹੈ ਕਿ ਮੈਂ ਨਿਗੁਰਾ ਹਾਂ, ਮੇਰਾ ਉਧਾਰ ਨਹੀਂ ਹੋਣਾ। ਮੈਂ ਸੁਣਿਆ ਹੈ ਕਿ ਨਿਗੁਰੇ ਦੇ ਦਰਸ਼ਨ ਹੀ ਬੁਰੇ ਹਨ। ਇਸ ਲਈ ਮੈਂ ਤੁਹਾਡੇ ਚਰਨਾਂ ਵਿਚ ਆਇਆ ਹਾਂ, ਕ੍ਰਿਪਾ ਕਰੋ ਮੈਨੂੰ ਆਪਣਾ ਚੇਲਾ ਬਣਾ ਲਓ।

ਗੁਰੂ ਨੇ ਵੇਖਿਆ ਕਿ ਗਾਹਕ ਤਾਂ ਫਸਿਆ ਹੀ ਪਿਆ ਹੈ, ਫਿਰ ਹੁਣ ਕਿਉਂ ਨਾ ਪੂਰਾ ਮੁੱਲ ਪਵਾਇਆ ਜਾਏ। ਉਨ੍ਹਾਂ ਕਿਹਾ, ਤੈਨੂੰ ਪਤਾ ਹੈ ਗੁਰੂ ਕਿਵੇਂ ਮਿਲਦਾ ਹੈ। ਅਨੇਕਾਂ ਜਨਮ ਜੀਵ ਨੂੰ ਭਟਕਣਾ ਪੈਂਦਾ ਹੈ ਫਿਰ ਕਿਤੇ ਭਾਗਾਂ ਨਾਲ ਪੂਰਾ ਗੁਰੂ ਮਿਲਦਾ ਹੈ, ਫਿਰ ਵੀ ਤੇਰੇ ਵਰਗੇ ਅਨੇਕਾਂ ਆਉਂਦੇ ਹਨ ਤੇ ਖਾਲੀ ਚਲੇ ਜਾਂਦੇ ਹਨ। ਗੁਰੂ ਦੀ ਭੇਟਾ ਤਨ ਮਨ ਧਨ ਸਭ ਕੁਝ ਹੀ ਰੱਖਣਾ ਪੈਂਦਾ ਹੈ। ਜਾ ਜਾ ਕੇ ਵੇਖ ਮੇਰੇ ਚੇਲਿਆਂ ਨੂੰ ਕਿੰਨੀ ਕਠਿਨ ਪ੍ਰੀਖਿਆ ਵਿਚੋਂ ਪਾਸ ਹੋਏ ਹਨ। ਇਕ ਚੇਲੇ ਨੂੰ ਕਹਿ ਦਿੱਤਾ ਜਾ ਇਸ ਨੂੰ ਆਸ਼ਰਮ ਦਾ ਚੱਕਰ ਲੁਆ ਲਿਆ। ਕਿਸੇ ਚੇਲੇ ਨੇ ਕਿਹਾ, ਮੈਂ ਤਾਂ ਆਪਣਾ ਮਕਾਨ ਹੀ ਗੁਰੂ ਦੀ ਭੇਟ ਕਰ ਦਿੱਤਾ।

ਕਿਸੇ ਨੇ ਕਿਹਾ, ਪਤਨੀ ਮੈਨੂੰ ਰੋਕਦੀ ਸੀ ਇਥੇ ਆਉਣ ਤੋਂ, ਮੈਂ ਪਤਨੀ ਹੀ ਛੱਡ ਦਿੱਤੀ। ਕਿਸੇ ਕਿਹਾ, ਮੇਰੇ ਪਾਸ ਜਿੰਨਾ ਧਨ ਸੀ ਸਾਰਾ ਹੀ ਸਤਿਗੁਰੂ ਦੀ ਭੇਟ ਕਰ ਦਿੱਤਾ ਹੈ। ਕਿਸੇ ਕੁਝ, ਕਿਸੇ ਕੁਝ ਕਿਹਾ।

ਇੰਨੀ ਤਿਆਰੀ ਨਾਲ ਉਹ ਆਇਆ ਨਹੀਂ ਸੀ। ਇਸ ਨੇ ਵੇਖਿਆ ਕਿ ਗੁਰੂ ਬੜੇ ਆਰਾਮ ਨਾਲ ਬੈਠੇ ਹਨ ਚੇਲੇ ਦੌੜ ਭੱਜ ਕਰ ਰਹੇ ਹਨ। ਇਸ ਨੂੰ ਇੰਜ ਜਾਪਿਆ ਕਿ ਚੇਲੇ ਤਾਂ ਬਿਪਤਾ ਵਿਚ ਹਨ ਅਸਲ ਮੌਜਾਂ ਤਾਂ ਗੁਰੂ ਹੀ ਲੈ ਰਹੇ ਹਨ। ਇਸ ਦੀ ਨਜ਼ਰ ਅੱਗੇ ਗਈ ਜਿਵੇਂ ਇਕ ਬੰਦੇ ਨੂੰ ਸੌ ਰੁਪਏ ਤੋਂ ਬਾਅਦ ਲੱਖ ਰੁਪਿਆ ਨਜ਼ਰ ਆ ਜਾਵੇ। ਉਸਦੀ ਨਜ਼ਰ ਲੱਖ ਤੇ ਚਲੀ ਜਾਂਦੀ ਹੈ। ਇਹ ਆ ਕੇ ਕਹਿਣ ਲੱਗਾ, ਮਹਾਰਾਜ ਸੁਣਿਆ ਹੈ ਗੁਰੂ ਪਾਰਸ ਹੁੰਦਾ ਹੈ। ਗੁਰੂ ਨੇ ਕਹਿ ਦਿੱਤਾ, ਕਿਉਂ ਨਹੀਂ , ਫਿਰ ਉਸ ਪੁਰਖ ਨੇ ਕਿਹਾ ਲੋਹਾ ਤਾਂ ਪਾਰਸ ਨੂੰ ਛੂੰਹਦਾ ਹੈ ਤਾਂ


Sri Satguru Jagjit Singh Ji eLibrary NamdhariElibrary@gmail.com

ਸੋਨਾ ਹੋ ਜਾਂਦਾ ਹੈ ਪਰ ਸੁਣਿਆ ਹੈ ਗੁਰੂ ਤਾਂ ਸਿੱਖ ਨੂੰ ਆਪਣੇ ਵਰਗਾ ਹੀ ਬਣਾ ਲੈਂਦਾ ਹੈ। ਫਿਰ ਮੈਂ ਚੇਲਿਆਂ ਵਾਲੀ ਬਿਪਤਾ ਵਿਚ ਪੈਣ ਲਈ ਤਿਆਰ ਨਹੀਂ। ਮੈਂ ਬੇਨਤੀ ਕਰਾਂਗਾ ਦਾਸ ਨੂੰ, ਗੁਰੂ ਹੀ ਬਣਾ ਲਉ। ਮੈਨੂੰ ਸਿੱਧਾ ਸੈਨਾਪਤੀ ਹੀ ਭਰਤੀ ਕਰੋ। ਮੈਨੂੰ ਗੁਰੂ ਹੀ ਬਣਾ ਲਉ।

ਇਹ ਕਹਾਣੀ ਮੈਂ ਤਾਂ ਲਿਖੀ ਹੈ ਕਿ ਇਸ ਤਮਾਸ਼ੇ ਨੂੰ ਮੈਂ ਥਾਂ-ਥਾਂ ਵੇਖ ਰਿਹਾ ਹਾਂ। ਜਿਨ੍ਹਾਂ ਬੰਦਿਆਂ ਅਜੇ ਸਿੱਖੀ ਸਕੂਲ ਵਿਚ ਦਾਖਲਾ ਵੀ ਨਹੀਂ ਲਿਆ, ਉਹ ਗੁਰੂ ਹੋਣ ਦਾ ਦਾਅਵਾ ਕਰ ਰਹੇ ਹਨ। ਅਤੇ ਐਸੇ ਪਾਖੰਡੀ ਗੁਰੂਆਂ ਨੂੰ ਪਾਖੰਡੀ ਚੇਲੇ ਵੀ ਮਿਲ ਜਾਂਦੇ ਹਨ। ਉਨ੍ਹਾਂ ਦੇ ਆਲੇ-ਦੁਆਲੇ ਵੀ ਭੀੜ ਹੈ। ਕਈ ਸਿਰ ਫਿਰਿਆਂ ਤਾਂ ਇਸ ਤੋਂ ਵੀ ਅੱਗੇ ਤਰੱਕੀ ਕੀਤੀ ਹੈ। ਉਹ ਗੁਰੂ ਤੋਂ ਵੀ ਅੱਗੇ ਹੋਣਾ ਚਾਹੁੰਦੇ ਹਨ।

ਗੁਰੂ ਤੋਂ ਅੱਗੇ ਕੀ ਹੈ? ਉਹ ਭਗਵਾਨ ਬਣ ਬੈਠੇ ਹਨ। ਚੌਰਾਸੀ ਦਾ ਮਾਲ ਚੌਰਾਸੀ ਭਗਵਾਨ ਤਾਂ ਸਾਡੇ ਦੇਸ਼ ਹੀ ਹੋਣਗੇ। ਮੈਂ ਇਕ ਘਟਨਾ ਪੜ੍ਹੀ ਸੀ ਕਿ ਇਕ ਆਦਮੀ ਕਹਿ ਰਿਹਾ ਸੀ ਮੈਂ ਰਸੂਲ ਹਾਂ। ਮੈਨੂੰ ਖੁਦਾ ਨੇ ਭੇਜਿਆ ਹੈ ਕਿ ਮੈਂ ਉਸ ਦੀ ਖਲਕਤ ਨੂੰ ਸਿਰਾਤੇ ਮੁਸਤਕੀਮ ਸਿੱਧਾ ਰਸਤਾ ਦਿਖਾਵਾਂ। ਪਰ ਇਸਲਾਮੀ ਰਾਜ ਸੀ, ਖਲੀਫੇ ਉਮਰ ਨੇ ਇਸ ਨੂੰ ਪਕੜ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ਚਾਰ ਦਿਨ ਇਸ ਨੂੰ ਭੁੱਖਾ ਰਖਿਆ ਫਿਰ ਪੁਛਿਆ ਕਿ ਸੁਣ ਰਸੂਲ ਹੋਣ ਦਾ ਭਰਮ ਅਜੇ ਮੁੱਕਾ ਹੈ ਕਿ ਨਹੀਂ। ਇਸ ਨੇ ਕਿਹਾ ਭਰਮ ਕਾਹਦਾ? ਮੈਂ ਹਾਂ ਹੀ ਨਬੀ। ਜਿੰਨੇ ਪੈਗੰਬਰ ਆਏ ਹਨ ਉਨ੍ਹਾਂ ਨੂੰ ਤਕਲੀਫਾਂ ਆਉਂਦੀਆਂ ਹਨ। ਹਜ਼ਰਤ ਮੁਹੰਮਦ ਸਾਹਿਬ ਨੂੰ ਘੱਟ ਤਕਲੀਫ਼ਾਂ ਆਈਆਂ ਸਨ। ਮੈਨੂੰ ਖ਼ੁਦਾ ਨੇ ਭੇਜਿਆ ਹੈ। ਮੈਂ ਤਾਂ ਤੁਹਾਡਾ ਸਭ ਦਾ ਸੁਧਾਰ ਕਰਾਂਗਾ। ਮੈਨੂੰ ਖ਼ੁਦਾ ਨੇ ਭੇਜਿਆ ਹੈ। ਪਰ ਇਸ ਦੇ ਨਾਲ ਦੀ ਕੋਠੜੀ ਵਿਚੋਂ ਆਵਾਜ਼ ਆਈ ਕਿ ਇਸ ਪਾਗ਼ਲ ਦੀ ਗੱਲ ਵੱਲ ਧਿਆਨ ਹੀ ਨਾ ਦਿਉ। ਤੁਸੀਂ ਪਹਿਲਾਂ ਮੇਰੀ ਗੱਲ ਸੁਣੋ। ਮੈਂ ਇਬਰਾਹੀਮ ਨੂੰ ਭੇਜਿਆ ਸੀ, ਮੂਸਾ ਨੂੰ ਭੇਜਿਆ ਸੀ, ਹਜ਼ਰਤ ਮੁਹੰਮਦ ਨੂੰ ਭੇਜਿਆ ਸੀ। ਜਿੰਨੇ ਭੇਜੇ ਸਨ ਮੈਨੂੰ ਯਾਦ ਹਨ। ਇਸ ਨੂੰ ਮੈਂ ਨਹੀਂ ਭੇਜਿਆ ਇਹ ਬਿਲਕੁਲ ਝੂਠ ਬੋਲਦਾ ਹੈ, ਇਸ ਨੂੰ ਝੂਠ ਬੋਲਣ ਦੀ ਜੋ ਜੀ ਚਾਹੇ ਸਜ਼ਾ ਦਿਉ। ਇਕ ਪੈਗ਼ੰਬਰ ਹੈ, ਦੂਸਰਾ ਖ਼ੁਦਾ ਹੈ। ਇਨ੍ਹਾਂ ਦੰਭੀਆਂ ਤੇ ਫਰੇਬੀਆਂ ਨੇ ਐਸੀ ਮੱਸਿਆ ਦੀ ਰਾਤ ਪਾ ਛੱਡੀ ਹੈ ਕਿ ਸਤਿਗੁਰੂ ਲੱਭਣਾ ਮੁਸ਼ਕਿਲ ਹੋ ਜਾਂਦਾ ਹੈ।

ਫਿਰ ਗੁਰੂ ਕੌਣ ਹੈ?

ਪਹਿਲਾ ਪ੍ਰਸ਼ਨ ਇਹ ਨਹੀਂ ਕਿ ਗੁਰੂ ਕੌਣ ਹੈ। ਮੇਰੇ ਖ਼ਿਆਲ ਵਿਚ ਪਹਿਲਾ ਪ੍ਰਸ਼ਨ ਇਹ ਹੈ ਕਿ ਸਿੱਖ ਕੌਣ ਹੈ ਅਤੇ ਕਿਉਂ ਹੈ। ਮਰਜ਼ ਨਾ ਹੋਵੇ ਤਾਂ ਮਰੀਜ਼ ਨਹੀਂ। ਮਰੀਜ਼ ਨਾ ਹੋਵੇ ਤਾਂ ਵੈਦ ਵੀ ਨਹੀਂ। ਵੈਦ ਨੂੰ ਜਨਮ ਰੋਗ ਨੇ ਦਿੱਤਾ ਹੈ।

Sri Satguru Jagjit Singh Ji eLibrary NamdhariElibrary@gmail.com

ਰੋਗ ਨਾ ਹੋਵੇ ਤਾਂ ਵੈਦ ਦੀ ਕੋਈ ਲੋੜ ਨਹੀਂ।

ਗੁਰੂ ਹੈ ਸ਼ਬਦ, ਚੇਲਾ ਸੁਰਤਿ ਹੈ। ਸੁਰਤ ਦਾ ਅਰਥ ਕੀ ਹੈ? ਧਿਆਨ ਹੀ ਸੁਰਤਿ ਹੈ। ਧਿਆਨ ਇਕ ਜਾਗ੍ਰਿਤੀ ਹੈ, ਸੁਚੇਤਪੁਣਾ ਹੈ। ਪਰਮ ਹੋਸ਼ ਹੈ। ਮਨੁੱਖ ਕੋਲ ਵੀ ਸੁਰਤਿ ਹੈ ਪਰ ਸੁਰਤਿ ਸੁੱਤੀ ਹੈ। ਗੁਰਮੁਖ ਕੋਲ ਸੁਰਤਿ ਹੈ ਪਰ ਜਾਗਦੀ ਸੁਰਤਿ ਹੈ। ਗੁਰੂ ਸ਼ਬਦ ਹੈ। ਉਹ ਸ਼ਬਦ ਜੋ ਸੁਰਤਿ ਨੂੰ ਜਗਾਈ ਰੱਖੇ। ਸੁੱਤੇ ਜਾਗਦੇ ਦਾ ਇੰਨਾ ਫਰਕ ਹੈ ਕਿ ਚੋਰ ਘਰ ਆਇਆ ਹੈ, ਘਰ ਵਾਲਾ ਜਾਗ ਰਿਹਾ ਹੈ, ਚੋਰ ਵਾਪਸ ਚਲਾ ਗਿਆ ਹੈ। ਘਰ ਵਾਲਾ ਸੁੱਤਾ ਪਿਆ ਹੈ, ਚੋਰ ਘਰ ਲੁੱਟ ਕੇ ਲੈ ਗਿਆ ਹੈ। ਪਹਿਰੇਦਾਰ ਆਵਾਜ਼ ਦਿੰਦਾ ਹੈ, ਜਾਗਦੇ ਰਹੋ। ਇਸੇ ਤਰ੍ਹਾਂ ਗੁਰੂ ਸ਼ਬਦ ਪਹਿਰੇਦਾਰ ਹੈ ਜੋ ਸੁਰਤਿ ਨੂੰ ਵਾਰ-ਵਾਰ ਜਗਾਉਂਦਾ ਹੈ। ਇਹ ਸੁਰਤਿ ਚੌਰਾਸੀ ਲੱਖ ਜੀਆਂ ਵਿਚੋਂ ਪਰਮਾਤਮਾ ਨੇ ਸਿਰਫ ਮਨੁੱਖਾ ਦੇਹੀ ਵਿਚ ਹੀ ਟਿਕਾਈ ਹੈ।

ਸੁਰਤ ਸੌਂ ਜਾਂਦੀ ਹੈ ਮਨੁੱਖ ਲੁਟਿਆ ਜਾਂਦਾ ਹੈ। ਜਦੋਂ ਕੋਈ ਗੁਰੂ ਦੀ ਮੰਨ ਲੈਂਦਾ ਹੈ, ਫਿਰ—

*ਮੰਨੈ ਸੁਰਤਿ ਹੋਵੈ ਮਨਿ ਬੁਧਿ॥*
*ਮੰਨੈ ਸਗਲ ਭਵਣ ਕੀ ਸੁਧਿ॥*

—ਜਪੁ, ਪੰਨਾ ੩

ਮਨ ਬੁਧਿ ਵਿਚ ਜਾਗ੍ਰਿਤੀ ਆ ਜਾਂਦੀ ਹੈ।

ਸਿੱਧਾਂ ਨੇ ਉਤਰਾ ਖੰਡ ਦੀ ਉਦਾਸੀ ਵੇਲੇ ਸਾਹਿਬਾਂ ਨੂੰ ਪੁੱਛਿਆ ਸੀ ਕਿ ਤੁਹਾਡਾ ਗੁਰੂ ਕੌਣ ਹੈ। ਉਹ ਸਰੀਰ ਨੂੰ ਹੀ ਗੁਰੂ ਸਮਝੀ ਬੈਠੇ ਸਨ। ਅੱਜ ਵੀ ਮਨੁੱਖ ਫਿਰ ਉਹੀ ਗ਼ਲਤੀ ਕਰ ਰਿਹਾ ਹੈ। ਗੁਰੂ ਸਾਹਿਬ ਨੇ ਉੱਤਰ ਦਿੱਤਾ ਸੀ ਕਿ ਸਿੱਖ ਤਾਂ ਅਸੀਂ ਸਾਰੇ ਹੀ ਹਾਂ, ਚੇਲੇ ਤਾਂ ਅਸੀਂ ਸਾਰੇ ਹੀ ਹਾਂ, ਤੁਸੀਂ ਵੀ ਚੇਲੇ ਹੋ, ਮੈਂ ਵੀ ਚੇਲਾ ਹਾਂ। ਸੁਰਤਿ ਤੁਹਾਡੇ ਪਾਸ ਵੀ ਹੈ, ਮੇਰੇ ਪਾਸ ਵੀ ਹੈ।

ਗੁਰੂ ਤਾਂ ਸਿਰਫ਼ ਸ਼ਬਦ ਹੀ ਹੋ ਸਕਦਾ ਹੈ—

*ਸਬਦ ਗੁਰੂ ਸੁਰਤਿ ਧੁਨਿ ਚੇਲਾ॥*

—ਸਿਧ ਗੋਸ਼ਟਿ, ਪੰਨਾ ੯੪੩

ਪਰਮਾਤਮਾ ਦਾ ਹੁਕਮ ਗੁਰੂ ਹੈ।

ਸੁਰਤਿ ਦੀ ਇਕ ਰਸ ਲਗਣ ਇਹ ਚੇਲਾ ਹੈ। ਸ਼ਬਦ ਦਾ ਹਰ ਥਾਂ ਆਵਾਜ਼ ਅਰਥ ਕਰੀ ਜਾਣਾ ਤੇ ਧੁਨ ਦਾ ਅਰਥ ਵੀ ਆਵਾਜ਼ ਕਰਨਾ। ਮੈਂ ਸਮਝਦਾ ਹਾਂ ਯੋਗ ਮੱਤ ਨੂੰ ਫਿਰ ਥੰਮ੍ਹੀ ਦੇ ਕੇ ਖੜ੍ਹਾ ਕਰਨ ਵਾਲੀ ਗੱਲ ਹੈ, ਇਹ ਅਰਥ ਜੋਗੀਆਂ ਦਾ ਸੀ। ਸਤਿਗੁਰਾਂ ਦੀ ਬਾਣੀ ਵਿਚੋਂ ਪਹਿਲੀ ਗੱਲ ਇਹ ਸਮਝਣੀ ਬੜੀ ਹੀ ਜ਼ਰੂਰੀ ਹੈ ਕਿ ਸ਼ਬਦ ਦੇ ਅਰਥ ਕੀ ਹਨ।

ਜਿਹੜਾ ਆਮ ਕਰਕੇ ਇਹ ਪ੍ਰਮਾਣ ਸ੍ਰਿਸ਼ਟੀ ਰਚਨਾ ਬਾਰੇ ਦਿੱਤਾ

Sri Satguru Jagjit Singh Ji eLibrary NamdhariElibrary@gmail.com

ਜਾਂਦਾ ਹੈ ਕਿ–

*ਉਤਪਤਿ ਪਰਲਉ ਸਬਦੈ ਹੋਵੈ ਸਬਦੈ ਹੀ ਫਿਰ ਓਪਤਿ ਹੋਵੈ॥*

—ਮਾਝ ਮਹਲਾ ੫, ਪੰਨਾ ੧੧੭

ਇਥੇ ਸ਼ਬਦ ਦਾ ਅਰਥ ਆਵਾਜ਼ ਨਹੀਂ ਸਗੋਂ ਸ਼ਬਦ ਦਾ ਅਰਥ ਹੁਕਮ ਹੈ। ਸਤਿਗੁਰਾਂ ਨੇ ਕਿਤੇ ਨਹੀਂ ਕਿਹਾ ਕਿ ਕਿਸੇ ਆਵਾਜ਼ ਤੋਂ ਸ੍ਰਿਸ਼ਟੀ ਪੈਦਾ ਹੋਈ ਬਲਕਿ ਇੰਜ ਜ਼ਰੂਰ ਕਿਹਾ ਹੈ–

*ਹੁਕਮੀ ਹੋਵਨਿ ਆਕਾਰ ਹੁਕਮ ਨ ਕਹਿਆ ਜਾਈ॥*

ਪਰਮਾਤਮਾ ਤੋਂ ਸਭ ਬਣੇ ਹਨ–

*ਓਅੰਕਾਰਿ ਬ੍ਰਹਮਾ ਉਤਪਤਿ॥*
*ਓਅੰਕਾਰੁ ਕੀਆ ਜਿਨਿ ਚਿਤਿ॥*

—ਓਅੰਕਾਰ, ਪੰਨਾ ੯੨੯

ਜਿਸ ਬ੍ਰਹਮਾ ਨੇ ਪਰਮਾਤਮਾ ਚਿਤ ਵਿਚ ਰੱਖਿਆ, ਉਹ ਬ੍ਰਹਮਾ ਪਰਮਾਤਮਾ ਤੋਂ ਪੈਦਾ ਹੋਇਆ। ਫਿਰ ਦਸਵੇਂ ਪਾਤਸ਼ਾਹ ਕਹਿੰਦੇ ਹਨ ਕਿ ਉਸ ਨੇ ਆਪਣੀ ਵਧਣ ਫੁੱਲਣ ਦੀ ਸ਼ਕਤੀ ਵਰਤੀ। ਪਰਜਾ ਅਪਾਰ ਦੇਹਾਂ ਧਾਰਦੀ ਹੈ। ਭਾਵ ਅਣਗਿਣਤ ਲੋਕਾਈ ਪੈਦਾ ਹੁੰਦੀ ਹੈ। ਜਦੋਂ ਖਿੱਚਣ ਵਾਲੀ ਸ਼ਕਤੀ ਵਰਤਦਾ ਹੈ ਭਾਵ ਆਪਣੇ ਵੱਲ ਖਿੱਚਦਾ ਹੈ। ਹੇ ਪਰਮਾਤਮਾ ਸਭ ਸ੍ਰਿਸ਼ਟੀ ਦੇ ਦੇਹਧਾਰੀ ਜੀਵ ਤੇਰੇ ਵਿਚ ਮਿਲ ਜਾਂਦੇ ਹਨ।

*ਜਬ ਉਦਕਰਖ ਕਰਾ ਕਰਤਾਰਾ॥*
*ਪਰਜਾ ਧਰਤ ਤਬ ਦੇਹ ਅਪਾਰਾ॥*
*ਜਬ ਆਕਰਖ ਕਰਤ ਹੋ ਕਬਹੂ॥*
*ਤੁਮ ਮੈ ਮਿਲਤ ਦੇਹ ਧਰ ਸਭਹੂ॥*

—ਚੌਪਈ

ਪਰ ਸਾਹਿਬ ਕਹਿੰਦੇ ਹਨ ਇਹ ਠੀਕ ਹੈ? ਉਹ ਕਹਿੰਦੇ ਹਨ ਜਿੰਨੀ-ਜਿੰਨੀ ਕਿਸੇ ਦੀ ਬੁਧ ਹੈ ਉਨੀ-ਉਨੀ ਬੁਧ ਨਾਲ ਤੇਰਾ ਵਰਨਣ ਜੀਵ ਇਹ ਕਰਦੇ ਹਨ। ਅਸਲ ਵਿਚ ਤੇਰਾ ਪਸਾਰਾ ਸਮਝ ਨਹੀਂ ਆ ਸਕਦਾ, ਕਿਵੇਂ ਤੂੰ ਪਹਿਲਾਂ ਸ੍ਰਿਸ਼ਟੀ ਦੀ ਰਚਨਾ ਕੀਤੀ ਸੀ।

*ਆਪ ਆਪਨੀ ਬੁਧਿ ਹੈ ਜੇਤੀ॥*
*ਬਰਨਤ ਭਿੰਨ ਭਿੰਨ ਤੁਹਿ ਤੇਤੀ॥*
*ਤੁਮਰਾ ਲਖਾ ਨ ਜਾਇ ਪਸਾਰਾ॥*
*ਕਿਹ ਬਿਧ ਸਜਾ ਪ੍ਰਥਮ ਸੰਸਾਰਾ॥*

—ਚੌਪਈ

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇਵ ਪਾਤਸ਼ਾਹ ਵੀ ਕਹਿੰਦੇ ਹਨ ਕਿ ਸ੍ਰਿਸ਼ਟੀ ਉਸ ਨੇ ਕਿਵੇਂ ਸਾਜੀ ਹੈ ਇਹ ਉਹ ਆਪ ਹੀ ਜਾਣਦਾ ਹੈ ਜਿਸਨੇ ਸਾਜੀ ਹੈ—

*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥*

—ਜਪੁ, ਪੰਨਾ ੪

ਹਾਂ ਇਕ ਗੱਲ ਪੱਕੀ ਹੈ ਕਿ ਸ੍ਰਿਸ਼ਟੀ, ਬਣੀ ਹੈ, ਉਸ ਦੀ ਰਜ਼ਾ ਵਿਚ ਅਤੇ ਉਸ ਹੁਕਮ ਦੀ ਵਿਆਖਿਆ ਨਹੀਂ ਹੋ ਸਕਦੀ। ਹੁਕਮ ਆਖਿਆ ਨਹੀਂ ਜਾ ਸਕਦਾ। ਜਿਨ੍ਹਾਂ ਸੱਜਣਾਂ ਨੇ ਇਹ ਕਿਹਾ ਹੈ ਕਿ ਸ੍ਰਿਸ਼ਟੀ ਆਵਾਜ਼ ਤੋਂ ਬਣੀ ਉਹ ਤਾਂ ਕਾਫ਼ੀ ਕੁਝ ਜਾਣਦੇ ਹਨ, ਉਹ ਤਾਂ ਬਹੁਤ ਕੁਝ ਕਹਿੰਦੇ ਹਨ। ਬ੍ਰਾਹਮਣ ਕਹਿੰਦਾ ਹੈ ਮੈਨੂੰ ਪਤਾ ਕਿਸ ਆਵਾਜ਼ ਤੋਂ ਬਣੀ। ਪਰਮਾਤਮਾ ਨੇ ਓਮ ਕਿਹਾ, ਬਸ ਇਹੀ ਹੈ ਪ੍ਰਮਾਤਮਾ ਦੀ ਪਹਿਲੀ ਆਵਾਜ਼। ਮੁੱਲਾਂ ਕਹੇਗਾ, ਨਹੀਂ, ਬ੍ਰਾਹਮਣ ਨੂੰ ਕੀ ਪਤਾ ਹੈ। ਖ਼ੁਦਾ ਨੇ ਕੁੰਨ ਕਿਹਾ ਸ੍ਰਿਸ਼ਟੀ ਬਣ ਗਈ।

ਕੁਝ ਕਹਿ ਰਹੇ ਸਨ ਕਿ ਤਿੰਨ ਚੀਜ਼ਾਂ ਅਨਾਦੀ ਹਨ। ਪ੍ਰਕਿਰਤੀ ਹੈ, ਮਾਇਆ ਹੈ, ਪਰਮਾਤਮਾ ਹੈ। ਗੁਰਮਤਿ ਨੇ ਕਿਹਾ ਹੈ, ਰੱਬ ਦਾ ਸ਼ਰੀਕ ਹੋਰ ਕੋਈ ਨਹੀਂ, ਉਹ ਇਕ ਆਪ ਹੀ ਹੈ, ਇਹ ਸਾਰਾ ਤਮਾਸ਼ਾ ਉਸ ਇਕੋ ਤੋਂ ਹੈ।

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤ ਸਮੋਇ॥*

ਕਬੀਰ ਸਾਹਿਬ ਕਹਿੰਦੇ ਹਨ ਇਕ ਨੂਰ ਤੋਂ ਸ੍ਰਿਸ਼ਟੀ ਬਣੀ ਹੈ—

*ਏਕ ਨੂਰ ਤੇ ਸਭ ਜਗ ਉਪਜਿਆ ਕੌਨ ਭਲੇ ਕੋ ਮੰਦੇ॥*

ਨੂਰ ਦਾ ਅਰਥ ਵੀ ਜੋਤ ਹੀ ਹੈ ਤੇ ਉਹ ਜੋਤ ਵੀ ਉਸੇ ਦੀ ਹੈ ਜਿਸ ਦਾ ਹੁਕਮ ਚਲਦਾ ਹੈ। ਮੈਂ ਲਿਖਣਾ ਇਹ ਚਾਹੁੰਦਾ ਹਾਂ ਕਿ ਸ੍ਰਿਸ਼ਟੀ ਹੁਕਮ ਨਾਲ ਸਾਜੀ ਗਈ।

ਸ਼ਬਦ ਦਾ ਅਰਥ ਇਥੇ ਹੁਕਮ ਹੈ, ਆਵਾਜ਼ ਨਹੀਂ। ਸ਼ਬਦ ਵੈਸੇ ਬਹੁਅਰਥਕ ਸ਼ਬਦ ਹੈ। ਸ਼ਬਦ ਹੁਕਮ ਅਨਰਵਚਨੀਯ ਹੈ ਆਵਿਆਖਿਆ ਹੈ, ਪ੍ਰਕਾਸ਼ ਤੇ ਆਵਾਜ਼ ਇਸ ਦੇ ਦੋ ਗੁਣ ਹਨ, ਇਸ ਦੀ ਪ੍ਰੀਭਾਸ਼ਾ ਨਹੀਂ। ਇਸ ਦੇ ਅਰਥ ਕੋਸ਼ਾਂ ਵਿਚ ਹਨ—

੧. ਉਪਦੇਸ਼ ੨. ਆਵਾਜ਼
੩. ਪਰਮਾਤਮਾ ੪. ਹੁਕਮ

ਅਰਥ ਸਦਾ ਪ੍ਰਕਰਨ ਦੇ ਹਿਸਾਬ ਨਾਲ ਕਰਨੇ ਹੁੰਦੇ ਹਨ। ਇਕ ਬੜੀ ਪ੍ਰਸਿੱਧ ਰਵਾਇਤ ਹੈ। ਅਸੀਂ ਇਹ ਨਹੀਂ ਕਹਿੰਦੇ ਕਿ ਇਕ ਸ਼ਬਦ ਸੁਣਾ ਦਿਉ, ਪਹਿਲਾ ਪ੍ਰਕਾਸ਼ ਅੰਮ੍ਰਿਤ ਵੇਲੇ ਜਦੋਂ ਗੁਰਦੁਆਰੇ ਵਿਚ ਹੁੰਦਾ ਹੈ ਤਾਂ ਕਹਿੰਦੇ ਹਾਂ ਅੱਜ ਸਤਿਗੁਰਾਂ ਦਾ ਇਹ ਹੁਕਮ ਹੈ, ਅੱਜ ਦਾ ਫ਼ੁਰਮਾਨ ਇਹ ਹੈ, ਸ਼ਬਦ ਹੈ ਹੀ ਹੁਕਮ।

Sri Satguru Jagjit Singh Ji eLibrary NamdhariElibrary@gmail.com

ਰੱਬ ਨਾਲ ਬਣਨੀ ਹੀ ਹੁਕਮ ਮੰਨਣ ਨਾਲ ਹੈ—

*ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ॥*
*ਸਾਹਿਬੁ ਲੇਖਾ ਮੰਗਸੀ ਦੁਨੀਆਂ ਦੇਖਿ ਨਾ ਭੂਲ॥*

—ਮਾਰੂ ਵਾਰ, ਪੰਨਾ ੧੦੯੦

*ਹੁਕਮੀ ਹੁਕਮੁ ਚਲਾਏ ਰਾਹੁ॥*
*ਨਾਨਕ ਵਿਗਸੈ ਵੇਪਰਵਾਹੁ॥*

—ਜਪੁ, ਪੰਨਾ ੨

ਪਰ ਆਪਣੇ ਵਿਚ ਵੱਸ ਰਿਹਾ ਜੀਵਨ ਦਾ ਸਾਥੀ ਜੋ ਸ਼ਬਦ ਹੈ, ਹੁਕਮ ਹੈ, ਉਸ ਦੀ ਆਪਣੇ ਆਪ ਸਮਝ ਨਹੀਂ ਪੈਂਦੀ ਤੇ ਰੱਬੀ ਹੁਕਮ ਨਾਲ ਸਾਂਝ ਪਿਆਂ ਬਗੈਰ ਮਨੁੱਖ ਨੂੰ ਸ਼ਾਂਤੀ ਨਹੀਂ ਆਉਂਦੀ। ਪ੍ਰਮਾਤਮਾ ਹੁਕਮ ਨੂੰ ਸਾਡੀ ਸਮਝ ਗੋਚਰਾ ਸਮਝ ਕੇ, ਅੱਖਰਾਂ ਦਾ ਜਾਮਾ ਪਵਾ ਕੇ ਸਾਡੇ ਤੱਕ ਪਹੁੰਚਾਉਂਦਾ ਹੈ। ਸਮਝ ਗੋਚਰਾ ਦਾ ਭਾਵ ਇਹ ਨਹੀਂ ਕਿ ਬੁੱਧ ਦੀ ਪਕੜ ਵਿਚ ਪੂਰਾ ਆ ਜਾਵੇਗਾ, ਨਹੀਂ ਸਗੋਂ ਅਸੀਂ ਉਸ ਅੱਗੇ ਝੁਕਣ ਜੋਗੇ ਹੋ ਜਾਵਾਂਗੇ, ਉਸ ਨੂੰ ਬੇਅੰਤ ਬੇਅੰਤ ਕਹਿਣ ਜੋਗੇ ਹੋ ਜਾਵਾਂਗੇ। ਉਸ ਦੇ ਗਿਣਨ ਜੋਗੇ ਨਹੀਂ, ਉਸ ਦੇ ਗੁਣ ਗਾਉਣ ਜੋਗੇ ਹੋ ਜਾਂਦੇ ਹਾਂ। ਇਸ ਲਈ ਸ਼ਬਦ ਹੀ ਗੁਰੂ ਹੈ। ਇਹ ਉਪਦੇਸ਼ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਇਹੀ ਸਾਡੇ ਲਈ ਗੁਰੂ ਹਨ ਹੋਰ ਕਿਸੇ ਸ਼ਬਦ ਦੇ ਭੁਲੇਖੇ ਵਿਚ ਗੁਰਸਿੱਖ ਨਹੀਂ ਪੈਂਦਾ। ਜਿਨ੍ਹਾਂ ਨੇ ਸ਼ਬਦ ਦੇ ਅਰਥ ਅਵਾਜ਼ ਕੀਤੇ ਹਨ ਉਨ੍ਹਾਂ ਨੂੰ ਇਹ ਤਾਂ ਪਤਾ ਨਹੀਂ ਕਿ ਆਵਾਜ਼ ਨਿਰੀ ਤਾਂ ਕੁਝ ਵੀ ਨਹੀਂ। ਆਵਾਜ਼ ਦੇ ਮਗਰ ਕੋਈ ਬਚਨ ਚਾਹੀਦੇ ਹਨ, ਫਿਰ ਉਨ੍ਹਾਂ ਮਗਰ ਕੋਈ ਤਾਕਤ ਚਾਹੀਦੀ ਹੈ। ਇਕ ਚਪੜਾਸੀ ਆਵਾਜ਼ ਦੇ ਰਿਹਾ ਹੈ ਕਿ ਇਸ ਨਾਮ ਦਾ ਬੰਦਾ ਹਾਜ਼ਰ ਹੋਵੇ, ਉਹ ਬੰਦਾ ਦੌੜ ਕੇ ਆਉਂਦਾ ਹੈ, ਅਦਾਲਤ ਦੇ ਸਾਹਮਣੇ ਆ ਜਾਂਦਾ ਹੈ। ਇਹੀ ਚਪੜਾਸੀ ਬਾਜ਼ਾਰ ਵਿਚ ਆਵਾਜ਼ ਮਾਰੇ, ਕੌਣ ਦੌੜ ਕੇ ਆਵੇਗਾ। ਉਸ ਦੀ ਆਵਾਜ਼ ਮਗਰ ਤਾਕਤ ਹੈ। ਆਵਾਜ਼ ਚਪੜਾਸੀ ਦੀ ਹੈ, ਹੁਕਮ ਜੱਜ ਦਾ ਹੈ। ਅਦਾਲਤ ਸਰਕਾਰ ਨੇ ਬਿਠਾਈ ਹੈ। ਜੱਜ ਨਿਯੁਕਤ ਕੀਤਾ ਹੈ, ਸਰਕਾਰ ਜੱਜ ਨੂੰ ਵੀ ਹਟਾ ਦੇਵੇ, ਫਿਰ ਉਸ ਦਾ ਹੁਕਮ ਕੌਣ ਮੰਨੇਗਾ। ਗੱਲ ਸੱਤਾ ਦੀ ਹੈ। ਹੁਕਮ ਹੈ ਇਕ ਤਾਕਤ। ਪਰਮਾਤਮਾ ਦੀ ਤਾਕਤ, ਸ਼ਕਤੀ ਹੈ ਉਸ ਦਾ ਹੁਕਮ। ਗੁਰੂ ਉਹ ਹੈ ਜੋ ਮਨੁੱਖ ਦੀ ਸੁਰਤਿ ਨੂੰ ਹਰ ਵੇਲੇ ਜਗਾਈ ਰੱਖੇ। ਸ਼ਬਦ ਹਮੇਸ਼ਾ ਮਨੁੱਖ ਦੀ ਸਮਰੱਥਾ ਚੇਤੇ ਕਰਾਉਂਦਾ ਹੈ ਤਾਂਕਿ ਉਸ ਨੂੰ ਆਪਣੀ ਹਉਮੈ ਨਾ ਰਹੇ ਕਿ ਮੇਰੀ ਵੀ ਸਮਰੱਥਾ ਹੈ। ਜੇਕਰ ਇਸ ਨੂੰ ਆਪਣੀ ਸਮਰੱਥਾ ਦੀ ਬੇਹੋਸ਼ੀ ਹੈ ਤਾਂ ਇਹ ਨਿਗੁਰਾ ਹੈ। ਜੇਕਰ ਇਹ ਹੋਸ਼ ਵਾਲਾ ਹੈ ਤਾਂ ਇਸ ਨੂੰ ਆਪਣੀ ਸਮਰੱਥਾ ਦਾ ਗੁਮਾਨ ਨਹੀਂ ਹੋਵੇਗਾ। ਸ਼ਬਦ ਇਸ ਨੂੰ ਜਗਾਏਗਾ, ਗੁਰੂ ਇਸ ਨੂੰ ਸੁਚੇਤ ਕਰੇਗਾ ਕਿ ਵੇਖ—

Sri Satguru Jagjit Singh Ji eLibrary NamdhariElibrary@gmail.com

*ਕਵਨ ਮੂਲ ਤੇ ਮਾਨੁਖ ਕਰਿਆ ਇਹੁ ਪਰਤਾਪੁ ਤੁਹਾਰਾ॥*

—ਸਾਰਗ ਮਹਲਾ ੫, ਪੰਨਾ ੧੨੨੦

ਹੇ ਪਰਮਾਤਮਾ ਕਿਸ ਮੂਲ ਤੋਂ ਮਨੁੱਖ ਦੀ ਮੂਰਤੀ ਬਣਾ ਦਿੱਤੀ ਹੈ, ਇਹ ਸਭ ਤੁਹਾਡਾ ਤੇਜ ਪ੍ਰਤਾਪ ਹੈ।

*ਕਹਾਂ ਬਿਸਾਸਾ ਇਸ ਭਾਂਡੇ ਕਾ ਇਤਨਾ ਕੁ ਲਾਗੈ ਠਨਕਾ॥*

—ਸਾਰੰਗ ਕਬੀਰ ਜੀ, ਪੰਨਾ ੧੨੫੩

ਸ਼ਬਦ ਜਗਾਏਗਾ ਕਿ ਇਸ ਸਰੀਰ ਦਾ, ਇਸ ਭਾਂਡੇ ਦਾ ਕੀ ਭਰੋਸਾ ਹੈ, ਇਸ ਭਾਂਡੇ ਨੂੰ ਮੌਤ ਦਾ ਜ਼ਰਾ ਕੁ ਠਨਕਾ ਲੱਗਾ ਤਾਂ ਇਹ ਟੁੱਟ ਜਾਏਗਾ।

ਸ਼ਬਦ ਗੁਰੂ ਹਮੇਸ਼ਾ ਜਗਾਏਗਾ, ਉਪਦੇਸ਼ ਹੀ ਜੀਅ ਦਾ ਸਾਥੀ ਹੈ—

*ਗੁਰ ਕਾ ਬਚਨੁ ਬਸੈ ਜੀਅ ਨਾਲੇ॥*
*ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨਾ ਸਾਕੈ ਜਾਲੇ॥*

—ਧਨਾਸਰੀ ਮਹਲਾ ੫, ਪੰਨਾ ੬੭੯

ਇਕ ਵਾਰ ਇਕ ਬੜਾ ਵੱਡਾ ਧਨਵਾਨ ਸੁਕਰਾਤ ਪਾਸ ਗਿਆ ਸੀ ਅਤੇ ਕਹਿਣ ਲੱਗਾ, ਮੈਂ ਬਹੁਤ ਵੱਡਾ ਬੰਦਾ ਹਾਂ। ਸੁਕਰਾਤ ਨੇ ਦੁਨੀਆਂ ਦਾ ਨਕਸ਼ਾ ਲੈ ਆਂਦਾ ਤੇ ਕਹਿੰਣ ਲੱਗੇ, ਦੱਸੋਗੇ ਕਿ ਤੁਹਾਡਾ ਦੇਸ਼ ਕਿਥੇ ਹੈ, ਤੁਹਾਡਾ ਸ਼ਹਿਰ ਕਿਥੇ ਹੈ, ਤੁਹਾਡਾ ਘਰ ਕਿੱਥੇ ਹੈ? ਦੇਸ਼ ਦਾ ਲੱਭਣਾ ਸੌਖਾ ਸੀ, ਸ਼ਹਿਰ ਵੀ ਲੱਭ ਜਾਂਦਾ। ਪਰ ਦੁਨੀਆਂ ਦੇ ਨਕਸ਼ੇ ਵਿਚੋਂ ਘਰ ਤੇ ਬੰਦਾ ਕਿਥੋਂ ਲੱਭੇ। ਸੁਕਰਾਤ ਨੇ ਕਿਹਾ, ਅਜੇ ਤਾਂ ਕਈ ਹੋਰ ਦੁਨੀਆਂ ਹਨ। ਕਿੰਨੇ ਦੇਸ਼, ਕਿੰਨੇ ਸ਼ਹਿਰ, ਕਿੰਨੇ ਬੰਦੇ ਤੁਸੀਂ ਇਹ ਨਕਸ਼ਾ ਹੀ ਲੈ ਲਓ, ਜਦੋਂ ਧਿਆਨ ਆਵੇ, ਮੈਂ ਹਾਂ, ਇਹ ਵੇਖ ਲੈਣਾ। ਸਤਿਗੁਰਾਂ ਸਾਨੂੰ ਆਪਣਾ ਆਪਾ ਵੇਖਣ ਲਈ ਗੁਰੂ ਸ਼ਬਦ ਦਿੱਤਾ ਹੈ। ਧਨਵਾਨ ਦਾ ਹੰਕਾਰ ਟੁੱਟ ਚੁੱਕਾ ਸੀ। ਕਹਿਣ ਲੱਗਾ, ਨਕਸ਼ਾ ਤਾਂ ਕੱਲ੍ਹ ਪਾਟ ਜਾਏਗਾ ਪਰ ਮੈਨੂੰ ਤੇਰੀ ਗੱਲ ਨਹੀਂ ਭੁੱਲਣ ਲੱਗੀ। ਹੁਣ ਮੈਂ ਹਰ ਹੰਕਾਰੀ ਬੰਦੇ ਨੂੰ ਕਹਾਂਗਾ ਕਿ ਆਪਣਾ ਧਨ ਪਰਿਵਾਰ, ਆਪਣਾ ਬਲ ਬੁਧ ਜੋ ਵੀ ਦੇਖਣਾ ਹੋਵੇ ਦੁਨੀਆਂ ਦੇ ਨਕਸ਼ੇ ਤੇ ਵੇਖੋ। ਅਸਲ ਵਿਚ ਉਪਦੇਸ਼ ਹੀ ਜੀਵਨ ਤਬਦੀਲ ਕਰਦਾ ਹੈ।

ਬੰਦੇ ਦੀ ਸੁਰਤਿ ਨੂੰ ਜਗਾਉਣ ਨਾਲ ਵਿਚਾਰਾਂ ਤਬਦੀਲ ਹੋ ਜਾਣਗੀਆਂ। ਜਾਗ ਸੁਰਤਿ ਵਾਲੇ ਬੰਦੇ ਪਾਸ ਮੰਦੀਆਂ ਵਿਚਾਰਾਂ ਰਹਿ ਹੀ ਨਹੀਂ ਸਕਦੀਆਂ। ਇਕ ਜਾਗੇ ਬੰਦੇ ਦੇ ਪਾਸ ਜੇਕਰ ਸੱਪ ਬਿੱਛੂ ਹੋਣ ਤਾਂ ਉਹ ਬਰਦਾਸ਼ਤ ਨਹੀਂ ਕਰੇਗਾ। ਉਹ ਘਰ ਵਿਚੋਂ ਇਕ-ਇਕ ਚੁਣ ਕੇ ਮਾਰ ਦੇਵੇਗਾ। ਹਾਂ, ਸੁੱਤੇ ਬੰਦੇ ਦੇ ਸਿਰਹਾਣੇ ਸੱਪ ਵੀ ਬੈਠਾ ਰਹੇ, ਕੀ ਪਤਾ ਲੱਗਦਾ ਹੈ। ਸੁਰਤਿ ਸੁੱਤੀ ਹੈ, ਬੰਦਾ ਨਿਗੁਰਾ ਹੈ, ਪਾਪੀ ਹੈ। ਸੁਰਤਿ ਜਾਗੀ ਹੈ, ਬੰਦਾ ਅਨੰਦਿਤ ਹੋਵੇਗਾ, ਖਿੜਾਉ ਵਿਚ ਹੋਵੇਗਾ, ਕੋਈ ਪਾਪ ਨੇੜੇ ਨਹੀਂ ਆ ਸਕੇਗਾ। ਸੁਰਤਿ ਨੂੰ ਜਗਾਉਣਾ ਹੈ ਸ਼ਬਦ ਨੇ।

*ਸੁਰਤਿ ਹੈ ਸਿੱਖ, ਸ਼ਬਦ ਹੈ ਗੁਰੂ॥*

ਇਹ ਰੱਬੀ ਹੁਕਮ ਜਿਨ੍ਹਾਂ ਵਿਅਕਤੀਆਂ ਨੂੰ ਮਾਧਿਅਮ ਬਣਾ ਕੇ ਸਾਡੇ ਤੱਕ ਪੁੱਜਾ, ਉਨ੍ਹਾਂ ਨੂੰ ਵੀ ਅਸੀਂ ਸਤਿਕਾਰ ਨਾਲ ਗੁਰੂ ਆਖਿਆ। ਇਹ ਸਾਡੀ ਸ਼ਰਧਾ ਹੈ, ਪਰ ਸੱਚ ਨਾਲ ਜੁੜਿਆਂ ਸੱਚ ਹੀ ਰਹਿ ਸਕਦਾ ਹੈ। ਉਨ੍ਹਾਂ ਆਪਣੇ ਆਪ ਨੂੰ ਕਿਤੇ ਗੁਰੂ ਨਹੀਂ ਕਿਹਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਬਾਣੀ ਖਸਮ ਦੀ ਹੈ। ਮੈਂ ਵਿਚਾਰ ਕਰ ਰਿਹਾ ਹਾਂ, ਤੁਹਾਨੂੰ ਸੁਣਾ ਰਿਹਾ ਹਾਂ। ਮੈਂ ਤੁਹਾਡੇ ਤੱਕ ਸ਼ਬਦ ਪਹੁੰਚਾ ਰਿਹਾ ਹਾਂ।

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥*

—ਤਿਲੰਗ ਮਹਲਾ ੧, ਪੰਨਾ ੭੨੨

ਇਹ ਰੱਬੀ ਹੁਕਮਾਂ ਦਾ ਸੰਗ੍ਰਹਿ ਹੋਇਆ, ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ, ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਹੋਇਆ। ਸੰਸਾਰ ਵਿਚ ਦੇਵਤਿਆਂ ਦੇ ਮੰਦਰ ਬਹੁਤ ਹਨ। ਜਿਸ ਦੇਵਤੇ ਦਾ ਮੰਦਰ ਹੁੰਦਾ ਹੈ ਉਸੇ ਦੀ ਮੂਰਤੀ ਦੀ ਸਥਾਪਨਾ ਕੀਤੀ ਜਾਂਦੀ ਹੈ। ਇਹ ਮੰਦਰ ਐਸਾ ਹੈ ਜੋ ਹਰੀ ਦਾ ਮੰਦਰ ਹੈ। ਇਸ ਵਿਚ ਦੇਵਤਾ ਵੀ ਪਰਮਾਤਮਾ ਹੀ ਥਾਪਿਆ ਜਾਣਾ ਹੈ। ਪਰਮਾਤਮਾ ਦਾ ਹੁਕਮ ਪਰਮਾਤਮਾ ਹੀ ਹੈ, ਗੁਰਸ਼ਬਦ ਪ੍ਰਮਾਤਮਾ ਦਾ ਹੁਕਮ ਹੈ। ਹੁਕਮ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਨਿਰੰਕਾਰ ਆਪ ਹੀ ਇਥੇ ਬਿਰਾਜਮਾਨ ਹੈ। ਗੁਰ ਵਾਕ ਹੈ—

*ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸੁ ਜੇਵਡੁ ਅਵਰੁ ਨਾ ਕੋਇ॥*

—ਗੂਜਰੀ ਵਾਰ, ਮਹਲਾ ੩, ਪੰਨਾ ੫੧੫

ਜਦੋਂ ਪਹਿਲਾ ਪ੍ਰਕਾਸ਼ ਹੋਇਆ ਤਾਂ ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿਚ ਇੰਜ ਲਿਖਿਆ ਹੈ—

*ਹਰਿਮੰਦਰ ਮਹਿ ਜਾਇ ਪਹੁੰਚੇ।*
*ਰਾਗੀ ਕਰਤਿ ਰਾਗ ਸੁਰ ਊਚੇ।*
*ਮੰਜੀ ਸਹਿਤ ਗ੍ਰਿੰਥ ਤਹਿ ਥਾਪਿ।*
*ਬੈਠੇ ਨਿਕਟਿ ਗੁਰੂ ਤਬਿ ਆਪ।*
*ਵਾਰ ਭੋਗ ਕੋ ਸੁਣ ਮਨ ਲਾਈ।*
*ਸ੍ਰੀ ਅਰਜਨ ਪੁਨ ਗਿਰਾ ਅਲਾਈ।*
*ਬੁਢਾ ਸਾਹਿਬ ਖੋਲਹੁ ਗ੍ਰਿੰਥ।*
*ਲੇਹੁ ਅਵਾਜ਼ ਸੁਨਹਿ ਸਭ ਪੰਥ।*
*ਸੁਨਿ ਗੁਰ ਬਚਨ ਰੁਚਿਰ ਮਨਲਾਯਕ।*

Sri Satguru Jagjit Singh Ji eLibrary NamdhariElibrary@gmail.com

*ਸੱਤ ਬਾਕ ਮੁਖ ਜਲਜ ਅਲਾਇਕ।*
*ਅਦਬ ਸੰਗ ਤਬਿ ਗ੍ਰਿੰਥ ਸੋ ਖੋਲਾ।*
*ਲੈ ਅਵਾਜ਼ ਬੁਢਾ ਮੁਖਿ ਬੋਲਾ।*

—ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩, ਅੰਸੂ ੫੦

ਪਹਿਲਾ ਹੁਕਮ ਆਇਆ ਸੀ—

*ਸੂਹੀ ਮਹਲਾ ੫ ॥*
*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ ॥*

—ਸੂਹੀ ਮਹਲਾ ੫, ਪੰਨਾ ੭੮੩

ਦੋ ਇਤਿਹਾਸਕ ਹੁਕਮ ਸਾਨੂੰ ਯਾਦ ਰੱਖਣੇ ਚਾਹੀਦੇ ਹਨ। ਨਾਂਦੇੜ ਸੱਚਖੰਡ ਹਜ਼ੂਰ ਸਾਹਿਬ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਅਰਪਣ ਕੀਤੀ ਸੀ ਹੁਕਮ ਆਇਆ ਸੀ—

*ਮਾਰੂ ਮਹਲਾ ੫ ॥ ਪੰਨਾ ੧੦੦੦*
*ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥*

ਗੁਰੂ ਅਰਜਨ ਦੇਵ ਜੀ ਨੇ ਫਿਰ ਕਿਹਾ ਕਿ ਸਤਿਗੁਰੂ ਦਾ ਸਰੀਰ ਹਰ ਸਮੇਂ ਹਰ ਥਾਂ ਨਹੀਂ ਰਹਿ ਸਕਦਾ, ਗੁਰਬਾਣੀ ਸਦਾ ਰਹੇਗੀ, ਹਰ ਥਾਂ ਰਹੇਗੀ। ਸਰੀਰ ਨਾਲ ਨਾ ਜੁੜੋ, ਬਚਨਾਂ ਦਾ ਆਦਰ ਕਰੋ।

*ਸਤਿਗੁਰ ਕੇਰ ਸਰੀਰ ਜੋਊ,*
*ਸਭਿ ਥਾਨ ਸਮੇਂ ਸਭ, ਨਹਿ ਦਰਸੈ ਹੈਂ।*
*ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ,*
*ਉਤਮ ਹੈ ਸਭ ਕਾਲ ਰਹੈ ਹੈ।*
*ਮੇਰੇ ਸਰੂਪ ਤੇ ਯਾਂਤੇ ਹੈ ਦੀਰਘ*
*ਸਾਹਿਬ ਜਾਨਿ ਅਦਾਇਬ ਕੈ ਹੈਂ।*
*ਪੂਜਹੁ ਕੇਸਰ ਚੰਦਨ ਕੋ ਘਸਿ,*
*ਧੂਪ ਧੁਖਾਇਕੇ ਫੂਲ ਚਢੈ ਹੈਂ।*

—ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩, ਅੰਸੂ ੫੦

ਆਪ ਨੇ ਬਾਣੀ ਨੂੰ ਇੰਨਾ ਆਦਰ ਦਿੱਤਾ ਕਿ ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਸਵਾਰਾ ਪਲੰਘ ਤੇ ਸੀ ਤੇ ਆਪ ਜ਼ਮੀਨ ਤੇ ਵਿਛਾਈ ਕਰਕੇ ਸੁੱਤੇ ਸਨ।

ਸਿੱਖ ਵਾਸਤੇ ਪਹਿਲਾ ਸਬਕ ਹੈ ਕਿ ਉਹ ਆਪਣੇ ਗੁਰੂ ਦਾ ਵੱਧ ਤੋਂ ਵੱਧ ਆਦਰ ਕਰੇ।

ਤਿੰਨ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ, ਇਹ ਕਦੀ ਨਹੀਂ ਭੁੱਲਣੀਆਂ

ਚਾਹੀਦੀਆਂ। ਇਨ੍ਹਾਂ ਤੋਂ ਬਿਨਾਂ ਗੁਰੂ ਨਾਲ ਨਾਤਾ ਨਹੀਂ ਬਣ ਸਕਦਾ।

ਸਤਿਗੁਰੂ ਦਾ ਅਦਬ ਕਰਨਾ ਹੈ। ਗੁਰੂ ਹਰਿਰਾਇ ਸਾਹਿਬ ਜੀ ਨੇ ਜਦੋਂ ਸਿੱਖਾਂ ਦੀ ਆਵਾਜ਼ ਸੁਣੀ ਜੋ ਸ਼ਬਦ ਪੜ੍ਹਦੇ ਆ ਰਹੇ ਸਨ। ਸਤਿਗੁਰੂ ਛੇਤੀ ਉਠੇ ਗੋਡੇ ਤੇ ਚੋਟ ਲੱਗ ਗਈ ਸੀ। ਜਦੋਂ ਸਿੱਖਾਂ ਨੇ ਪੁਛਿਆ ਪਾਤਸ਼ਾਹ ! ਤੁਸੀਂ ਛੇਤੀ ਕਿਉਂ ਕੀਤੀ ਹੈ ਤਾਂ ਕਹਿਣ ਲੱਗੇ ਅਦਬ ਲਈ ਚੋਟ ਪਰਮਾਤਮਾ ਦੀ ਮਿਹਰ ਹੈ ਵਾਹਿਗੁਰੂ ਕਰੇ ਕਿਸੇ ਨੂੰ ਬੇਅਦਬੀ ਦੀ ਚੋਟ ਨਾ ਲੱਗ ਜਾਏ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ—

*ਜਿਨ ਭੈ ਅਦਬ ਨਾ ਬਾਣੀ ਧਾਰਾ॥*
*ਜਾਨਹੁ ਸੋ ਸਿਖ ਨਹੀ ਹਮਾਰਾ॥*

ਬਾਣੀ ਦਾ ਆਦਰ ਜਿੰਨਾ ਕਰ ਲਈਏ ਉਨਾ ਹੀ ਥੋੜ੍ਹਾ ਹੈ।

ਹੱਥ ਪੈਰ ਕਿੰਨੇ ਵੀ ਸਾਫ਼ ਹੋਣ ਸਿੱਖ ਫਿਰ ਵੀ ਧੋਂਦਾ ਹੈ। ਇਹ ਅਦਬ ਵਾਸਤੇ ਹੀ ਹੈ। ਸਤਿਗੁਰੂ ਦੇ ਦਰ ਦੀਆਂ ਪਰਕਰਮਾ ਕਰਕੇ ਸਿੱਖ ਗੁਰੂ ਤੋਂ ਸਦਕੇ ਹੋ ਰਿਹਾ ਹੈ। ਇਹ ਅਦਬ ਹੀ ਹੈ। ਸਤਿਗੁਰਾਂ ਨੂੰ ਮੱਥਾ ਟੇਕਣਾ, ਇਹ ਅਦਬ ਹੀ ਹੈ। ਪਰੰਤੂ ਅਦਬ ਵੀ ਸਿੱਖਣਾ ਪੈਂਦਾ ਹੈ। ਪਤਾ ਨਹੀਂ ਕਿ ਸਾਡੇ ਵਿਚ ਪ੍ਰਚਾਰ ਦੀ ਘਾਟ ਹੈ ਜਾਂ ਅਸੀਂ ਨਾ ਅਦਬ ਵਾਲਿਆਂ ਨੂੰ ਵੇਖਦੇ ਹਾਂ ਨਾ ਅਦਬ ਵਾਲਿਆਂ ਦੀ ਸੁਣਦੇ ਹਾਂ। ਗੁਰੂ ਅੱਗੇ ਭੇਟਾ ਸੁਟਣੀ ਨਹੀਂ, ਰੱਖਣੀ ਹੈ।

ਅਦਬ ਤੋਂ ਬਾਅਦ ਦੂਸਰੀ ਗੱਲ ਹੈ, ਸਿੱਖਿਆ।

ਗੁਰੂ ਜੋ ਸਿਖਾਵੇ ਸਿੱਖਣਾ ਹੈ। ਗੁਰਮੁਖੀ ਅੱਖਰ ਸਿੱਖਣੇ ਹਨ, ਗੁਰਬਾਣੀ ਦਾ ਪਾਠ ਸਿੱਖਣਾ ਹੈ, ਉਚਾਰਨ ਵਿਸ਼ਰਾਮ ਕਿਸੇ ਗੁਰਬਾਣੀ ਦੇ ਸਿਆਣੇ ਵਿਦਵਾਨ ਤੋਂ ਸਿੱਖਣੇ ਹਨ। ਜਦੋਂ ਅਸੀਂ ਸ਼ਬਦ ਗੁਰੂ ਕਹਿੰਦੇ ਹਾਂ, ਸਤਿਗੁਰੂ ਤੇ ਸਿੱਖ ਦਾ ਬੜਾ ਗਹਿਰਾ ਨਾਤਾ ਹੁੰਦਾ ਹੈ। ਸਿੱਖ ਗੁਰੂ ਦੇ ਇਸ਼ਾਰੇ ਵੀ ਸਮਝਦਾ ਹੈ। ਇਸੇ ਤਰ੍ਹਾਂ ਸਿੱਖ ਦੀ ਤੇ ਸ਼ਬਦ ਦੀ ਬੜੀ ਗਹਿਰੀ ਸਾਂਝ ਚਾਹੀਦੀ ਹੈ ਤਾਂ ਕਿ ਕੋਈ ਅਨਮਤੀਆ ਅਰਥਾਂ ਦੇ ਅਨਰਥ ਕਰਕੇ ਸਿੱਖਾਂ ਨੂੰ ਕੁਰਾਹੇ ਨਾ ਪਾ ਦੇਵੇ।

ਤੀਸਰੀ ਗੱਲ ਹੈ ਸ਼ਬਦ ਦੀ ਕਮਾਈ।

ਜੋ ਸਤਿਗੁਰੂ ਕਹਿੰਦੇ ਹਨ, ਉਹ ਕਮਾਈ ਕਰਨੀ। ਗੁਰੂ ਉਪਦੇਸ਼ ਅਨੁਸਾਰ ਆਪਣਾ ਜੀਵਨ ਬਿਤਾਉਣਾ।

ਗੁਰੂ ਜਦੋਂ ਜੀਵਨ ਵਿਚ ਅੰਗ ਸੰਗ ਹੁੰਦਾ ਹੈ ਤਾਂ ਫਿਰ ਸੁਰਤਿ ਜਾਗੀ ਹੁੰਦੀ ਹੈ। ਫਿਰ ਜਾਗੀ ਸੁਰਤਿ ਸਦਾ ਸ਼ਬਦ ਦੇ ਸਾਥ ਵਿਚ ਰਹਿੰਦੀ ਹੈ, ਵਿਛੜਦੀ ਨਹੀਂ। ਧਿਆਨ ਵਿਚ ਸ਼ਬਦ ਵਸਿਆ ਰਹਿੰਦਾ ਹੈ। ਫਿਰ ਨਾ ਬੰਦਾ ਕਿਸੇ ਨਾਲ ਧੋਖਾ ਕਰਦਾ ਹੈ, ਨਾ ਆਪਣੇ ਆਪ ਨਾਲ। ਨਾ ਹੀ ਕਿਸੇ ਨੂੰ ਕੁਰਾਹੇ ਪਾਉਂਦਾ ਹੈ, ਨਾ ਹੀ ਆਪ ਕੁਰਾਹੇ ਪੈਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਇਕ ਮਹਾਂਪੁਰਖ ਬੜੇ ਨਾਮਰਸੀਏ ਤੇ ਗੁਰਮਤਿ ਤਤਵੇਤਾ ਸਨ। ਉਨ੍ਹਾਂ ਨੂੰ ਇਕ ਮਾਤਾ ਨੇ ਕਹਿ ਦਿੱਤਾ ਕਿ ਮਹਾਰਾਜ ਮੈਂ ਤੁਹਾਨੂੰ ਗੁਰੂ ਬਣਾ ਲਵਾਂ। ਉਨ੍ਹਾਂ ਕਿਹਾ, ਮਾਤਾ ਕੀ ਤੂੰ ਅੱਜ ਤੱਕ ਨਿਗੁਰੀ ਹੈਂ? ਮਾਤਾ ਨੇ ਕਿਹਾ, ਬਚਪਨ ਵਿਚ ਇਕ ਵਾਰੀ ਗੁਰੂ ਬਣਾਇਆ ਉਹ ਵੀ ਚੱਲ ਵਸਿਆ, ਫਿਰ ਸ਼ਾਦੀ ਤੋਂ ਬਾਅਦ ਪਤੀ ਪਤਨੀ ਦੋਵਾਂ ਇਕ ਗੁਰੂ ਬਣਾਇਆ, ਉਹ ਵੀ ਚੜ੍ਹਾਈ ਕਰ ਗਏ। ਉਸ ਗੁਰਮੁਖ ਨੇ ਕਿਹਾ ਸੀ, ਕੀ ਹੁਣ ਮੇਰਾ ਸਤਿਆਨਾਸ ਕਰਨ ਦਾ ਇਰਾਦਾ ਹੈ? ਆ ਤੈਨੂੰ ਐਸਾ ਗੁਰੂ ਦੱਸਾਂ, ਸਾਰਾ ਸੰਸਾਰ ਮਰ ਜਾਏਗਾ ਉਹ ਫਿਰ ਵੀ ਕਾਇਮ ਰਹੇਗਾ। ਕਿੰਨੇ ਕੁ ਗੁਰੂ ਤਬਦੀਲ ਕਰਦੀ ਫਿਰੇਂਗੀ? ਗੁਰੂ ਹੈ ਸ਼ਬਦ, ਸ਼ਬਦ ਦੇ ਲੜ ਲੱਗ।

ਗੁਰਵਾਕ ਹੈ–

*ਭਵਜਲੁ ਬਿਨੁ ਸਬਦੈ ਕਿਉ ਤਰੀਐ॥*
*ਨਾਮ ਬਿਨਾ ਜਗ ਰੋਗ ਬਿਆਪਿਆ*
*ਦੁਬਿਧਾ ਡੁਬਿ ਡੁਬਿ ਮਰੀਐ॥*

–ਭੈਰਉ ਮਹਲਾ ੧, ਪੰਨਾ ੧੧੨੫

ਸਿੱਖ ਦਾ ਨਿਸਤਾਰਾ ਇਸ ਸ਼ਬਦ ਨੇ ਕਰਨਾ ਹੈ। ਜਿਹੜੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ, ਇਹ ਹੁਕਮ ਹੈ ਪਰਮਾਤਮਾ ਦਾ ਅਤੇ ਹੁਕਮ ਵਿਚ ਹੁਕਮੀ ਬੈਠਾ ਹੈ।

ਜੇਕਰ ਆਕਾਰ ਰੂਪੀ ਗੁਰੂ ਦਸ ਜਾਮੇ ਸ਼ਬਦ ਅੱਗੇ ਝੁਕੇ ਹਨ ਤਾਂ ਸੰਸਾਰ ਨੂੰ ਵੀ ਸ਼ਬਦ ਅੱਗੇ ਹੀ ਝੁਕਣਾ ਚਾਹੀਦਾ ਹੈ।

ਸੁਰਤਿ ਸਿੱਖ ਹੈ, ਸ਼ਬਦ ਗੁਰੂ ਹੈ। ਗੁਰੂ ਉਹ ਹੈ ਜੋ ਸੁਰਤਿ ਨੂੰ ਜਗਾਈ ਰੱਖੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਡੀ ਸੁਰਤਿ ਨੂੰ ਜਗਾਉਂਦੀ ਹੈ। ਸ਼ਬਦ ਦਾ ਵਾਸਾ ਸਚਖੰਡ ਹੈ, ਸੁਰਤਿ ਨੂੰ ਵੀ ਇਹ ਸਚਖੰਡ ਪਹੁੰਚਾਉਂਦੀ ਹੈ।

ਅੱਜ ਅਸੀਂ ਜੇ ਪ੍ਰਮੇਸ਼ਰ ਨੂੰ ਪਾਉਣਾ ਹੈ ਤਾਂ ਸਾਡੇ ਵਾਸਤੇ ਪਰਮਾਤਮਾ ਦੇ ਰਹਿਣ ਵਾਲਾ ਥਾਂ ਕਿਹੜਾ ਹੈ ਜਿੱਥੇ ਪਰਮਾਤਮਾ ਵੱਸਦਾ ਹੈ। ਸਾਡੇ ਵਾਸਤੇ ਪ੍ਰਮਾਤਮਾ ਸਿਫ਼ਤ ਸਲਾਹ ਵਿਚ ਹੈ। ਅਸੀਂ ਉਸਦੇ ਗੁਣਾਂ ਨੂੰ ਗਾ ਕੇ ਹੀ ਗੁਣੀ ਨਿਧਾਨ ਵਿਚ ਲੀਨ ਹੋਣਾ ਹੈ। ਇਸ ਲਈ ਸਤਿਗੁਰੂ ਦੇ ਸ਼ਬਦ ਵਿਚ ਪਰਮਾਤਮਾ ਵੱਸਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਨਾਮ ਪੋਥੀ ਹੀ ਹੈ । ਇਹ ਪੋਥੀ ਨਾਮ ਤਤਕਰੇ ਵਿਚ ਲਿਖਿਆ ਹੈ। ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਪੋਥੀ ਪ੍ਰਮੇਸਰ ਦੇ ਰਹਿਣ ਦਾ ਥਾਂ ਹੈ। ਸਤਿਗੁਰੂ ਫ਼ੁਰਮਾਉਂਦੇ ਹਨ–

*ਪੋਥੀ ਪ੍ਰਮੇਸਰ ਕਾ ਥਾਨੁ॥*
*ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥*

–ਸਾਰੰਗ ਮਹਲਾ ੫, ਪੰਨਾ ੧੨੨੬

Sri Satguru Jagjit Singh Ji eLibrary NamdhariElibrary@gmail.com

ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਹਨ–ਜਿਵੇਂ ਘਰ ਵਿਚ ਆਟਾ, ਖੰਡ, ਘਿਉ ਸਭ ਕੁਝ ਹੈ ਪਰ ਜਦੋਂ ਪ੍ਰਾਹੁਣਾ ਆਵੇ ਅਸੀਂ ਉਚੇਚੇ ਪਕਵਾਨ ਬਣਾਉਂਦੇ ਹਾਂ ਜਿਵੇਂ ਕਿ ਇਸਤਰੀ ਪਾਸ ਗਹਿਣੇ ਕੱਪੜੇ ਹੋਣ, ਪਰ ਵਿਆਹ ਸ਼ਾਦੀ ਤੇ ਉਚੇਚੇ ਤੌਰ ਤੇ ਆਪਣੇ ਆਪ ਨੂੰ ਸੰਵਾਰਦੀ ਹੈ। ਜਿਵੇਂ ਹੀਰੇ ਮੋਤੀ ਸਰਾਫ਼ ਪਾਸ ਹੋਣ, ਗਾਹਕ ਆਉਂਦਾ ਹੈ ਤਾਂ ਉਹ ਹੀਰੇ ਅੱਗੇ ਰੱਖ ਕੇ ਲਾਹਾ ਪਾਉਂਦਾ ਹੈ। ਗੁਰੂ ਨੇ ਸਿੱਖਾਂ ਦੀ ਆਮਦ ਤੇ ਆਪਣਾ ਹਿਰਦਾ ਅੱਗੇ ਰੱਖਿਆ ਹੈ, ਆਪਣਾ ਆਪਾ ਅੱਗੇ ਰੱਖਿਆ ਹੈ। ਬਾਣੀ ਦੇ ਸ਼ਬਦਾਂ ਦਾ ਸੰਗ੍ਰਹਿ ਪੋਥੀ ਸਾਹਿਬ ਸਿੱਖਾਂ ਅੱਗੇ ਰੱਖੀ ਕਿ ਪੜ੍ਹ ਸੁਣ ਕੇ ਇਨ੍ਹਾਂ ਦੀ ਲਿਵ ਪ੍ਰਮਾਤਮਾ ਨਾਲ ਲੱਗੇਗੀ–

*ਜੈਸੇ ਖਾਂਡ ਚੂਨ ਘ੍ਰਿਤ ਹੋਤ ਘਰ ਹੀ ਬਿਖੈ ਪੈ।*
*ਪ੍ਰਾਹੁਨਾ ਕੇ ਆਏ ਪੂਰੀ ਕੈ ਖਵਾਇ ਖਾਈਐ॥*
*ਜੈਸੇ ਚੀਰ ਹਾਰ ਮੁਕਤਾ ਕਨਕ ਆਭਰਨ ਪੈ।*
*ਬਿਆਹ ਕਾਜ ਸਾਜ ਤਨ ਸੁਜਨ ਦਿਖਾਈਐ॥*
*ਜੈਸੇ ਹੀਰਾ ਮਾਨਕ ਅਮੋਲ ਹੋਤ ਹਾਟ ਹੀ ਮੈ।*
*ਗਾਹਕੈ ਦਿਖਾਇ ਬਿੜਤਾ ਬਿਸੇਖ ਪਾਈਐ॥*
*ਤੈਸੇ ਗੁਰਬਾਣੀ ਲਿਖ ਪੋਥੀ ਬਾਂਧ ਰਾਖੀਅਤ।*
*ਗੁਰਸਿਖ ਮਿਲ ਪੜ ਸੁਣ ਲਿਵ ਲਾਈਐ॥*

–ਭਾਈ ਗੁਰਦਾਸ ਜੀ

ਭਾਈ ਨੰਦ ਲਾਲ ਜੀ ਕਹਿੰਦੇ ਹਨ ਜੋ ਸ਼ਬਦ ਵਿਚ ਸ਼ਰਧਾ ਪ੍ਰੀਤ ਰੱਖਦਾ ਹੈ, ਉਹ ਗੁਰੂ ਦੇ ਦਰਸ਼ਨ ਹਰ ਰੋਜ਼ ਹੀ ਉਠ ਕੇ ਕਰਦਾ ਹੈ–

*ਵਿਸਾਹ ਪ੍ਰੀਤਿ ਗੁਰ ਸ਼ਬਦ ਜਿ ਧਰੇ।*
*ਸੁ ਗੁਰ ਕਾ ਦਰਸ਼ਨ ਨਿਤ ਉਠ ਕਰੇ।*

–ਭਾਈ ਨੰਦ ਲਾਲ ਜੀ

ਗੁਰੂ ਦੇ ਇਕ ਬਚਨ ਲਈ ਜਗਿਆਸੂ ਤਰਸਦਾ ਹੈ ਕਿ ਗੁਰੂ ਬੋਲੇ। ਕਿੰਨਾ ਵੀ ਸ਼ਾਂਤੀ ਨਾਥ ਗੁਰੂ ਹੋਵੇ, ਸਿੱਖ ਪੰਜ ਦਸ ਵਾਰ ਪ੍ਰਸ਼ਨ ਪੁੱਛੇ, ਗੁਰੂ ਤੰਗ ਆ ਹੀ ਜਾਏਗਾ ਪਰ ਸ਼ਬਦ ਗੁਰੂ ਨੂੰ ਕੋਈ ਹਜ਼ਾਰ ਵਾਰ ਪੁੱਛੇ, ਇਹ ਸ਼ਬਦ ਗੁਰੂ ਦੇ ਦਰਸ਼ਨ ਕੀਤਿਆਂ ਹੀ ਪ੍ਰੇਰਨਾ ਮਿਲਦੀ ਹੈ। ਨਾ ਹੀ ਸ਼ਬਦ ਗੁਰੂ ਥੱਕਦਾ ਹੈ ਅਤੇ ਨਾ ਹੀ ਸਿੱਖ ਨੂੰ ਸ਼ਬਦ ਸੁਣਦਿਆਂ ਥੱਕਣਾ ਚਾਹੀਦਾ ਹੈ।

ਗ਼ੈਰ-ਸਿੱਖਾਂ ਵੀ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕੀਤੇ ਤਾਂ ਕਹਿ ਉਠੇ–

*ਜਿਤੋ ਫਲ ਹੋਤ ਕੋਟ ਤੀਰਥ ਪਰਸ ਕੀਏ।*
*ਤਿਤੋ ਫਲ ਹੋਤ ਗੁਰੂ ਗ੍ਰੰਥ ਸ਼ਰਣ ਆਇ ਕੇ।*

ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਕ ਸਾਖੀ ਹੈ ਕਿ ਸਿੱਖਾਂ ਨੂੰ ਸਤਿਗੁਰਾਂ ਕਿਹਾ ਸੀ, ਮੈਂ ਇਹ ਤੀਰ ਚਲਾਉਣ ਲੱਗਾ ਹਾਂ। ਵੇਖਣਾ ਇਹ ਗਵਾਚ ਨਾ ਜਾਵੇ। ਧਿਆਨ ਨਾਲ ਵੇਖਣਾ, ਜਿੱਥੇ ਡਿੱਗੇ ਚੁੱਕ ਲਿਆਉਣਾ। ਸਿੱਖਾਂ ਤੀਰ ਚੱਲਣ ਤੋਂ ਬਾਅਦ ਵੇਖਿਆ ਤੀਰ ਜ਼ਮੀਨ ਤੇ ਨਹੀਂ ਆਇਆ, ਸਿੱਖਾਂ ਆ ਕੇ ਸਤਿਗੁਰਾਂ ਨੂੰ ਆਪਣੀ ਮਜਬੂਰੀ ਦੱਸੀ, ਸਤਿਗੁਰਾਂ ਕਿਹਾ ਹੈਰਾਨ ਨਾ ਹੋਵੋ ਤੁਹਾਡਾ ਦੋਸ਼ ਨਹੀਂ। ਹੁਮਾ ਦੇ ਪੰਖ ਨਾਲ ਮੈਂ ਤੀਰ ਤੋੜ ਦਿੱਤਾ ਸੀ ਹੁਮਾ ਪੰਖੀ ਦਾ ਪੰਖ ਤੀਰ ਨੂੰ ਆਕਾਸ਼ ਵਿਚ ਲੈ ਗਿਆ ਹੈ। ਹੁਮਾ ਦਾ ਪੰਖ ਹੈ ਸਤਿਗੁਰੂ ਦਾ ਸ਼ਬਦ, ਤੀਰ ਹੈ ਸਿੱਖ ਦੀ ਸੁਰਤ। ਮੈਂ ਤੁਹਾਡੀ ਸੁਰਤਿ ਨੂੰ ਵੀ ਸ਼ਬਦ ਨਾਲ ਜੋੜ ਦਿੱਤਾ ਹੈ, ਸ਼ਬਦ ਸਚਖੰਡ ਵਿਚੋਂ ਆਇਆ ਹੈ ਸਿੱਖ ਨੂੰ ਸਚਖੰਡ ਵਿਚ ਹੀ ਲੈ ਜਾਵੇਗਾ, ਬਸ ਸ਼ਬਦ ਨਾਲ ਸੁਰਤਿ ਜੁੜੀ ਰਹੇ ਇਹ ਬਹੁਤ ਹੀ ਜ਼ਰੂਰੀ ਹੈ।

ਸਾਰੀ ਵਿਚਾਰ ਦਾ ਤੱਤ ਸਾਰ ਇਹ ਹੈ–

੧. ਸ਼ਬਦ ਗੁਰੂ ਹੈ ਸੁਰਤਿ ਹੀ ਚੇਲਾ ਹੈ।

੨. ਗੁਰੂ ਉਹ ਹੈ ਜੋ ਸੁਰਤਿ ਨੂੰ ਜਗਾ ਦੇਵੇ। ਸ਼ਬਦ ਗੁਰੂ ਹੀ ਸੁਰਤਿ ਦੇ ਸੰਗ ਵਿਚ ਰਹਿ ਸਕਦਾ ਹੈ ਤੇ ਸੁਰਤਿ ਨੂੰ ਜਗਾ ਸਕਦਾ ਹੈ। ਜਾਗੀ ਸੁਰਤਿ ਨਾਲ ਜੋ ਹੋਵੇਗਾ, ਧਰਮ ਹੋਵੇਗਾ। ਜਾਗੀ ਸੁਰਤਿ ਵਿਚ ਵਿਵੇਕ ਹੋਵੇਗਾ, ਸਾਰੇ ਦੈਵੀ ਗੁਣ ਵੀ ਜਾਗੀ ਸੁਰਤਿ ਵਿਚ ਜਾਗ ਪੈਣਗੇ ਅਤੇ ਸੁੱਤੀ ਸੁਰਤਿ ਵਿਚ ਸੌਂ ਜਾਣਗੇ। ਸ਼ਬਦ ਹੀ ਸੁਰਤਿ ਨੂੰ ਜਗਾ ਸਕਦਾ ਹੈ।

੩. ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਗੁਰੂ ਹਨ। ਇਹ ਸ਼ਬਦ ਗੁਰੂ ਨੇ ਅਨੇਕਾਂ ਦੀ ਸੁਰਤਿ ਨੂੰ ਜਗਾਇਆ ਹੈ, ਜਗਾ ਰਿਹਾ ਹੈ ਅੱਗੋਂ ਜਗਾਉਂਦਾ ਰਹੇਗਾ।

੪. ਸ਼ਬਦ ਨੂੰ ਪ੍ਰਚਾਰਨ ਵਾਲੇ ਸ਼ਬਦ ਦੇ ਪ੍ਰਚਾਰਕ ਹਨ, ਗੁਰੂ ਨਹੀਂ। ਸ਼ਬਦ ਤਾਂ ਪਰਮਾਤਮਾ ਦਾ ਹੈ। ਮਨੁੱਖਤਾ ਇਸ ਦਾ ਕੋਈ ਮੁੱਲ ਨਹੀਂ ਪਾ ਸਕਦੀ, ਸਿਰਫ਼ ਆਪਣਾ ਆਪ, ਇਸ ਦੀ ਭੇਟ ਰੱਖਣਾ ਹੈ।

੫. ਸਿੱਖ ਉਹ ਹੈ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਕਰਦਾ ਹੈ, ਸ਼ਰਧਾ ਰੱਖਦਾ ਹੈ। ਇਸ ਗੁਰੂ ਨੂੰ ਛੱਡ ਕੇ ਕਿਸੇ ਹੋਰ ਵਿਅਕਤੀ ਅੱਗੇ ਗੁਰੂ ਮੰਨ ਕੇ ਸਿਰ ਨਹੀਂ ਝੁਕਾਉਂਦਾ। ਬਾਣੀ ਪੜ੍ਹਨੀ ਸਿਖਦਾ ਹੈ ਫਿਰ ਸ਼ਬਦ ਦੇ ਆਧਾਰ ਤੇ ਆਪਣਾ ਜੀਵਨ ਬਣਾਉਂਦਾ ਹੈ।

ਵਿਅਕਤੀਆਂ ਤੋਂ ਉੱਚੇ ਉੱਠ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਤੱਕ ਪੁੱਜਣਾ, ਇਹੀ ਹੈ ਧਰਮ ਦੀ ਯਾਤਰਾ।

Sri Satguru Jagjit Singh Ji eLibrary NamdhariElibrary@gmail.com

# 15 ਸਨਮੁਖ-ਮਨਮੁਖ

ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ॥
ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ॥
ਕਿਨਿ ਬਿਧਿ ਮਿਲੀਐ, ਕਿਨਿ ਬਿਧਿ ਬਿਛੁਰੈ,
ਇਹ ਬਿਧਿ ਕਉਣੁ ਪ੍ਰਗਟਾਏ ਜੀਉ॥
ਗੁਰਮੁਖਿ ਸੁਖੀਆ ਮਨਮੁਖਿ ਦੁਖੀਆ॥
ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ॥
ਗੁਰਮੁਖਿ ਬਿਧਿ ਪ੍ਰਗਟਾਏ ਜੀਉ॥

—ਮਾਝ ਮਹਲਾ ੫, ਪੰਨਾ ੧੩੧

ਸਤਿਗੁਰਾਂ ਨੂੰ ਇਕ ਵਾਰ ਸਿੱਖਾਂ ਪੁਛਿਆ ਸੀ ਕਿ ਸਤਿਗੁਰੂ ਜੀ ਮਨਮੁਖ ਕੌਣ ਹੈ, ਸਨਮੁਖ ਕੌਣ ਹੈ। ਸਤਿਗੁਰੂ ਜੀ ਨੇ ਉੱਤਰ ਦਿੱਤਾ ਸੀ ਕਿ ਜਿਵੇਂ ਇਕ ਸ਼ਾਹ ਨੇ ਦੋ ਵਣਜਾਰਿਆਂ ਨੂੰ ਸੌਦਾ ਦੇ ਕੇ ਭੇਜਿਆ ਸੀ ਕਿ ਰਾਸ ਲੈ ਜਾਉ ਤੁਹਾਡਾ ਸਫਰ ਲੰਮਾ ਹੈ, ਤੁਸੀਂ ਪੰਦਰਾਂ ਦਿਨਾਂ ਵਿਚ ਸਫਰ ਕਰਕੇ ਦੂਸਰੇ ਸ਼ਹਿਰ ਜਾਉਗੇ, ਪੰਦਰਾਂ ਦਿਨ ਹੀ ਆਉਂਦਿਆਂ ਲੱਗਣਗੇ ਅਤੇ ਦੋ ਮਹੀਨੇ ਉਥੇ ਰਹਿ ਕੇ ਹੀ ਵਪਾਰ ਕਰਨਾ। ਠੀਕ ਤਿੰਨ ਮਹੀਨੇ ਬਾਅਦ ਮੈਂ ਸੰਦੇਸ਼ ਭੇਜਾਂਗਾ। ਤੁਹਾਡੇ ਪਾਸ ਨਕਦੀ ਹੋਵੇਗੀ ਸੰਭਾਲ ਕੇ ਲੈ ਆਉਣੀ। ਛੇਤੀ ਨਹੀਂ ਕਰਨੀ, ਸੁਨੇਹਾ ਭੇਜਾਂ ਤਾਂ ਹੀ ਆਉਣਾ, ਨਹੀਂ ਤਾਂ ਉਡੀਕ ਕਰਨੀ। ਇਕ ਵਣਜਾਰੇ ਨੇ ਸਿਆਣਪ ਨਾਲ ਸੌਦਾ ਵੇਚਿਆ ਬੜੀ ਛੇਤੀ ਹੀ ਉਸਦਾ ਸੌਦਾ ਵਿਕ ਗਿਆ। ਪਰ ਅਜੇ ਤੱਕ ਸ਼ਾਹ ਦਾ ਸੁਨੇਹਾ ਨਹੀਂ ਆਇਆ। ਉਹ ਉਡੀਕ ਰਿਹਾ ਹੈ। ਕਦੋਂ ਵਾਪਸੀ ਹੁਕਮ ਆਵੇ ਜੋ ਸਮਾਂ ਮਿਥਿਆ ਸੀ ਉਸ ਵਿਚੋਂ ਅਜੇ ਕਾਫ਼ੀ ਦਿਨ ਰਹਿੰਦੇ ਹਨ। ਇਹ ਉਡੀਕ ਰਿਹਾ ਹੈ ਮਨ ਵਿਚ ਲਾਲਸਾ ਹੈ, ਸੁਨੇਹਾ ਆਵੇ ਮਾਲਕ ਦੇ ਸਾਹਮਣੇ ਜਾਵਾਂ।

ਦੂਸਰੇ ਵਣਜਾਰੇ ਨੇ ਸਭ ਕੁਝ ਹੀ ਗੁਆ ਦਿੱਤਾ ਉਸ ਨੇ ਨਫ਼ਾ ਤਾਂ ਕੀ ਖੱਟਣਾ ਸੀ, ਸਾਰੀ ਪੂੰਜੀ ਵੀ ਲੁਟਾ ਬੈਠਾ। ਜਦੋਂ ਦੂਸਰਾ ਵਣਜਾਰਾ ਮਿਲਦਾ ਹੈ ਤਾਂ ਇਸ ਨੂੰ ਘਬਰਾਹਟ ਹੁੰਦੀ ਹੈ। ਜਦੋਂ ਉਹ ਕਹਿੰਦਾ ਹੈ ਮਾਲਕ ਕਦੋਂ ਸੱਦੇਗਾ, ਹੁਣ



Sri Satguru Jagjit Singh Ji eLibrary NamdhariElibrary@gmail.com

ਇਥੇ ਸਾਡਾ ਕੰਮ ਕੋਈ ਨਹੀਂ ਇਸ ਨੂੰ ਸੁਣ ਕੇ ਬੜੀ ਤਕਲੀਫ਼ ਹੁੰਦੀ ਹੈ। ਇਹ ਤਾਂ ਕਹਿੰਦਾ ਹੈ ਕਿ ਜਾਣ ਦਾ ਸਮਾਂ ਆਵੇ ਹੀ ਨਾ। ਇਕ ਉਡੀਕ ਰਿਹਾ ਹੈ ਕਿ ਕਦੋਂ ਸਮਾਂ ਮੁੱਕੇ, ਇਕ ਕਹਿ ਰਿਹਾ ਹੈ ਕਿਤੇ ਜੋ ਸਮਾਂ ਮਹੀਨਿਆਂ ਦਾ ਹੈ ਇਹ ਯੁਗਾਂ ਦਾ ਹੋ ਜਾਵੇ। ਪਰ ਸਮਾਂ ਕਦੋਂ ਉਡੀਕਦਾ ਹੈ, ਆਖਿਰ ਸਮਾਂ ਆ ਗਿਆ। ਜਿਸ ਨੇ ਨਫਾ ਖੱਟਿਆ ਸੀ ਉਹ ਖੁਸ਼ੀ ਨਾਲ ਆਏ ਸੱਜਣਾਂ ਨੂੰ ਮਿਲਿਆ ਤੇ ਕਿਹਾ, ਸ਼ੁਕਰ ਹੈ ਤੁਸੀਂ ਆਏ। ਮੈਂ ਉਡੀਕ ਹੀ ਰਿਹਾ ਸਾਂ, ਕਦੋਂ ਤੁਸੀਂ ਆਉ। ਹੁਣ ਤਾਂ ਕੰਮ ਬਿਨਾਂ ਇਥੇ ਮਨ ਨਹੀਂ ਸੀ ਲੱਗਦਾ, ਚਲੋ ਚਲੀਏ। ਪਰ ਦੂਸਰਾ ਵਣਜਾਰਾ ਤਾਂ ਲੁੱਕ ਗਿਆ। ਪਰ ਲੱਭਣ ਵਾਲਿਆਂ ਲੱਭ ਲਿਆ। ਇਕ ਤਾਂ ਆਦਰ ਨਾਲ, ਖ਼ੁਸ਼ੀ ਨਾਲ ਜਾ ਰਿਹਾ ਹੈ। ਪਰ ਦੂਸਰਾ ਜਿਹੜਾ ਲੁੱਕ ਗਿਆ ਸੀ, ਆਏ ਸੱਜਣਾਂ ਸੋਚਿਆ ਇਸ ਦਾ ਕੀ ਭਰੋਸਾ ਹੈ ਫਿਰ ਲੁੱਕ ਜਾਏ, ਰਸਤੇ ਵਿਚੋਂ ਭੱਜ ਜਾਏ, ਉਨ੍ਹਾਂ ਇਸਦੇ ਹੱਥ ਪੈਰ ਬੰਨ੍ਹ ਕੇ ਆਪਣੇ ਰੱਥ ਵਿਚ ਸੁੱਟ ਲਿਆ ਤੇ ਦੋਵਾਂ ਨੂੰ ਹੀ ਮਾਲਕ ਦੇ ਸਾਹਮਣੇ ਜਾ ਕੀਤਾ।

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*

—ਆਸਾ ਕੀ ਵਾਰ, ਪੰਨਾ ੪੬੪

ਇਕ ਨੂੰ ਤਾਂ ਜਮਾਂ ਨੇ ਗਲ ਵਿਚ ਸੰਗਲ ਪਾ ਕੇ ਮਾਲਕ ਦੇ ਸਾਹਮਣੇ ਆ ਖੜ੍ਹਾ ਕੀਤਾ ਕਿ ਇਹ ਤੁਹਾਡਾ ਚੋਰ ਹੈ, ਜੋ ਚਾਹੁੰਦੇ ਹੋ ਇਸ ਨੂੰ ਸਜ਼ਾ ਦੇਵੋ। ਪਰ ਦੂਸਰਾ ਜਿਸ ਜੀਵ ਵਣਜਾਰੇ ਨੇ ਆਪਣਾ ਜਨਮ ਸੰਵਾਰਿਆ ਹੈ ਉਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ—

*ਗੁਰਮੁਖਿ ਜਨਮ ਸਵਾਰਿ ਦਰਗਹ ਚਲਿਆ।*
*ਸਚੀ ਦਰਗਹ ਜਾਇ ਸਚਾ ਪਿੜ ਮਲਿਆ।*
*ਗੁਰਮੁਖ ਭੋਜਨ ਭਾਉ ਚਾਉ ਅਲਲਿਆ।*
*ਗੁਰਮੁਖ ਨਿਹਚਲੁ ਚਿਤ ਨਾ ਹਲੈ ਹਲਿਆ।*
*ਗੁਰਮੁਖ ਸਚ ਅਲਾਉ ਭਲੀ ਹੂੰ ਭਲਿਆ।*
*ਗੁਰਮੁਖ ਸਦੇ ਜਾਨਿ ਆਵਨਿ ਘਲਿਆ।*

—ਵਾਰ ੧੯, ਭਾਈ ਗੁਰਦਾਸ ਜੀ, ਪਉੜੀ ੧੪

ਇਕ ਤਾਂ ਖੁਸ਼ੀ ਨਾਲ ਆਪ ਗਿਆ, ਮਾਲਕ ਨੇ ਗਲ ਨਾਲ ਲਾਇਆ ਅਤੇ ਅੱਗੇ ਨਾਲੋਂ ਰੁਤਬਾ ਵਧਾ ਦਿੱਤਾ ਅਤੇ ਕਿਹਾ ਤੂੰ ਮੇਰੀ ਇੱਜ਼ਤ ਹੈਂ ਤੂੰ ਮੇਰੀ ਸ਼ਾਨ ਹੈਂ। ਮੈਨੂੰ ਤੇਰੇ ਤੇ ਭਰੋਸਾ ਹੈ, ਮੈਂ ਅੱਗੋਂ ਤੋਂ ਤੈਨੂੰ ਵੱਡੇ ਫਰਜ਼ ਸੌਂਪਾਂਗਾ ਅਤੇ ਦੂਸਰੇ ਨੂੰ ਕਿਹਾ ਤੂੰ ਜਿੰਨਾ ਮਾਲ ਲੁਟਾਇਆ ਹੈ ਉਸ ਦੇ ਇਵਜ਼ ਵਿਚ ਮੈਂ ਤੈਨੂੰ

Sri Satguru Jagjit Singh Ji eLibrary NamdhariElibrary@gmail.com

ਦੋ ਸਾਲ ਕਾਲ ਕੋਠੜੀ ਵਿਚ ਬੰਦ ਰੱਖਾਂਗਾ ਅਤੇ ਅਗੋਂ ਲਈ ਤੇਰਾ ਭਰੋਸਾ ਨਹੀਂ ਕਰਾਂਗਾ।

ਸਤਿਗੁਰਾਂ ਕਿਹਾ ਸੀ, ਪਰਮਾਤਮਾ ਸ਼ਾਹ ਹੈ, ਜੀਵ ਵਣਜਾਰਾ ਹੈ—

*ਸਚੁ ਸ਼ਾਹੁ ਹਮਾਰਾ ਤੂੰ ਧਣੀ॥*
*ਸਭੁ ਜਗਤੁ ਵਣਜਾਰਾ ਰਾਮ ਰਾਜੇ॥*
*ਸਭੁ ਭਾਂਡੇ ਤੁਧੈ ਸਾਜਿਆ*
*ਵਿਚਿ ਵਸਤੁ ਹਰਿ ਥਾਰਾ॥*

—ਆਸਾ ਮਹਲਾ ੪, ਪੰਨਾ ੪੪੯

ਇਕ ਵਣਜਾਰਾ ਐਸਾ ਹੈ ਜਿਸ ਨੇ ਉਸ ਦੀ ਬਖ਼ਸ਼ੀ ਦਇਆ ਨੂੰ ਹੋਰ ਵਧਾਇਆ। ਉਸਦੇ ਦਿੱਤੇ ਸੰਤੋਖ ਨੂੰ ਹੋਰ ਵਧਾਇਆ, ਉਸਦੇ ਦਿੱਤੇ ਧਰਮ ਨੂੰ ਹੋਰ ਵਧਾਇਆ, ਉਸ ਦੇ ਸਿਮਰਨ ਨੂੰ ਹੋਰ ਵਧਾਇਆ, ਉਸ ਦੇ ਬਖ਼ਸ਼ੇ ਸ਼ੁਭ ਗੁਣਾਂ ਦੀ ਖੱਟੀ-ਖੱਟੀ ਅਤੇ ਹੁਣ ਉਹ ਦਿਨ-ਰਾਤ ਉਡੀਕ ਕਰ ਰਿਹਾ ਹੈ ਕਿ ਮਾਲਕ ਕਦੋਂ ਆਵਾਜ਼ ਮਾਰੇ ਅਸੀਂ ਵਾਪਸ ਜਾਈਏ, ਉਹ ਦਿਨ-ਰਾਤ ਯਾਦ ਕਰ ਰਿਹਾ ਹੈ—

*ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ॥*
*ਧੰਨੁ ਸੁ ਤੇਰਾ ਥਾਨੁ॥*

—ਸਿਰੀ ਰਾਗੁ ਮਹਲਾ ੫, ਪੰਨਾ ੫੦

*ਧੰਨੁ ਸੁ ਦੇਸੁ ਜਹਾ ਤੂੰ ਵਸਿਆ*
*ਮੇਰੇ ਸਜਣ ਮੀਤ ਮੁਰਾਰੇ ਜੀਉ॥*

—ਮਾਝ ਮਹਲਾ ੫, ਪੰਨਾ ੯੬

ਉਹ ਤਾਂ ਉਡੀਕ ਕਰ ਰਹੇ ਹਨ ਕਿ ਕਦੋਂ ਮਾਲਕ ਦਾ ਸੁਨੇਹਾ ਆਵੇ ਅਤੇ ਕਦੋਂ ਉਸਦੇ ਸਾਹਮਣੇ ਜਾ ਖੜ੍ਹੇ ਹੋਈਏ, ਇਹ ਸਨਮੁਖ ਹਨ। ਪਰ ਮਨਮੁਖ ਉਹ ਵਣਜਾਰੇ ਹਨ ਜੋ ਗੁਣ ਉਸ ਦੇ ਪਾਸੋਂ ਲੈ ਕੇ ਆਏ ਸਨ ਉਹ ਗੁਆ ਬੈਠੇ ਹਨ। ਜਿਵੇਂ ਕਿ ਇਕ ਵਣਜਾਰਾ ਮਾਲਕ ਨੂੰ ਭੁਲਾ ਬੈਠਾ ਮਾਲ ਵਿਚ ਹੀ ਮਸਤ ਹੋ ਗਿਆ। ਸੋਚਣ ਲੱਗਾ, ਖਾਉ, ਹੰਢਾਉ ਅਸੀਂ ਕਿਹੜਾ ਵਾਪਸ ਜਾਣਾ ਹੈ। ਚੰਦ ਦਿਨਾਂ ਵਿਚ ਮਾਲ ਮੁੱਕ ਗਿਆ ਫਿਰ ਕਿਹੜਾ ਮੂੰਹ ਲੈ ਕੇ ਜਾਵੇ, ਇਹ ਮਨਮੁਖ ਹੈ। ਮਨੁੱਖ ਜੀਵ ਨੂੰ ਰੱਬ ਭੁੱਲ ਜਾਂਦਾ ਹੈ। ਪ੍ਰਭੂ ਭੁੱਲਣ ਨਾਲ ਇਸ ਦੇ ਸਾਰੇ ਗੁਣ ਔਗੁਣ ਬਣ ਜਾਂਦੇ ਹਨ। ਫਿਰ ਇਸ ਲਈ ਬੜੀ ਮੁਸ਼ਕਿਲ ਹੋ ਜਾਂਦੀ ਹੈ। ਜਿਸ ਪਰਮਾਤਮਾ ਪਾਸੋਂ ਤੁਰਿਆ ਸੀ, ਉਸ ਦੇ ਸਾਹਮਣੇ ਕਿਹੜਾ ਮੂੰਹ ਲੈ ਕੇ ਜਾਵੇ।

*ਦਾਗ ਦੋਸ ਮੁਹਿ ਚਲਿਆ ਲਾਇ॥*
*ਦਰਗਹ ਬੈਸਨ ਨਾਹੀ ਜਾਇ॥*

—ਧਨਾਸਰੀ ਮਹਲਾ ੧, ਪੰਨਾ ੬੬੨

Sri Satguru Jagjit Singh Ji eLibrary NamdhariElibrary@gmail.com

ਫਿਰ ਆਉਂਦੇ ਹਨ ਪਰਮਾਤਮਾ ਦੇ ਭੇਜੇ ਜਮ, ਇਹ ਲੁੱਕਦਾ ਹੈ ਪਰ ਉਹ ਫੜ ਲੈਂਦੇ ਹਨ।

*ਪਕੜਿ ਚਲਾਇਨਿ ਦੂਤ ਜਮ ਕਿਸੈ ਨਾ ਦੇਨੀ ਭੇਤੁ॥*

—ਬਾਰਹ ਮਾਹ ਮਾਝ ਮਹਲਾ ੫, ਪੰਨਾ ੧੩੪

ਕੰਮ ਕਰਨ ਦਾ ਸਮਾਂ ਮੁੱਕ ਗਿਆ ਹੈ, ਹੁਣ ਤਾਂ ਲੇਖਾ ਕਰਨਾ ਬਾਕੀ ਰਹਿ ਗਿਆ ਹੈ। ਕਠਿਨ ਜਮਦੂਤ ਆ ਗਏ ਹਨ ਅਤੇ ਪੁੱਛ ਰਹੇ ਹਨ ਕਿ ਦੱਸ ਕੀ ਖੱਟਿਆ ਹੈ ਅਤੇ ਕਿਥੇ ਗੁਆਇਆ ਹੈ, ਛੇਤੀ ਚੱਲ ਤੈਨੂੰ ਦਰਗਾਹ ਵਿਚ ਬੁਲਾਇਆ ਹੈ। ਹਰੀ ਦੀ ਦਰਗਾਹ ਦਾ ਫ਼ੁਰਮਾਨ ਆਇਆ ਹੈ। ਇਹ ਕਹਿੰਦਾ ਹੈ ਮੇਰੀ ਬੇਨਤੀ ਸੁਣੋ। ਨਗਰ ਵਿਚੋਂ ਮੈਂ ਕੁਝ ਪੈਸੇ ਲੈਣੇ ਹਨ, ਸਿਰਫ਼ ਅੱਜ ਦੀ ਰਾਤ ਮੈਨੂੰ ਦੇ ਦਿਉ, ਸਿਰਫ ਇਕ ਰਾਤ ਵਿਚ ਹੀ ਮੈਂ ਨਬੇੜ ਲਵਾਂਗਾ, ਤੁਹਾਡਾ ਕੁਝ ਖਰਚ ਵੀ ਦੇ ਦਿਆਂਗਾ, ਇਹ ਜਮਾਂ ਨੂੰ ਵੀ ਰਿਸ਼ਵਤ ਦੇਣੀ ਚਾਹੁੰਦਾ ਹੈ, ਪਰ ਉਹ ਇਸ ਦੀ ਨਹੀਂ ਸੁਣਦੇ।

*ਅਮਲੁ ਸਿਰਾਨੋ ਲੇਖਾ ਦੇਣਾ॥*
*ਆਏ ਕਠਿਨ ਦੂਤ ਜਮ ਲੇਣਾ॥*
*ਕਿਆ ਤੈ ਖਟਿਆ ਕਹਾ ਗਵਾਇਆ॥*
*ਚਲਹੁ ਸ਼ਿਤਾਬ ਦੀਬਾਨਿ ਬੁਲਾਇਆ॥*
*ਚਲੁ ਦਰਹਾਲ ਦੀਵਾਨਿ ਬੁਲਾਇਆ॥*
*ਹਰਿ ਫੁਰਮਾਨੁ ਦਰਗਹ ਕਾ ਆਇਆ॥ ਰਹਾਉ॥*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸੰਸਾਰ ਵਿਚ ਬਹੁਤ ਪਾਪੀ ਹਨ ਪਰ ਜਿਹੜਾ ਬੰਦਾ ਸਤਿਗੁਰੂ ਤੋਂ ਬੇਮੁਖ ਹੈ ਸਾਰੇ ਪਾਪੀ ਉਸ ਦੇ ਇਕ ਰੋਮ ਦੀ ਬਰਾਬਰਤਾ ਨਹੀਂ ਕਰ ਸਕਦੇ।

ਭਾਈ ਸਾਹਿਬ ਦਾ ਫ਼ੁਰਮਾਨ ਹੈ—

*ਬਾਮਣ ਗਾਂਈ ਵੰਸ ਘਾਤ ਅਪਰਾਧ ਕਰਾਰੇ॥*
*ਪੀ ਮਦ ਜੂਆ ਖੇਲਦੇ ਜੋਹਨ ਪਰਨਾਰੇ॥*
*ਮੁਹਨਿ ਪਰਾਈ ਲਖਮੀ ਠੱਗ ਚੋਰ ਚਗਾਰੇ॥*
*ਵਿਸਵਾਸਘਾਤੀ ਅਕ੍ਰਿਤਘਣ ਪਾਪੀ ਹਤਿਆਰੇ॥*
*ਲਖ ਕਰੋੜੀ ਜੋੜੀਐ ਅਨਗਿਨਤ ਅਪਾਰੇ॥*
*ਇਕਤ ਲੂਇ ਨ ਪੁਜਨੀ ਬੇਮੁਖ ਗੁਰਦੁਵਾਰੇ॥*

—ਭਾਈ ਗੁਰਦਾਸ ਜੀ

ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ—

*ਜੇ ਕੋ ਗੁਰ ਤੇ ਬੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨਾ ਪਾਵੈ॥*

Sri Satguru Jagjit Singh Ji eLibrary NamdhariElibrary@gmail.com

*ਪਾਵੈ ਮੁਕਤਿ ਨਾ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥*
*ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨਾ ਪਾਏ॥*
*ਫਿਰਿ ਮੁਕਤਿ ਪਾਏ ਲਾਗਿ ਚਰਨੀ ਸਤਿਗੁਰੂ ਸਬਦੁ ਸੁਣਾਏ॥*
*ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨਾ ਪਾਏ॥*

—ਅਨੰਦ ਸਾਹਿਬ, ਪੰਨਾ ੯੨੦

ਸਲੋਕ ਵਾਰਾਂ ਤੇ ਵਧੀਕ ਵਿਚ ਸਤਿਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ ਕਿ ਸਾਰੇ ਪਾਪ ਉਦੋਂ ਹੀ ਪੱਲੇ ਪੈ ਜਾਂਦੇ ਹਨ ਜਦੋਂ ਪਰਮਾਤਮਾ ਦਾ ਨਾਮ ਵਿਸਰ ਜਾਂਦਾ ਹੈ।

ਬ੍ਰਾਹਮਣ ਮਰ ਗਿਆ, ਗਊ ਹੱਤਿਆ ਹੋ ਗਈ, ਲੜਕੀ ਦੀ ਹੱਤਿਆ ਦਾ ਪਾਪ ਲੱਗ ਗਿਆ। ਫਿਟਕਾਰਾਂ ਹੀ ਫਿਟਕਾਰਾਂ, ਕੋੜ ਬਦੀਆਂ, ਅਨਚਾਰੀ ਦਾ ਧਾਨ ਖਾ ਲਿਆ, ਸਦਾ ਲਈ ਹੰਕਾਰੀ ਹੋ ਗਏ। ਜਦੋਂ ਇਕ ਨਾਮ ਵਿਸਰ ਜਾਂਦਾ ਹੈ ਤਾਂ ਸਾਰੇ ਹੀ ਪਾਪ ਪੱਲੇ ਪੈ ਜਾਂਦੇ ਹਨ।

*ਬ੍ਰਾਹਮਣ ਕੈਲੀ ਘਾਤੁ ਕੰਞਕਾਂ ਅਣਚਾਰੀ ਕਾ ਧਾਨੁ॥*
*ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥*
*ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ॥*

—ਸਲੋਕ ਵਾਰਾਂ ਤੇ ਵਧੀਕ, ਮਹਲਾ ੩, ਪੰਨਾ ੧੪੧੩

ਗੁਰਮਤਿ ਅਵਲੰਬੀਆਂ ਦਾ ਤਾਂ ਕਥਨ ਹੈ ਕਿ ਇਕ ਪਾਸੇ ਖੂਨੀ ਹਾਥੀ ਆਉਂਦਾ ਹੋਵੇ, ਇਕ ਪਾਸੇ ਮਨਮੁਖ ਆਉਂਦਾ ਹੋਵੇ ਤਾਂ ਸਿੱਖ ਖੂਨੀ ਹਾਥੀ ਵਾਲੇ ਪਾਸੇ ਚਲਾ ਜਾਵੇ ਪਰ ਮਨਮੁਖ ਦੇ ਮੱਥੇ ਨਾ ਲੱਗੇ। ਖੂਨੀ ਹਾਥੀ ਪਾਸੋਂ ਤਾਂ ਸ਼ਾਇਦ ਦੌੜ ਕੇ ਬਚ ਜਾਵੇ ਪਰ ਮਨਮੁਖ ਦੇ ਮੱਥੇ ਲੱਗ ਜਾਏ ਤਾਂ ਜ਼ਰੂਰ ਬੁਰਾ ਪ੍ਰਭਾਵ ਪਵੇਗਾ।

ਨਾਮ ਰਸੀਏ ਤਾਂ ਹਮੇਸ਼ਾ ਇਹ ਕਹਿੰਦੇ ਹਨ ਤੇਰੇ ਤੋਂ ਭੁੱਲ ਜਾਈਏ, ਹਉਕੇ ਭਰਦਿਆਂ ਹੀ ਜੀਵਨ ਲੰਘ ਜਾਂਦਾ ਹੈ। ਸਾਨੂੰ ਸਤਿਸੰਗਤ ਦੇਵੀਂ ਜਿਥੇ ਤੂੰ ਹਮੇਸ਼ਾ ਹੀ ਯਾਦ ਆਉਂਦਾ ਰਹੇਂ ਅਤੇ ਤੈਨੂੰ ਕਦੀ ਨਾ ਭੁੱਲੀਏ। ਬੇਮੁਖ ਨਾ ਹੋਈਏ।

*ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥*
*ਤੁਧਹੁ ਭੁਲੇ ਸਿ ਜੰਮਿ ਜੰਮਿ ਮਰਦੇ ਤਿਨ ਕਦੇ ਨਾ ਚੁਕਨਿ ਹਾਵੇ॥*

—ਰਾਮਕਲੀ ਵਾਰ, ਮਹਲਾ ੫, ਪੰਨਾ ੯੬੧

*ਨਾਨਕ ਮਨਮੁਖਾਂ ਨਾਲੋਂ ਤੁਟੀ ਭਲੀ ਜਿਨਾ ਮਾਇਆ ਮੋਹ ਪਿਆਰ॥*

—ਬਿਹਾਗੜਾ ਵਾਰ, ਮਹਲਾ ੪, ਪੰਨਾ ੩੧੬

ਗੁਰਮੁਖਤਾਈ ਦੀ ਜੜ੍ਹ ਹੈ ਪ੍ਰਭੂ ਦਾ ਪਿਆਰ, ਪ੍ਰਭੂ ਦਾ ਸਿਮਰਨ। ਮਨਮੁਖਤਾਈ ਦੀ ਜੜ੍ਹ ਹੈ ਪ੍ਰਭੂ ਦੀ ਬੇਅਦਬੀ ਅਤੇ ਪ੍ਰਭੂ ਦਾ ਸਿਮਰਨ ਵੀ ਭੁਲਣਾ।

ਜਦੋਂ ਰੱਬ ਭੁਲੇ, ਰੱਬ ਦੀ ਬੇਅਦਬੀ ਹੋਵੇ, ਰੱਬ ਦੇ ਬੰਦਿਆਂ ਦੀ ਬੇਅਦਬੀ

Sri Satguru Jagjit Singh Ji eLibrary NamdhariElibrary@gmail.com

ਹੋਵੇ, ਬੰਦਾ ਸਮਝ ਲਵੇ ਮੈਂ ਮਨਮੁਖ ਹਾਂ। ਜਦੋਂ ਰੱਬ ਦੀ ਯਾਦ ਆਵੇ, ਉਹਦਾ ਅਦਬ ਹਿਰਦੇ ਵਿਚ ਹੋਵੇ, ਬੰਦਾ ਸਮਝ ਲਵੇ ਮੈਂ ਸਨਮੁਖ ਹਾਂ।

ਸਨਮੁਖ ਦੇ ਦਰਸ਼ਨਾਂ ਨੂੰ ਜਗਤ ਤਰਸਦਾ ਹੈ, ਮਨਮੁਖ ਦੇ ਪ੍ਰਛਾਵੇਂ ਦਾ ਵੀ ਧਰਤੀ ਨੂੰ ਭਾਰ ਲੱਗਦਾ ਹੈ।

ਸਾਰੇ ਲੇਖ ਦਾ ਸਾਰੰਸ਼ ਇਹ ਹੈ ਕਿ ਗੁਰਮਤਿ ਅਨੁਸਾਰ ਅਸੀਂ ਜੀਵਨ ਦੇ ਸਾਰੇ ਕੰਮ ਮੁਕਾ ਕੇ ਜੇਕਰ ਸੁਰਖਰੂ ਹਾਂ ਤੇ ਪਰਮਾਤਮਾ ਜਦੋਂ ਆਵਾਜ਼ ਮਾਰੇ ਖਿੜੇ ਮੱਥੇ ਉਸ ਦੇ ਸਾਹਮਣੇ ਜਾਣ ਲਈ ਤਿਆਰ ਹਾਂ ਤਾਂ ਅਸੀਂ ਸਨਮੁਖ ਹਾਂ।

ਜੇਕਰ ਉਸ ਦੀ ਆਵਾਜ਼ ਸੁਣ ਕੇ ਲੁਕਦੇ ਹਾਂ, ਮੌਤ ਉਸ ਦੀ ਆਵਾਜ਼ ਹੀ ਹੈ, ਇਸ ਤੋਂ ਜੇਕਰ ਲੁਕਦੇ ਹਾਂ, ਉਸਦੇ ਸਾਹਮਣੇ ਜਾਣ ਲਈ ਤਿਆਰ ਨਹੀਂ, ਮਨ ਵਿਚ ਖਿਆਲ ਇਹ ਹੈ ਕਿ ਸਾਰੀ ਉਮਰ ਉਸ ਤੋਂ ਵਿਰੁੱਧ ਕਰਮ ਕਰਦੇ ਹਾਂ, ਉਸ ਦੇ ਸਾਹਮਣੇ ਹੋਣ ਤੋਂ ਡਰਦੇ ਹਾਂ ਤਾਂ ਅਸੀਂ ਮਨਮੁਖ ਹਾਂ।

ਜਿਊਂਦੇ ਜੀਅ ਹੀ ਸਨਮੁਖ ਹੋਣਾ ਹੈ ਤਾਂ ਗੁਰਮਤਿ ਇਕ ਗੁਰ ਦੱਸਦੀ ਹੈ ਕਿ ਮਨ ਦੇ ਪਿੱਛੇ ਤੁਰਨਾ ਛੱਡ ਦੇਈਏ। ਗੁਰੂ ਦੀ ਮੱਤ ਲਈਏ। ਜੇਕਰ ਅਸੀਂ ਅੰਮ੍ਰਿਤਧਾਰੀ ਹੋ ਕੇ ਗੁਰੂ ਦੇ ਸਨਮੁਖ ਹੋ ਗਏ ਤਾਂ ਪਰਮਾਤਮਾ ਦੇ ਸਨਮੁਖ ਵੀ ਹੋ ਸਕਾਂਗੇ।

ਜੇਕਰ ਗੁਰੂ ਦੇ ਸਨਮੁਖ ਨਾ ਹੋ ਸਕੇ ਤਾਂ ਪਰਮਾਤਮਾ ਦੇ ਵੀ ਸਨਮੁਖ ਨਹੀਂ ਹੋ ਸਕਾਂਗੇ।

ਅਰਦਾਸ ਹੈ ਕਿ ਹੇ ਪਰਮਾਤਮਾ ਹਰ ਇਕ ਪ੍ਰਾਣੀ ਨੂੰ ਜਿਸ ਨੂੰ ਤੂੰ ਮਨੁੱਖਾ ਸਰੀਰ ਦਿੱਤਾ ਹੈ ਇਸ ਨੂੰ ਗੁਰੂ ਦੇ ਸਨਮੁਖ ਹੋਣ ਦੀ ਸਮਰਥਾ ਵੀ ਦੇ ਅਤੇ ਇਹ ਕ੍ਰਿਪਾ ਕਰਕੇ ਜਗਤ ਦਾ ਹਰ ਜੀਵ ਗੁਰੂ ਦੇ ਰਾਹੀਂ, ਘਾਲਣਾ ਘਾਲ ਕੇ, ਸੁਰਖਰੂ ਹੋ ਕੇ ਤੇਰੇ ਦਰਬਾਰ ਵਿਚ ਆਵੇ।

ਬਸਤਰ ਸਾਡੇ ਘਰਾਂ ਵਿਚ ਹੈਣ। ਬੜੇ-ਬੜੇ ਕੀਮਤੀ ਬਸਤਰ ਹੈਣ ਪਰ ਅਸੀ ਉਨ੍ਹਾਂ ਨੂੰ ਬਸਤਰ ਸਾਹਿਬ ਨਹੀਂ ਕਹਿੰਦੇ। ਘਰ ਵਿਚ ਬੜੀ ਕੀਮਤੀ ਲੱਕੜ ਲੱਗੀ ਹੈ ਪਰ ਅਸੀਂ ਫਰਨੀਚਰ ਨੂੰ ਕੁਰਸੀ ਸਾਹਿਬ ਜਾਂ ਮੇਜ਼ ਸਾਹਿਬ ਨਹੀਂ ਕਹਿੰਦੇ ਪਰ ਸਤਿਗੁਰੂ ਦੇ ਦਰ ਤੇ ਜੋ ਭੇਟ ਹੋ ਚੁਕਿਆ ਬਸਤਰ ਹੈ ਉਸ ਨੂੰ ਰੁਮਾਲ ਸਾਹਿਬ, ਲੱਕੜ ਦੀ ਬਣੀ ਪਾਲਕੀ ਨੂੰ ਪਾਲਕੀ ਸਾਹਿਬ ਕਹਿੰਦੇ ਹਾਂ।

ਅਗਰ ਇਥੇ ਪ੍ਰਵਾਨ ਹੋਏ ਬਸਤਰ ਰੁਮਾਲ ਸਾਹਿਬ ਹਨ, ਲੱਕੜੀ ਦੀ ਬਣੀ ਪਾਲਕੀ, ਪਾਲਕੀ ਸਾਹਿਬ ਹੈ। ਰਾਜਿਆਂ ਮਹਾਰਾਜਿਆਂ ਦੀਆਂ ਪਾਲਕੀਆਂ ਨੂੰ ਕੋਈ ਪਾਲਕੀ ਸਾਹਿਬ ਨਹੀਂ ਸੀ ਕਹਿੰਦਾ। ਸਿਰਫ਼ ਪਾਲਕੀ ਸਾਹਿਬ ਉਹੋ ਹੈ ਜਿਹੜੀ ਪਾਲਕੀ ਸਾਹਿਬ ਦੇ ਦਰ ਤੇ ਭੇਟ ਹੋ ਗਈ।

ਕਦੀ ਇਹ ਮਨੁੱਖ ਵੀ ਗੁਰੂ ਦੇ ਦਰ ਤੇ ਭੇਟ ਹੋ ਜਾਵੇ, ਸਨਮੁਖ ਹੋ ਜਾਵੇ ਤਾਂ ਸਾਹਿਬ ਦੀ ਸਾਹਿਬੀ ਇਸ ਨਾਲ ਵੀ ਜੁੜ ਜਾਵੇ।

ਮਨਮੁੱਖਤਾ ਤੋਂ ਸਨਮੁੱਖਤਾ ਤੱਕ ਦੀ ਯਾਤਰਾ, ਇਹੀ ਹੈ ਧਰਮ ਦੀ ਯਾਤਰਾ।

***

Sri Satguru Jagjit Singh Ji eLibrary NamdhariElibrary@gmail.com

# 16 ਭਉ ਦਾ ਬੇੜਾ

ਕਦੀ ਕਦਾਈਂ ਇਹ ਖ਼ਬਰ ਮਿਲਦੀ ਹੈ ਕਿ ਦਰਿਆ ਵਿਚ ਬੇੜੀ ਡੁਬ ਗਈ ਹੈ ਅਤੇ ਇੰਨੇ ਮੁਸਾਫਰ ਡੁੱਬ ਕੇ ਮਰ ਗਏ ਹਨ। ਪਰ ਆਮ ਕਰਕੇ ਸਮੁੰਦਰਾਂ ਵਿਚ ਤਰਨ ਵਾਲੇ ਬੇੜੇ ਪਾਰ ਹੀ ਲੰਘ ਜਾਂਦੇ ਹਨ। ਦਰਿਆਵਾਂ ਵਿਚ ਜਾਣ ਵਾਲੀਆਂ ਬੇੜੀਆਂ ਪਾਰ ਲੱਗ ਹੀ ਜਾਂਦੀਆਂ ਹਨ। ਕਦੀ ਕਦਾਈਂ ਐਸਾ ਪਤਾ ਲੱਗਦਾ ਹੈ ਕਿ ਬੇੜੀ ਡੁੱਬ ਗਈ ਹੈ।

ਪਰ ਸੰਸਾਰ ਸਮੁੰਦਰ ਵਿਚ ਜੋ ਮਨੁੱਖਾ ਜੀਵਨ ਦੀਆਂ ਬੇੜੀਆਂ ਜਾ ਰਹੀਆਂ ਹਨ ਇਨ੍ਹਾਂ ਵਿਚੋਂ ਤਾਂ ਕੋਈ ਭਾਗਾਂ ਵਾਲੀ ਬੇੜੀ ਪਾਰ ਲੰਘਦੀ ਹੈ, ਬਹੁਤੀਆਂ ਬੇੜੀਆਂ ਤਾਂ ਡੁੱਬ ਹੀ ਜਾਂਦੀਆਂ ਹਨ।

ਬੇੜੀ ਡੁੱਬਣ ਦੇ ਕਾਰਨ ਕੀ ਹਨ?

੧. ਬੇੜੀ ਦਾ ਕਮਜ਼ੋਰ ਹੋਣਾ, ਬੇੜੀ ਵਿਚ ਛੇਕ ਹੋਣੇ।

੨. ਦੂਸਰਾ ਸਮੁੰਦਰ ਵਿਚ ਤੂਫ਼ਾਨ ਆ ਜਾਣਾ।

੩. ਮਲਾਹ ਦਾ ਅਣਜਾਣ ਹੋਣਾ।

ਦਰਿਆਵਾਂ ਤੇ ਸਮੁੰਦਰਾਂ ਵਿਚ ਤੂਫਾਨ ਤਾਂ ਕਦੀ-ਕਦੀ ਆਉਂਦੇ ਹਨ ਪਰ ਸੰਸਾਰ ਭਵ-ਸਾਗਰ ਤਾਂ ਐਸਾ ਹੈ ਕਿ ਜਿੱਥੇ ਹਰ ਵੇਲੇ ਹੀ ਤੂਫ਼ਾਨ ਆਇਆ ਰਹਿੰਦਾ ਹੈ। ਸਤਿਗੁਰੂ ਫ਼ੁਰਮਾਉਂਦੇ ਹਨ ਇਕ ਤਾਂ ਮਨੁੱਖ ਦੀ ਬੇੜੀ ਪਾਪਾਂ ਨਾਲ ਭਰੀ ਹੈ ਦੂਸਰਾ ਤੂਫ਼ਾਨ ਬੜਾ ਭਿਆਨਕ ਹੈ।

*ਹਮ ਡੋਲਤ ਬੇੜੀ ਪਾਪ ਭਰੀ ਹੈ*
*ਪਵਣੁ ਲਗੈ ਮਤੁ ਜਾਈ॥*
*ਸਨਮੁਖ ਸਿਧ ਭੇਟਣ ਕਉ ਆਏ*
*ਨਿਹਚਉ ਦੇਹਿ ਵਡਿਆਈ॥*

—ਰਾਮਕਲੀ ਮਹਲਾ ੧, ਪੰਨਾ ੯੭੮

ਭਗਤ ਆਪਣੀ ਬਾਣੀ ਵਿਚ ਫ਼ੁਰਮਾਉਂਦੇ ਹਨ ਕਿ ਹੇ ਪਰਮਾਤਮਾ ਲੋਭ ਦੀਆਂ ਲਹਿਰਾਂ ਵਿਚ ਸਰੀਰ ਡੁੱਬ ਰਿਹਾ ਹੈ ਇਸ ਸੰਸਾਰ ਸਮੁੰਦਰ ਤੋਂ ਮੈਨੂੰ ਤਾਰ ਲਉ।


Sri Satguru Jagjit Singh Ji eLibrary NamdhariElibrary@gmail.com

*ਲੋਭ ਲਹਿਰ ਅਤਿ ਨੀਝਰ ਬਾਜੈ ਕਾਂਇਆ ਡੂਬੈ ਕੇਸਵਾ॥*
*ਸੰਸਾਰੁ ਸਮੁੰਦੇ ਤਾਰਿ ਗੋਬਿੰਦੇ ਤਾਰਿ ਲੈ ਬਾਪ ਬੀਠੁਲਾ॥*

—ਬਸੰਤ ਨਾਮਦੇਵ, ਪੰਨਾ ੧੧੯੬

ਇਕ ਤਾਂ ਇਸ ਦੀ ਬੇੜੀ ਬੜੀ ਕਮਜ਼ੋਰ ਹੈ। ਇਸਨੇ ਮਨ ਨੂੰ ਮਲਾਹ ਬਣਾਇਆ ਹੈ ਅਤੇ ਆਪਣੀ ਚਤੁਰਾਈ ਦੀ ਬੇੜੀ ਤੇ ਇਹ ਜੀਵ ਬੈਠਾ ਹੈ। ਜਿੱਥੇ ਚੰਚਲ ਮਨ ਮਲਾਹ ਹੋਵੇ ਤੇ ਆਪਣੀ ਮਨ ਦੀ ਮੱਤ ਦੀ ਬੇੜੀ ਤੇ ਬੈਠਾ ਹੋਵੇ ਪਾਪਾਂ ਨਾਲ ਬੇੜੀ ਭਰੀ ਹੋਵੇ ਐਸੀ ਬੇੜੀ ਦੇ ਪਾਰ ਲੱਗਣ ਦੀ ਕੀ ਆਸ ਹੋ ਸਕਦੀ ਹੈ। ਭਾਈ ਗੁਰਦਾਸ ਜੀ ਸਾਨੂੰ ਪ੍ਰੇਰਨਾ ਦਿੰਦੇ ਹਨ ਕਿ ਜਿਵੇਂ ਬੇੜੀ ਭਾਰ ਨਾਲ ਭਰਪੂਰ ਹੋਵੇ ਪਰ ਪਾਣੀ ਤੋਂ ਕੁਝ ਉੱਚੀ ਹੋਵੇ ਫਿਰ ਉਹ ਬੇੜੀ ਪੂਰ ਨੂੰ ਪਾਰ ਕਰ ਦਿੰਦੀ ਹੈ, ਰਾਜੀ ਖ਼ੁਸ਼ੀ ਸਾਰੇ ਲੋਕ ਘਰ ਪੁਜਦੇ ਹਨ।

ਜਿਵੇਂ ਇਕ ਵੇਲੇ ਖਾਣ ਵਾਲਾ ਅੱਠਾਂ ਪਹਿਰਾਂ ਵਿਚ ਇਕ ਵਾਰ ਵੀ ਰਸੋਈ ਵਿਚ ਬੈਠ ਕੇ ਖਾ ਲਵੇ ਤਾਂ ਭੋਜਨ ਸਬਜ਼ੀਆਂ ਨਾਲ ਅਨੰਦਤ ਹੋ ਜਾਂਦਾ ਹੈ ਜਿਵੇਂ ਕੋਈ ਮਨੁੱਖ ਰਾਜੇ ਦੇ ਦੁਆਰੇ ਜਾ ਕੇ ਨਮਸਕਾਰ ਕਰਦਾ ਹੈ ਰਾਜਾ ਉਸ ਨੂੰ ਉਮਰ ਭਰ ਦਾ ਗੁਜ਼ਾਰਾ ਦੇ ਦਿੰਦਾ ਹੈ। ਇਸੇ ਤਰ੍ਹਾਂ ਜਿਹੜਾ ਮਨੁੱਖ ਅੱਠਾਂ ਪਹਿਰਾਂ ਵਿਚ ਇਕ ਵਾਰੀ ਵੀ ਸਤਿਗੁਰੂ ਦੇ ਦਰ ਇੰਜ ਜਾਂਦਾ ਹੈ ਜਿਵੇਂ ਕੋਈ ਰਾਜੇ ਦੇ ਦੁਆਰੇ ਜਾ ਕੇ ਪ੍ਰਣਾਮ ਕਰਦਾ ਹੈ ਜਿਵੇਂ ਕੋਈ ਰਸੋਈ ਵਿਚ ਭੋਜਨ ਲਈ ਜਾਂਦਾ ਹੈ ਜਿਵੇਂ ਮਲਾਹ ਬੇੜੀ ਪਾਣੀ ਤੋਂ ਉੱਚੀ ਰੱਖਦਾ ਹੈ। ਸਾਧ ਸਮਾਗਮ ਵਿਚ ਬੇੜੀ ਤਰ ਜਾਂਦੀ ਹੈ।

*ਜੈਸੇ ਬੋਝ ਭਰੀ ਨਾਵ ਆਂਗੁਰੀ ਦੈ ਬਾਹਰ ਹੁਵੈ।*
*ਪਾਰ ਪਰੈ ਪੂਰ ਸਭੈ ਕੁਸਲ ਬਿਹਾਤ ਹੈ॥*
*ਜੈਸੇ ਏਕਾਹਾਰੀ ਏਕ ਘੜੀ ਪਾਕਸਾਲ ਬੈਠ।*
*ਭੋਜਨ ਕੈ ਬਿੰਜਨਾਦ ਸਵਾਦ ਕੈ ਆਘਾਤ ਹੈ॥*
*ਜੈਸੇ ਰਾਜ ਦੁਆਰ ਜਾਇ ਕਰਤ ਜੁਹਾਰ ਜਨ।*
*ਏਕ ਘਰੀ ਪਾਛੈ ਦੇਸ ਭੁਗਤਾ ਹੁਵੈ ਖਾਤ ਹੈ॥*
*ਤੈਸੇ ਆਠ ਪਹਿਰ ਸਾਠ ਘਰੀ ਮੈ ਜੋ ਏਕ ਘਰੀ।*
*ਸਾਧ ਸਮਾਗਮ ਕਰੇ ਨਿਜ ਘਰ ਜਾਤ ਹੈ॥*

—ਭਾਈ ਗੁਰਦਾਸ ਜੀ

ਪਰ ਮਨੁੱਖ ਤਾਂ ਮਨ ਦੇ ਪਿੱਛੇ ਲੱਗ ਕੇ ਏਨਾ ਭਟਕ ਗਿਆ ਹੈ ਕਿ ਧਿਆਨ ਦੂਸਰਿਆਂ ਦੀਆਂ ਬੇੜੀਆਂ ਵੱਲ ਹੈ, ਆਪਣੀ ਬੇੜੀ ਵੱਲ ਧਿਆਨ ਨਹੀਂ ਆਉਂਦਾ। ਫਿਰ ਜ਼ਿਆਦਾ ਧਿਆਨ ਤਰਦੀਆਂ ਬੇੜੀਆਂ ਵੱਲ ਨਹੀਂ ਡੁਬਦੀਆਂ ਬੇੜੀਆਂ ਵੱਲ ਹੈ। ਜਿਹੜੀਆਂ ਤਰਦੀਆਂ ਹਨ ਉਨ੍ਹਾਂ ਵੱਲ ਵੀ ਇਸ ਆਸ ਵਿਚ ਧਿਆਨ ਹੈ ਕਿ ਕਦੋਂ ਕੁ ਇਸ ਬੰਦੇ ਦੀ ਬੇੜੀ ਡੁਬ ਜਾਏ। ਕਿਸੇ ਦੀ ਧਾਰਮਿਕ ਤੌਰ ਤੇ ਜਾਂ ਆਰਥਿਕ

Sri Satguru Jagjit Singh Ji eLibrary NamdhariElibrary@gmail.com

ਤੌਰ ਤੇ ਜਾਂ ਰਾਜਨੀਤਕ ਤੌਰ ਤੇ ਬੇੜੀ ਡੁੱਬ ਜਾਏ। ਜਦੋਂ ਕਿਤੇ ਐਸੀ ਖ਼ਬਰ ਮਿਲੇ ਕਿ ਕਿਸੇ ਧਾਰਮਿਕ ਬੰਦੇ ਪਾਸੋਂ ਔਗੁਣ ਹੋ ਗਿਆ ਹੈ ਲੋਕਾਂ ਵਿਚ ਨਿੰਦਾ ਹੈ ਜਾਂ ਕਿਸੇ ਧਨਵਾਨ ਦਾ ਦਿਵਾਲਾ ਨਿਕਲ ਗਿਆ ਹੈ, ਉਹ ਗ਼ਰੀਬ ਹੋ ਗਿਆ ਹੈ ਜਾਂ ਕਿਸੇ ਰਾਜਨੀਤਿਕ ਬੰਦੇ ਦਾ ਆਸਣ ਡੋਲ ਗਿਆ ਹੈ। ਇਹ ਬੜਾ ਖ਼ੁਸ਼ ਹੁੰਦਾ ਹੈ ਕਿ ਮੇਰੀ ਤਾਂ ਬੇੜੀ ਤਰ ਰਹੀ ਹੈ ਚੰਗਾ ਹੋਇਆ ਹੈ ਕਿਸੇ ਦੀ ਬੇੜੀ ਡੁੱਬ ਗਈ ਹੈ। ਕਬੀਰ ਸਾਹਿਬ ਸੁਚੇਤ ਕਰਦੇ ਹਨ ਕਿ ਤੂੰ ਜਦੋਂ ਵੀ ਕਿਸੇ ਦੀ ਬੇੜੀ ਡੁੱਬਣ ਤੇ ਹੱਸ ਰਿਹਾ ਹੈਂ ਤੂੰ ਕਿਸੇ ਗ਼ਰੀਬ ਤੇ ਹੱਸ ਰਿਹਾ ਹੈਂ ਹੁਣ ਤਾਂ ਉਸ ਦੇ ਪਾਸ ਕੁਝ ਵੀ ਨਹੀਂ ਰਿਹਾ। ਤੇਰੀ ਬੇੜੀ ਦਾ ਵੀ ਕੀ ਭਰੋਸਾ ਹੈ ਇਹ ਵੀ ਤਾਂ ਪਾਣੀ ਵਿਚ ਹੈ ਇਹ ਡੁਬ ਗਈ ਤਾਂ ਫਿਰ ਕੀ ਕਰੇਂਗਾ।

*ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥*
*ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥*

—ਸਲੋਕ ਕਬੀਰ ਜੀ, ਪੰਨਾ ੧੩੬੬

ਸਮੁੰਦਰ ਵਿਚ ਬੇੜੀ ਡੁੱਬਦੀ ਹੋਵੇ ਤਾਂ ਜਿਹੜੇ ਵੇਖਦੇ ਹਨ ਅਗਰ ਉਹ ਹਮਦਰਦੀ ਵਾਲੇ ਹੋਣਗੇ ਤਾਂ ਦੌੜ ਕੇ ਆਉਣਗੇ ਕਿ ਕਿਸੇ ਦੀ ਬੇੜੀ ਡੁੱਬ ਰਹੀ ਹੈ ਬਚਾ ਲਈਏ ਉਨ੍ਹਾਂ ਨੂੰ ਬਚਾਉਣ ਵਿਚ ਰਸ ਆਉਂਦਾ ਹੈ।

*ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥*
*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥*

—ਸੁਖਮਨੀ, ਪੰਨਾ ੨੭੩

ਅਗਰ ਨਿਰਦਈ ਸੁਭਾਅ ਦੇ ਮਨੁੱਖ ਹੋਣਗੇ ਤਾਂ ਉਹ ਸੋਚਣਗੇ ਕਿ ਬੇੜੀ ਛੇਤੀ ਡੁੱਬ ਜਾਏ ਤਾਂ ਚੰਗਾ ਹੈ ਕਿਤੇ ਕੋਈ ਬਚਾਉਣ ਵਾਲਾ ਨਾ ਆ ਜਾਏ।

ਐਸੇ ਬੰਦਿਆਂ ਨੂੰ ਇਕ ਵਿਦਵਾਨ ਤਾੜਨਾ ਕਰਦੇ ਹਨ—

*ਹੰਸੋ ਨਾ ਅਹਿਲੇ ਸਾਹਿਲ ਅਹਿਲੇ ਤੂਫਾਂ ਪੇ।*
*ਕਭੀ ਐਸਾ ਭੀ ਹੋਤਾ ਹੈ ਕਿਨਾਰੇ ਡੂਬ ਜਾਤੇ ਹੈਂ।*
*ਹਿਫਾਜ਼ਤ ਜਿਸ ਸਫ਼ੀਨੇ ਕੀ ਉਸੇ ਮਨਜ਼ੂਰ ਹੋਤੀ ਹੈ*
*ਉਸੇ ਸਾਹਿਲ ਪੇ ਖੁਦ ਤੂਫਾਂ ਆ ਕਰ ਛੋੜ ਜਾਤੇ ਹੈਂ।*

ਐ ਰੱਬ ਦੇ ਬੰਦੇ ਜੇ ਤੂੰ ਕਿਸੇ ਦੀ ਬੇੜੀ ਡੁੱਬਦੀ ਵੇਖਦਾ ਹੈਂ ਤਾਂ ਬਚਾ, ਤੂੰ ਨਹੀਂ ਬਚਾ ਸਕਦਾ ਤਾਂ ਉੱਚੀ ਰੌਲਾ ਪਾ ਕੇ ਲੋਕਾਂ ਨੂੰ ਪੁਕਾਰ ਕੋਈ ਬਚਾਉਣ ਵਾਲਾ ਆ ਜਾਵੇ। ਅਗਰ ਕੋਈ ਨਹੀਂ ਆਇਆ ਤੇਰੇ ਵੇਖਦਿਆਂ ਬੇੜੀ ਡੁਬ ਗਈ ਤਾਂ ਤੂੰ ਅਫਸੋਸ ਦੀ ਆਹ ਭਰ ਕਿ ਡੁਬਣੇ ਵਾਲਿਆਂ ਦੀ ਤੂੰ ਕੋਈ ਇਮਦਾਦ ਨਹੀਂ ਕਰ ਸਕਿਆ, ਪਰ ਐਸਾ ਤਾਂ ਨਾ ਕਰ ਕਿ ਤੂੰ ਅਫਸੋਸ ਦੀ ਬਜਾਏ ਹੱਸਦਾ ਹੋਵੇਂ, ਕੋਈ ਡੁਬਦਾ ਹੋਵੇ ਤੂੰ ਹੱਸਦਾ ਹੋਵੇਂ। ਇਕ ਅਦੀਬ ਕਹਿੰਦੇ ਹਨ—

Sri Satguru Jagjit Singh Ji eLibrary NamdhariElibrary@gmail.com

*ਯੇ ਸਾਹਿਲ ਕੇ ਤਮਾਸ਼ਾਈ ਹਰ ਡੂਬਨੇ ਵਾਲੇ ਪਰ,*
*ਅਫਸੋਸ ਤੋ ਕਰਤੇ ਹੈਂ ਇਮਦਾਦ ਨਹੀਂ ਕਰਤੇ।*

ਪਰ ਫਿਰ ਵੀ ਉਹ ਚੰਗੇ ਹਨ ਅਫਸੋਸ ਤਾਂ ਕਰਦੇ ਹਨ ਪਰ ਤੂੰ ਤਾਂ ਖੁਸ਼ ਹੁੰਦਾ ਹੈਂ ਤੂੰ ਤਾਂ ਅਫਸੋਸ ਦੀ ਆਹ ਵੀ ਨਹੀਂ ਭਰਦਾ।

ਯਾਦ ਰੱਖ ਤੂੰ ਕਿਸੇ ਨੂੰ ਦੁਖੀ ਵੇਖ ਕੇ ਹਮਦਰਦੀ ਜ਼ਾਹਰ ਨਹੀਂ ਕੀਤੀ ਤਾਂ ਤੂੰ ਰਾਜਾ ਹੁੰਦਿਆਂ ਵੀ ਕੰਗਾਲ ਹੈਂ, ਜੇ ਤੂੰ ਕਿਸੇ ਦੇ ਦੁੱਖ ਵਿਚ ਸ਼ਰੀਕ ਹੋਇਆ ਹੈਂ ਤਾਂ ਕੰਗਾਲ ਹੁੰਦਿਆਂ ਹੋਇਆਂ ਵੀ ਰਾਜਾ ਹੈਂ।

ਇਕ ਬੜੀ ਸੁੰਦਰ ਗਾਥਾ ਹੈ–

ਇਕ ਫ਼ਕੀਰ ਮਸਤੀ ਵਿਚ ਬੈਠਾ ਸੀ ਇਕ ਰਾਜਾ ਆ ਗਿਆ ਜੋ ਬੜਾ ਜ਼ਾਲਮ ਸੀ ਜਿਹੜਾ ਕਿਸੇ ਦੀ ਬੇੜੀ ਡੁੱਬਣ ਤੇ ਹੱਸਦਾ ਸੀ। ਉਸ ਦਾ ਮਨੋਰੰਜਨ ਹੀ ਇਹ ਸੀ ਕਿ ਕੈਦੀਆਂ ਨੂੰ ਬੇੜੀ ਵਿਚ ਬਿਠਾ ਦਿੱਤਾ ਜਾਂਦਾ ਮੰਝਦਾਰ ਵਿਚ ਬੇੜੀ ਡੁਬੋ ਦਿੱਤੀ ਜਾਂਦੀ। ਜਦੋਂ ਕੋਈ ਕੈਦੀ ਡੁਬਦੇ ਹੋਏ ਰੋਂਦੇ ਚਿਲਾਉਂਦੇ ਇਹ ਤਾੜੀਆਂ ਵਜਾਉਂਦਾ ਖ਼ੁਸ਼ ਹੁੰਦਾ। ਭੁੱਖੇ ਸ਼ੇਰਾਂ ਅੱਗੇ ਗ਼ੁਲਾਮਾਂ ਨੂੰ ਸੁੱਟ ਦਿੰਦਾ ਜਦੋਂ ਸ਼ੇਰ ਉਨ੍ਹਾਂ ਗੁਲਾਮਾਂ ਨੂੰ ਪਾੜ ਦਿੰਦੇ ਤਾਂ ਇਹ ਬਹੁਤ ਪ੍ਰਸੰਨ ਹੁੰਦਾ।

ਅੱਜ ਇਹ ਫ਼ਕੀਰ ਬੈਠਾ ਸੀ। ਐਸਾ ਰਾਜਾ ਆ ਗਿਆ ਫ਼ਕੀਰ ਆਪਣੀ ਮਸਤੀ ਵਿਚ ਬੈਠਾ ਸੀ, ਸੁਆਗਤ ਵਾਸਤੇ ਨਹੀਂ ਉਠਿਆ, ਰਾਜੇ ਨੂੰ ਗੁੱਸਾ ਆ ਗਿਆ, ਕਹਿਣ ਲੱਗਾ, ਫ਼ਕੀਰ ਮੈਂ ਰਾਜਾ ਹਾਂ ਤੈਨੂੰ ਪਤਾ ਹੈ ਤੂੰ ਕੌਣ ਹੈਂ। ਤੂੰ ਆਪਣੀ ਹੈਸੀਅਤ ਤੇ ਮੇਰੀ ਹੈਸੀਅਤ ਨੂੰ ਨਹੀਂ ਸਮਝਦਾ ਤੂੰ ਮੇਰੇ ਰਾਜ ਵਿਚ ਰਹਿੰਦਾ ਹੈਂ ਤੈਨੂੰ ਪਤਾ ਨਹੀਂ ਮੇਰੇ ਆਇਆਂ ਤੇ ਉਠ ਖਲੋਣਾ ਹੈ। ਤੈਨੂੰ ਇਸ ਗੁਸਤਾਖ਼ੀ ਦੀ ਕੀ ਸਜ਼ਾ ਮਿਲ ਸਕਦੀ ਹੈ। ਫ਼ਕੀਰ ਨੇ ਰਾਜੇ ਦੀ ਗੱਲ ਸੁਣੀ ਤੇ ਹੱਸ ਪਿਆ ਕਹਿਣ ਲੱਗਾ, ਰਾਜਾ ਤੂੰ ਜੋ ਆਪਣੇ ਬਾਰੇ ਜਾਣਦਾ ਹੈਂ ਉਹ ਤੇਰਾ ਗਿਆਨ ਹੈ, ਤੇਰੀ ਸਮਝ ਹੈ। ਮੇਰਾ ਗਿਆਨ ਤੇ ਮੇਰੀ ਸਮਝ ਤਾਂ ਇਹ ਹੈ ਕਿ ਇਕ ਪਰਮਾਤਮਾ ਹੀ ਰਾਜਾ ਹੈ, ਤੂੰ ਵੀ ਉਸ ਦੇ ਰਾਜ ਵਿਚ ਰਹਿੰਦਾ ਹੈਂ,ਮੈਂ ਵੀ ਉਸ ਦੇ ਰਾਜ ਵਿਚ ਰਹਿੰਦਾ ਹਾਂ, ਹਾਂ ਟਿਕਾਣਿਆਂ ਤੇ ਰਹਿਣ ਵਾਲਿਆਂ ਵਿਚ ਜੋ ਫਰਕ ਹੈ ਉਹ ਮੈਨੂੰ ਇੰਜ ਜਾਪਦਾ ਹੈ। ਤੈਨੂੰ ਭਰਮ ਹੈ ਤੇ ਅੱਜ ਮੈਂ ਤੇਰਾ ਇਹ ਭਰਮ ਕੱਢ ਦੇਣਾ ਚਾਹੁੰਦਾ ਹਾਂ, ਰਾਜਾ ਇਕ ਹੀ ਹੈ। ਤੇਰੇ ਆਸਣ ਤੇ ਤਾਂ ਤੇਰੇ ਤੋਂ ਪਹਿਲਾਂ ਕਈ ਬੈਠ-ਬੈਠ ਕੇ ਚਲੇ ਗਏ ਫਿਰ ਤੂੰ ਕਾਹਦਾ ਰਾਜਾ ਹੈਂ। ਜਿਸ ਨੂੰ ਦਿਨ-ਰਾਤ ਚਿੰਤਾ ਹੀ ਹੈ। ਰਾਜਾ ਤਾਂ ਉਹ ਹੈ ਜੋ ਅਨੰਦਤ ਹੈ। ਪ੍ਰਭੂ ਰਾਜਾ ਹੈ ਜਾਂ ਉਹਦਾ ਨਾਮ ਜਪਣ ਵਾਲੇ ਰਾਜੇ ਹਨ।

ਇਕ ਅਦੀਬ ਲਿਖਦੇ ਹਨ–

*ਤੂੰ ਸ਼ਹਿਨਸ਼ਾਹ ਮੈਂ ਦਰ ਕਾ ਗਦਾ, ਹੈ ਰੂਹ ਏਕ ਤਕਦੀਰੇਂ ਦੋ।*
*ਤੂ ਤਖ਼ਤ ਨਸ਼ੀਂ ਮੈਂ ਖਾਕ ਨਸ਼ੀਂ, ਹੈ ਮੁਲਕ ਏਕ ਜਾਗੀਰੇਂ ਦੋ।*

Sri Satguru Jagjit Singh Ji eLibrary NamdhariElibrary@gmail.com

ਤੂ ਜ਼ਰੇ ਨਸ਼ੀਂ ਮੈਂ ਜ਼ਰਾਏ ਖ਼ਾਕ, ਹੈ ਅਸਰ ਏਕ ਅਕਸੀਰੇਂ ਦੋ।
ਤੂ ਬਸਤੀ ਮੇਂ ਮੈਂ ਜੰਗਲ ਮੇਂ, ਹੈ ਵਤਨ ਏਕ ਤਾਮੀਰੇਂ ਦੋ।
ਤੂ ਗੁਲੇ ਚਮਨ ਮੈ ਖ਼ਾਰੇ ਦਸ਼ਤ ਨਕਾਸ਼ ਏਕ ਤਸਵੀਰੇਂ ਦੋ।
ਤੂ ਕਲਮ ਬੰਦ ਮੈਂ ਜ਼ੁਬਾਂ ਬੰਦ ਹੈ ਬੰਦਸ਼ ਇਕ ਜ਼ੰਜੀਰੇਂ ਦੋ।
ਤੂ ਫਿਕਰਮੰਦ ਮੈਂ ਦਰਦਮੰਦ ਹੈ ਤੀਰੇ ਇਕ ਨਖਤੀਰੇਂ ਦੋ।
ਤੂ ਮੈਂ ਮੇ ਚੂਰ ਮੈਂ ਖੁਦ ਮੇਂ ਚੂਰ ਹੈ ਖਾਬ ਏਕ ਤਾਬੀਰੇਂ ਦੋ।
ਤੇਰੀ ਜੁਦਾ ਪਸੰਦ ਹੈ ਮੇਰੀ ਜੁਦਾ ਪਸੰਦ।
ਤੁਝ ਕੋ ਖੁਦੀ ਪਸੰਦ ਹੈ, ਮੁਝ ਕੋ ਖੁਦਾ ਪਸੰਦ।

ਹੇ ਬਾਦਸ਼ਾਹ ਅਸੀਂ ਦੋਵੇਂ ਹੀ ਰੱਬ ਦੀ ਧਰਤੀ ਤੇ ਰਹਿੰਦੇ ਹਾਂ। ਤੂੰ ਸ਼ਹਿਰ ਵਿਚ ਹੈਂ, ਮੈਂ ਉਜਾੜ ਵਿਚ ਹਾਂ। ਤੂੰ ਤਖ਼ਤ ਤੇ ਬੈਠਦਾ ਹੈਂ, ਮੈਂ ਜ਼ਮੀਨ ਤੇ। ਮੰਨਿਆਂ ਤੂੰ ਫੁੱਲ ਵਰਗਾ ਸੁੰਦਰ ਦਿੱਸਦਾ ਹੈਂ, ਮੈਂ ਮੁਸ਼ਕਿਲਾਂ ਕਾਰਨ ਕੰਡੇ ਵਰਗਾ ਕਰੂਪ ਹਾਂ।

ਪਰ ਤੈਨੂੰ ਤਾਂ ਆਪਣੇ ਰਾਜ ਤਾਜ ਦਾ ਫ਼ਿਕਰ ਹੈ, ਮੈਨੂੰ ਫ਼ਿਕਰ ਹੈ ਦੂਸਰਿਆਂ ਦਾ, ਮੈਨੂੰ ਦਰਦ ਹੈ ਦੁਨੀਆਂ ਦਾ। ਤੈਨੂੰ ਹੰਕਾਰ ਪਸੰਦ ਹੈ, ਮੈਨੂੰ ਕਰਤਾਰ ਪਸੰਦ ਹੈ।

ਰੱਬ ਦੇ ਫ਼ਕੀਰ ਹਮੇਸ਼ਾ ਦਰਦਮੰਦ ਹੁੰਦੇ ਹਨ।

ਪੀਰਾਂ ਦੇ ਪੀਰ ਗੁਰੂ ਨਾਨਕ ਦੇਵ ਜੀ ਇੰਨੇ ਦਰਦਮੰਦ ਸਨ ਕਿ ਬੇੜੀ ਕਿਸੇ ਦੇਸ਼ ਦੀ ਹੋਵੇ, ਕਿਸੇ ਮਨੁੱਖ ਦੀ ਹੋਵੇ, ਡੁਬਦੀ ਬੇੜੀ ਬਚਾਉਣ ਲਈ ਉਹ ਪੁੱਜ ਹੀ ਜਾਂਦੇ ਸਨ। ਭਾਈ ਗੁਰਦਾਸ ਜੀ ਲਿਖਦੇ ਹਨ—

*ਕਲਿ ਤਾਰਨ ਗੁਰੂ ਨਾਨਕ ਆਇਆ॥*

ਕਲਜੁਗ ਜੀਵਾਂ ਦੀ ਬੇੜੀ ਡੋਬਣੀ ਚਾਹੁੰਦਾ ਹੈ, ਬਾਬਾ ਜੀਵਾਂ ਦੀ ਬੇੜੀ ਤਾਰਨੀ ਚਾਹੁੰਦਾ ਹੈ। ਬਾਬੇ ਨੂੰ ਸਾਰੇ ਸੰਸਾਰ ਦਾ ਦੁੱਖ ਨਜ਼ਰੀਂ ਆ ਜਾਂਦਾ ਸੀ।

ਬਾਬਾ ਦੇਖੇ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ।

ਗੁਰੂ ਦੇ ਹੁਕਮ ਨੂੰ ਆਦਰ ਨਾਲ ਮੰਨਣਾ, ਅੰਮ੍ਰਿਤਧਾਰੀ ਹੋਣਾ, ਸਿੱਖੀ ਨੂੰ ਕਮਾਉਣਾ, ਇਹ ਭਉ ਦਾ ਬੇੜਾ ਹੈ।

ਸਤਿਗੁਰੂ ਦੇ ਭਉ ਦਾ ਬੇੜਾ ਹੋਵੇ, ਇਸ ਵਿਚ ਕੋਈ ਛੇਕ ਨਹੀਂ, ਡੁੱਬਣ ਦਾ ਡਰ ਨਹੀਂ। ਗੁਰੂ ਮਲਾਹ ਇੰਨਾ ਸੁਚੇਤ ਹੈ ਕਿ ਸਿੱਖ ਨੂੰ ਹਰ ਖਤਰੇ ਤੋਂ ਸਾਵਧਾਨ ਕਰਦਾ ਹੈ। ਸਿੱਖ ਜ਼ਰੂਰ ਪਾਰ ਹੁੰਦਾ ਹੈ।

*ਦੀਨ ਦਇਆਲ ਭਰੋਸੇ ਤੇਰੇ॥*
*ਸਭੁ ਪਰਵਾਰੁ ਚੜਾਇਆ ਬੇੜੇ॥*

—ਗਉੜੀ ਕਬੀਰ ਜੀ, ਪੰਨਾ ੩੩੭

Sri Satguru Jagjit Singh Ji eLibrary NamdhariElibrary@gmail.com

*ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥*
*ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਨ ਰਹੈ ਸੁਚੇਤਿ ॥*

—ਸਲੋਕ ਫ਼ਰੀਦ ਜੀ, ਪੰਨਾ ੧੩੮੨

ਮਨ ਸਤਿਗੁਰੂ ਦੀ ਭੇਟ ਕਰ ਦੇਣਾ, ਹੁਣ ਮਰਜ਼ੀ ਸਤਿਗੁਰੂ ਦੀ ਹੀ ਚਲੇਗੀ ਆਪਣੇ ਮਨ ਦੀ ਨਹੀਂ। ਤਨ ਸਤਿਗੁਰੂ ਦੀ ਭੇਟ ਕਰ ਦੇਣਾ, ਤਨ ਨਾਲ ਹੁਣ ਸਤਿਗੁਰੂ ਦੀ ਦੱਸੀ ਸੇਵਾ ਹੀ ਹੋਵੇਗੀ, ਕੋਈ ਐਸਾ ਕਰਮ ਨਹੀਂ ਹੋਵੇਗਾ ਜੋ ਪਰਮਾਤਮਾ ਤੋਂ ਦੂਰ ਕਰੇ। ਧਨ ਨਾਲ ਪਰਉਪਕਾਰ ਦੇ ਸ਼ੁਭ ਕੰਮ ਹੋਣਗੇ, ਕੋਈ ਬੁਰਾ ਨਹੀਂ ਹੋਵੇਗਾ ਕਿਉਂਕਿ ਤਨ-ਮਨ-ਧਨ ਗੁਰੂ ਦੇ ਬੇੜੇ ਵਿਚ ਬੈਠ ਗਿਆ ਹੈ। ਉਸ ਸਿੱਖ ਦਾ ਬੇੜਾ ਅਵੱਸ਼ ਹੀ ਪਾਰ ਲੱਗਦਾ ਹੈ ਜੋ ਤਨ-ਮਨ-ਧਨ ਸਮੇਤ ਪਰਮਾਤਮਾ ਦੇ ਭਉ ਦੇ ਬੇੜੇ ਵਿਚ ਬੈਠ ਜਾਂਦਾ ਹੈ।

ਬੇ-ਅਦਬ ਮਨ ਨੂੰ ਸਤਿਗੁਰੂ ਦੇ ਅਦਬ ਦੇ ਤੀਰਥ ਦੀ ਯਾਤਰਾ ਕਰਾਉਣੀ, ਧਰਮ ਉਹ ਹੈ ਜਿਸ ਨੇ ਸਭ ਨੂੰ ਥੰਮ੍ਹਿਆ ਹੈ। ਧਰਮ ਸਭ ਦਾ ਸਹਾਰਾ ਹੈ। ਧਰਮੀ ਵੀ ਉਹ ਹੈ ਜੋ ਹਰ ਇਕ ਡੋਲਦੇ ਨੂੰ ਥੰਮ੍ਹਦਾ ਹੈ ਅਤੇ ਹਰ ਬੇਸਹਾਰੇ ਦਾ ਸਹਾਰਾ ਹੈ। ਇਹੀ ਹੈ ਧਰਮ ਦੀ ਯਾਤਰਾ।

ਭੁੱਲਾਂ ਦੀ ਖ਼ਿਮਾ !

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਿਹ॥

Sri Satguru Jagjit Singh Ji eLibrary NamdhariElibrary@gmail.com

ਇਸ ਪੁਸਤਕ ਦੇ ਲੇਖਕ



ਸਿੰਘ ਸਾਹਿਬ

## ਗਿਆਨੀ ਜਸਵੰਤ ਸਿੰਘ ਪ੍ਰਵਾਨਾ

Title : Sukhwant Singh

Sri Satguru Jagjit Singh Ji eLibrary NamdhariElibrary@gmail.com